ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 Editor : Sharanjit Singh Thind Weekly

Vol. 13 Issue 52 Tuesday October 09 to October 15, 2018 www.PUNJABIDUNIYA.com Published Weekly from New York

Watch & Subscribe on YouTube/ Facebook

Josh india tv

## ਨਿੱਕੀ ਹੇਲੀ ਨੇ ਆਪਣੇ ਅਹੁਦੇ ਤੋਂ ਦਿੱਤਾ ਅਸਤੀਫਾ



ਪੰਜਾਬੀ ਦੁਨੀਆ

***********************

ਅਮਰੀਕਾ ਦੀ ਸੰਯੁਕਤ ਰਾਸ਼ਟਰ ਵਿੱਚ ਰਾਜਦੂਤ ਨਿੱਕੀ ਹੇਲੀ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਨਿੱਕੀ ਹੇਲੀ ਦਾ ਅਸਤੀਫਾ ਮਨਜ਼ੂਰ ਵੀ ਕਰ ਲਿਆ ਹੈ। ਦੱਖਣੀ ਕੈਰੋਲਾਈਨਾ ਦੇ ਸਾਬਕਾ ਗਵਰਨਰ ਹੇਲੀ ਦਾ ਅਸਤੀਫਾ ਟਰੰਪ ਪ੍ਰਸ਼ਾਸਨ ਲਈ ਇੱਕ ਹੈਰਾਨ ਕਰ ਦੇਣ ਵਾਲੀ ਖ਼ਬਰ ਹੈ ਵ੍ਹਾਈਟ ਹਾਊਸ ਨੇ ਇਸ ਬਾਰੇ ਅਜੇ ਕੋਈ ਪੁਸ਼ਟੀ ਨਹੀਂ ਕੀਤੀ ਹੈ ਪਰ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਕਿਹਾ ਹੈ ਕਿ ਉਹ ਨਿੱਕੀ ਹੇਲੀ ਨਾਲ ਜਲਦ ਇੱਕ ਐਲਾਨ ਕਰਨਗੇ। ਇਹ ਐਲਾਨ ਉਨ੍ਹਾਂ ਵੱਲੋਂ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ ਦੇ ਪ੍ਰਧਾਨ ਦੇ ਅਹੁਦੇ 'ਤੇ ਇੱਕ ਮਹੀਨੇ ਤੱਕ ਬਣੇ ਰਹਿਣ ਤੋਂ ਬਾਅਦ ਆਇਆ ਹੈ। 2020 ਦੀਆਂ ਰਾਸ਼ਟਰਪਤੀ ਚੋਣਾਂ ਲੜਨ ਬਾਰੇ ਨਿੱਕੀ ਹੇਲੀ ਨੇ ਕਿਹਾ, ਮੈਂ 2020 ਵਿੱਚ ਹੋਣ ਵਾਲੀਆਂ ਚੋਣਾਂ ਨਹੀਂ ਲੜਨ ਜਾ ਰਹੀ ਸਗੋਂ ਮੈਂ 2020 ਵਿੱਚ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਲਈ ਪ੍ਰਚਾਰ ਕਰਾਂਗੀ।

ਅਮਰੀਕੀ ਰਾਸ਼ਟਰਪਤੀ ਨੇ ਕਿਹਾ, "ਨਿੱਕੀ ਮੇਰੇ ਲਈ ਬੇਹੱਦ ਖ਼ਾਸ ਹੈ ਅਤੇ ਸੰਯੁਕਤ ਰਾਸ਼ਟਰ ਦੇ ਰਾਜਦੂਤ ਹੋਣ ਵਜੋਂ ਸ਼ਾਨਦਾਰ ਕੰਮ ਕੀਤਾ ਹੈ।" ਡੌਨਲਡ ਟਰੰਪ ਨੇ ਕਿਹਾ ਕਿ ਨਿੱਕੀ ਹੇਲੀ ਨੇ 6 ਮਹੀਨੇ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਉਹ ਕੁਝ ਵਕਤ ਲਈ ਬ੍ਰੇਕ ਚਾਹੁੰਦੇ ਹਨ।

**ਕੌਣ ਹਨ ਨਿੱਕੀ ਹੇਲੀ ?**

ਨਿੱਕੀ ਹੇਲੀ ਭਾਰਤੀ ਮੂਲ ਦੇ ਹਨ। ਉਨ੍ਹਾਂ ਦਾ ਪਹਿਲਾਂ ਨਾਂ ਨਿਮਰਤ ਰੰਧਾਵਾ ਸੀ। ਸਿੱਖ ਪਰਿਵਾਰ ਵਿੱਚ ਜੰਮੀ ਨਿੱਕੀ ਨੇ ਬਾਅਦ ਵਿੱਚ ਈਸਾਈ ਧਰਮ ਧਾਰਨ ਕਰ ਲਿਆ ਸੀ। 13 ਸਾਲ ਦੀ ਉਮਰ ਵਿੱਚ ਨਿੱਕੀ ਆਪਣੇ ਪਰਿਵਾਰ ਦੇ ਸਟੋਰ ਦੇ ਖਾਤੇ ਸਾਂਭਦੀ ਸੀ। 2010 ਵਿੱਚ ਨਿੱਕੀ ਹੇਲੀ ਦੱਖਣੀ ਕੈਰੋਲਾਈਨਾ ਦੀ ਪਹਿਲੀ ਮਹਿਲਾ ਅਤੇ ਘੱਟ ਗਿਣਤੀ ਦੀ ਗਵਰਨਰ ਬਣੀ ਸੀ। 2014 ਵਿੱਚ ਉਹ ਮੁੜ ਤੋਂ ਗਵਰਨਰ ਦੇ ਅਹੁਦੇ ਲਈ ਚੁਣੀ ਗਈ। ਉਹ 2016 ਤੱਕ ਇਸ ਅਹੁਦੇ 'ਤੇ ਰਹੀ। ਨਿੱਕੀ ਹੇਲੀ ਦਾ ਵਿਆਹ ਆਰਮੀ ਨੈਸ਼ਨਲ ਗਾਰਡ ਦੇ ਕੈਪਟਨ ਮਾਈਕਲ ਹੇਲੀ ਨਾਲ ਹੋਇਆ ਹੈ ਅਤੇ ਉਨ੍ਹਾਂ ਦੇ ਦੋ ਬੱਚੇ ਹਨ।

## ਕਾਟਸਾ ਪਾਬੰਦੀ 'ਤੇ ਭਾਰਤ ਜਲਦ ਮੇਰੇ ਫੈਸਲੇ ਤੋਂ ਜਾਣੂ ਹੋਵੇਗਾ : ਟਰੰਪ



ਵਾਸ਼ਿੰਗਟਨ— ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੁੱਧਵਾਰ ਨੂੰ ਕਿਹਾ ਕਿ ਰੂਸ ਤੋਂ ਪੰਜ ਅਰਬ ਡਾਲਰ ਦੇ ਐੱਸ-400 ਹਵਾਈ ਰੱਖਿਆ ਪ੍ਰਣਾਲੀ ਖਰੀਦ ਸੌਦੇ 'ਤੇ ਭਾਰਤ ਜਲਦ ਹੀ ਦਡੰਯੋਗ ਪਾਬੰਦੀਆਂ 'ਤੇ ਉਨ੍ਹਾਂ ਦੇ ਫੈਸਲੇ ਤੋਂ ਜਾਣੂ ਹੋਵੇਗਾ। 'ਕਾਉਂਟਰਿੰਗ ਅਮੇਰੀਕਾਜ ਐਡਵਰਸਰੀਜ ਥਰੂ ਸੈਕਸ਼ੰਸ ਐਕਟ' (ਕਾਟਸਾ) ਦੇ ਤਹਿਤ ਰੂਸ ਨਾਲ ਹਥਿਆਰ ਸੌਦੇ 'ਤੇ ਅਮਰੀਕੀ ਪਾਬੰਦੀਆਂ ਨਾਲ ਭਾਰਤ ਨੂੰ ਛੋਟ ਦੇਣ ਦਾ ਅਧਿਕਾਰ ਸਿਰਫ ਟਰੰਪ ਕੋਲ ਹੀ ਹੈ।

ਭਾਰਤ ਤੇ ਰੂਸ ਵਿਚਾਲੇ ਹੋਏ ਸੌਦੇ ਬਾਰੇ ਪੁੱਛੇ ਜਾਣ 'ਤੇ ਟਰੰਪ ਨੇ ਓਵਲ ਆਫਿਸ 'ਚ ਕਿਹਾ, "ਭਾਰਤ ਨੂੰ ਪਤਾ ਲੱਗ ਜਾਵੇਗਾ। ਭਾਰਤ ਨੂੰ ਪਤਾ ਲੱਗਣ ਜਾ ਰਿਹਾ ਹੈ। ਤੁਸੀਂ ਜਲਦ ਹੀ ਦੇਖੋਗੇ।" ਟਰੰਪ ਨੇ ਇਹ ਵੀ ਕਿਹਾ ਕਿ ਈਰਾਨ ਨਾਲ 4 ਨਵੰਬਰ ਦੀ ਸਮਾਂ ਸੀਮਾ ਤੋਂ ਬਾਅਦ ਤੇਲ ਦਰਾਮਦ ਜਾਰੀ ਰੱਖਣ ਵਾਲੇ ਦੇਸ਼ ਬਾਰੇ ਅਮਰੀਕਾ ਦੇਖੇਗਾ। ਭਾਰਤ ਤੇ ਚੀਨ ਵਰਗੇ ਦੇਸ਼ਾਂ ਦੇ ਈਰਾਨ ਨਾਲ ਤੇਲ ਦਰਾਮਦ ਜਾਰੀ ਰੱਖਣ ਬਾਰੇ ਪੁੱਛੇ ਜਾਣ 'ਤੇ ਟਰੰਪ ਨੇ ਕਿਹਾ, "ਅਸੀਂ ਦੇਖਾਂਗੇ।"

## ਅਮਰੀਕਾ ਨੇ ਚੀਨੀ ਖੁਫੀਆ ਅਧਿਕਾਰੀ ਨੂੰ ਕੀਤਾ ਗ੍ਰਿਫਤਾਰ, ਲੱਗੇ ਕਈ ਦੋਸ਼



ਵਾਸ਼ਿੰਗਟਨ — ਫੈਡਰਲ ਏਜੰਸੀਆਂ ਨੇ ਮੰਗਲਵਾਰ ਨੂੰ ਚੀਨ ਦੇ ਫੌਜੀ ਖੁਫੀਆ ਅਧਿਕਾਰੀ ਨੂੰ ਗ੍ਰਿਫਤਾਰ ਕੀਤਾ ਹੈ, ਜਿਸ 'ਤੇ ਤਕਨਾਲੋਜੀ ਕੰਪਨੀਆਂ ਦੇ ਡਾਟਾ ਚੋਰੀ ਕਰਨ, ਟ੍ਰੇਡ ਅਤੇ ਇਕਨਾਮਿਕ ਦੀਆਂ ਖੁਫੀਆ ਜਾਣਕਾਰੀਆਂ ਹਾਸਲ ਕਰ ਗਲਤ ਇਸਤੇਮਾਲ ਕਰਨ ਅਤੇ ਹੋਰ ਕਈ ਦੋਸ਼ ਲਾਏ ਹਨ। ਜਿਸ ਦੀ ਪਛਾਣ ਯਾਂਜੁਨ ਸ਼ੂ ਦੇ ਨਾਂ ਵੱਜੋਂ ਕੀਤੀ ਗਈ ਹੈ, ਇਹ ਜਾਣਕਾਰੀ ਬੁੱਧਵਾਰ ਨੂੰ ਜਸਟਿਸ ਡਿਪਾਰਟਮੈਂਟ ਨੇ ਦਿੱਤੀ। ਡਿਪਾਰਟਮੈਂਟ ਨੇ ਦੱਸਿਆ ਕਿ ਸ਼ੂ ਨੂੰ 2013 'ਚ ਦੁਨੀਆ ਦੇ ਕਈ ਐਵੀਏਸ਼ਨ ਅਤੇ ਏਅਰੋਸਪੇਸ ਕੰਪਨੀਆਂ ਸਮੇਤ ਅਮਰੀਕਾ ਦੀ ਜੀ. ਈ. ਐਵੀਏਸ਼ਨ ਕੰਪਨੀ ਨੂੰ ਨਿਸ਼ਾਨਾ ਬਣਾਇਆ ਗਿਆ ਸੀ।(ਬਾਕੀ ਸਫਾ 11 'ਤੇ)

## ਹੁਣ ਮਨਜੀਤ ਸਿੰਘ ਜੀਕੇ ਨੇ ਖੋਲ੍ਹਿਆ ਅਕਾਲੀ ਦਲ ਵਿਰੁਧ ਮੋਰਚਾ

### ਸ਼੍ਰੋਮਣੀ ਅਕਾਲੀ ਦਲ ਵਿਚ ਪੈਦਾ ਹੋਇਆ ਸੰਕਟ ਹੋਰ ਗਹਿਰਾਉਂਦਾ ਜਾ ਰਿਹਾ ਹੈ। ਪਾਰਟੀ ਤੋਂ ਸੀਨੀਅਰ ਲੀਡਰਾਂ ਦੀ ਨਾਰਾਜ਼ਗੀ ਦੇ ਸੁਰ ਹੁਣ ਪੰਜਾਬ ਤੋਂ ਦਿੱਲੀ ਤਕ ਪਹੁੰਚ ...



ਨਵੀਂ ਦਿੱਲੀ : ਸ਼੍ਰੋਮਣੀ ਅਕਾਲੀ ਦਲ ਵਿਚ ਪੈਦਾ ਹੋਇਆ ਸੰਕਟ ਹੋਰ ਗਹਿਰਾਉਂਦਾ ਜਾ ਰਿਹਾ ਹੈ। ਪਾਰਟੀ ਤੋਂ ਸੀਨੀਅਰ ਲੀਡਰਾਂ ਦੀ ਨਾਰਾਜ਼ਗੀ ਦੇ ਸੁਰ ਹੁਣ ਪੰਜਾਬ ਤੋਂ ਦਿੱਲੀ ਤਕ ਪਹੁੰਚ ਗਏ ਹਨ। ਪਾਰਟੀ ਦੇ ਸੀਨੀਅਰ ਲੀਡਰ ਸੁਖਦੇਵ ਸਿੰਘ ਢੀਂਡਸਾ ਦੇ ਅਸਤੀਫ਼ੇ ਤੋਂ ਸ਼ੁਰੂ ਹੋਇਆ ਬਗ਼ਾਵਤਾਂ ਦਾ ਸਿਲਸਿਲਾ ਲਗਾਤਾਰ ਵਧਦਾ ਹੀ ਜਾ ਰਿਹਾ ਹੈ। ਢੀਂਡਸਾ ਤੋਂ ਬਾਅਦ ਮਾਝੇ ਦੇ ਤਿੰਨ ਟਕਸਾਲੀ ਆਗੂਆਂ ਦੀ ਬਗ਼ਾਵਤ ਦੇ ਸੁਰ ਹਾਲੇ ਠੰਡੇ ਨਹੀਂ ਹੋਏ ਕਿ ਹੁਣ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਵੀ ਪ੍ਰਧਾਨਗੀ ਤੋਂ ਕਿਨਾਰਾ ਕਰਦਿਆਂ ਅਕਾਲੀ ਦਲ ਵਿਰੁਧ ਮੋਰਚਾ ਖੋਲ੍ਹ ਦਿਤਾ ਹੈ। ਮਨਜੀਤ ਸਿੰਘ ਜੀਕੇ ਨੇ ਆਪਣਾ ਕੰਮਕਾਜ ਠੱਪ ਕਰਦਿਆਂ ਕਮੇਟੀ ਦੇ ਦਫ਼ਤਰ ਜਾਣਾ ਵੀ ਛੱਡ ਦਿਤਾ ਹੈ। ਅਪਣੇ ਤੋਂ ਬਾਅਦ ਉਨ੍ਹਾਂ ਨੇ ਕਮੇਟੀ ਦਾ ਕਾਰਜਭਾਰ ਗੁਰੂ ਘਰਾਂ ਦੇ ਪ੍ਰਬੰਧਨ ਤੇ ਦਫ਼ਤਰੀ ਕੰਮਕਾਜ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਪੀ.ਐਸ. ਕਾਲਕਾ ਨੂੰ ਸੰਭਾਲ ਦਿਤਾ ਹੈ। ਭਾਵੇਂ ਕਿ ਉਹ ਪੰਜ ਅਕਤੂਬਰ ਤੋਂ ਹੀ ਦਫ਼ਤਰ ਨਹੀਂ ਆ ਰਹੇ ਪਰ ਅੱਜ ਸਾਰੇ ਪਾਸੇ ਉਨ੍ਹਾਂ ਦੇ ਅਸਤੀਫ਼ੇ ਦੀ ਖ਼ਬਰ ਅੱਗ ਵਾਂਗ ਫੈਲ ਗਈ। ਇਸ ਮਾਮਲੇ ਨੂੰ ਲੈ ਕੇ ਭਾਵੇਂ ਕਿ ਮਨਜੀਤ ਸਿੰਘ ਜੀਕੇ ਦੇ ਬੋਲਾਂ ਵਿਚੋਂ ਪਾਰਟੀ ਪ੍ਰਤੀ ਬਗ਼ਾਵਤੀ ਸੁਰਾਂ ਸਾਫ਼ ਝਲਕ ਰਹੀਆਂ ਸਨ। ਇਸ ਦੇ ਨਾਲ ਹੀ ਜੀਕੇ ਨੇ ਪਾਰਟੀ ਵਿਚ ਹੋਏ ਕੁੱਝ ਗ਼ਲਤ ਫ਼ੈਸਲਿਆਂ ਦੀ ਗੱਲ ਨੂੰ ਵੀ ਸਵੀਕਾਰ ਕੀਤਾ। ਉਨ੍ਹਾਂ ਕਿਹਾ ਕਿ ਉਹ ਹਮੇਸ਼ਾਂ ਤੋਂ ਸੌਦਾ ਸਾਧ ਨੂੰ ਮੁਆਫ਼ੀ ਦੇਣ ਦੇ ਵਿਰੋਧ ਵਿਚ ਸਨ...ਪਰ ਉਸ ਸਮੇਂ ਪਾਰਟੀ ਹਾਈਕਮਾਨ ਦਾ ਫ਼ੈਸਲਾ ਉਨ੍ਹਾਂ ਦੀ ਸੋਚ ਤੋਂ ਉਲਟ ਸੀ।ਦਸ ਦਈਏ ਕਿ ਪਿਛਲੇ ਦਿਨੀਂ ਅਮਰੀਕਾ ਵਿਚ ਯੂਬਾ ਸਿਟੀ ਦੇ ਗੁਰਦੁਆਰਾ ਸਾਹਿਬ ਦੇ ਬਾਹਰ ਬੇਅਦਬੀਆਂ ਤੇ ਡੇਰਾ ਸਿਰਸਾ ਮੁਖੀ ਨੂੰ ਮੁਆਫ਼ੀ ਨੂੰ ਲੈ ਕੇ ਅਕਾਲੀ ਦਲ ਦਾ ਸਾਥ ਦੇਣ 'ਤੇ ਕੁੱਝ ਸਿੱਖ ਨੌਜਵਾਨਾਂ ਵਲੋਂ ਜੀ.ਕੇ. ਦੀ ਕੁੱਟਮਾਰ ਕੀਤੀ ਗਈ ਸੀ। **(ਬਾਕੀ ਸਫਾ 11 'ਤੇ)**

## ...ਤਾਂ ਇਸ ਲਈ ਟਰੂਡੋ ਦੀ ਥਾਂ ਐਂਡਰਿਊ ਸ਼ੀਅਰ ਨੂੰ ਦਿੱਤੀ ਜਾ ਰਹੀ ਹੈ ਜ਼ਿਆਦਾ ਤਵੱਜੋਂ



ਚੰਡੀਗੜ੍ਹ : ਕੈਨੇਡਾ ਸਰਕਾਰ ਵਿਚ ਵਿਰੋਧੀ ਧਿਰ ਦੇ ਨੇਤਾ ਅਤੇ ਕੰਜ਼ਰਵੇਟਿਵ ਪਾਰਟੀ ਦੇ ਮੁਖੀ ਐਂਡਰਿਊ ਸ਼ੀਅਰ ਭਾਰਤ ਦੌਰੇ 'ਤੇ ਹਨ। ਇਕ ਗੱਲ ਜੋ ਅਜੇ ਤਕ ਮੀਡੀਆ ਤੋਂ ਲੁਕੀ ਰਹੀ ਹੈ, ਉਹ ਇਹ ਹੈ ਕਿ ਐਂਡਰਿਊ ਸ਼ੀਅਰ ਦਾ ਭਾਰਤ ਆਉਣ 'ਤੇ ਸਵਾਗਤ ਕਿਸ ਨੇ ਕੀਤਾ ? ਪਰ ਇੰਨਾ ਜ਼ਰੂਰ ਪਤਾ ਲੱਗਾ ਹੈ ਕਿ ਇਸੇ ਸਾਲ ਫਰਵਰੀ ਮਹੀਨੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਭਾਰਤ ਦੌਰੇ ਦੇ ਉਲਟ ਵਿਰੋਧੀ ਧਿਰ ਦੇ ਨੇਤਾ ਐਂਡਰਿਊ ਸ਼ੀਅਰ ਦਾ ਕੇਂਦਰ ਅਤੇ ਪੰਜਾਬ ਸਰਕਾਰ ਦੋਹਾਂ ਵਲੋਂ ਰੈੱਡ ਕਾਰਪੇਟ ਦਾ ਸਵਾਗਤ ਕੀਤਾ ਗਿਆ ਸੀ।

ਭਾਰਤ ਦੌਰੇ 'ਤੇ ਆਉਣ ਦੇ ਦੂਜੇ ਐਂਡਰਿਊ ਨੇ ਮੰਗਲਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਬੁੱਧਵਾਰ ਨੂੰ ਐਂਡਰਿਊ ਆਪਣੀ ਪਤਨੀ ਜਿਲ ਸ਼ੀਅਰ ਅਤੇ ਕੈਨੇਡਾ ਦੇ ਮੈਂਬਰ ਪਾਰਲੀਮੈਂਟ ਬੌਬ ਸਰੋਆ ਤੋਂ ਇਲਾਵਾ ਰਮੋਨਾ ਸਿੰਘ, ਬੌਬ ਦੋਸਾਂਝ ਨਾਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ। ਇਸ ਤੋਂ ਬਾਅਦ ਐਂਡਰਿਊ ਨੇ ਚੰਡੀਗੜ੍ਹ 'ਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕੀਤੀ। ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਭਾਰਤ ਦੌਰਾ ਵਿਵਾਦਾਂ ਵਿਚ ਫਸ ਗਿਆ, ਕਿਉਂਕਿ ਕੇਂਦਰ ਅਤੇ ਪੰਜਾਬ ਦੇ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ ਸੀ। (ਬਾਕੀ ਸਫਾ 11 'ਤੇ)

ਘੱਟ ਲਾਗਤ ਬੀਮਾ

× ਵਪਾਰ × ਦੇਣਦਾਰੀ × ਅਪਾਹਜਤਾ × ਵਰਕਰਜ਼ ਕੰਪ × E & O × ਆਟੋ × ਘਰ

Tel :917-612-3158

(See Full Page Advt. on Page 13)

# ਪਾਕਿਸਤਾਨ ਦੀ ਔਰਤ ਜਿਸ ਨੂੰ ਪਿਆਸ ਕਾਰਨ ਮਿਲ ਸਕਦੀ ਹੈ ਮੌਤ ਦੀ ਸਜ਼ਾ




## ਆਖ਼ਿਰ ਕੀ ਹੈ ਪੂਰਾ ਮਾਮਲਾ ?

ਇਹ ਪੂਰਾ ਮਾਮਲਾ 14 ਜੂਨ 2009 ਦਾ ਹੈ, ਜਦੋਂ ਇੱਕ ਦਿਨ ਅਸੀਆ ਨੂਰੀਨ ਆਪਣੇ ਘਰ ਦੇ ਕੋਲ ਫਾਲਸੇ ਦੇ ਬ.ਗੀਚੇ 'ਚ ਦੂਜੀਆਂ ਔਰਤਾਂ ਨਾਲ ਕੰਮ ਕਰ ਪਹੁੰਚੀ ਤਾਂ ਉਨ੍ਹਾਂ ਦੇ ਨਾਲ ਕੰਮ ਕਰਨ ਵਾਲੀਆਂ ਔਰਤਾਂ ਨਾਲ ਲੜਾਈ ਹੋ ਗਈ। ਅਸੀਆ ਨੇ ਆਪਣੀ ਕਿਤਾਬ 'ਚ ਇਸ ਘਟਨਾ ਨੂੰ ਲੜੀਵਾਰ ਬਿਆਨ ਕੀਤਾ ਹੈ। ਅੰਗਰੇਜ਼ੀ ਵੈਬਸਾਈਟ ਨਿਊਯਾਰਕ ਪੋਸਟ ਵਿੱਚ ਛਪੇ ਇਸ ਕਿਤਾਬ ਦੇ ਹਿੱਸੇ ਵਿੱਚ ਅਸੀਆ ਲਿਖਦੀ ਹੈ, "ਮੈਂ ਅਸੀਆ ਬੀਬੀ ਹਾਂ, ਜਿਸ ਪਿਆਸ ਲੱਗਣ ਕਾਰਨ ਮੌਤ ਦੀ ਸਜ਼ਾ ਦਿੱਤੀ ਗਈ ਹੈ। ਮੈਂ ਜੇਲ੍ਹ 'ਚ ਹਾਂ ਕਿਉਂਕਿ ਮੈਂ ਉਸੇ ਕੱਪ 'ਚ ਪਾਣੀ ਪੀਤਾ ਜਿਸ ਵਿੱਚ ਮੁਸਲਮਾਨ ਔਰਤਾਂ ਪਾਣੀ ਪੀਂਦੀਆਂ ਸਨ। ਕਿਉਂਕਿ ਇੱਕ ਈਸਾਈ ਔਰਤ ਦੇ ਹੱਥੋਂ ਮਿਲਿਆ ਪਾਣੀ ਪੀਣਾ ਮੇਰੇ ਨਾਲ ਕੰਮ ਕਰਨ ਵਾਲੀਆਂ ਔਰਤਾਂ ਮੁਤਾਬਕ .ਗਲਤ ਸੀ।" 14 ਜੂਨ ਦੀ ਘਟਨਾ ਬਾਰੇ ਦੱਸਦੇ ਹੋਏ ਅਸੀਆ ਲਿਖਦੀ ਹੈ, "ਮੈਨੂੰ ਅੱਜ ਵੀ 14 ਜੂਨ 2009 ਦੀ ਤਰੀਕ ਯਾਦ ਹੈ। ਇਸ ਤਰੀਕ ਨਾ "ਮੈਨੂੰ ਇਹ ਸੁਣ ਕੇ ਬਹੁਤ ਬੁਰਾ ਲੱਗਾ ਕਿਉਂਕਿ ਮੈਨੂੰ ਧਰਮ 'ਤੇ ਵਿਸ਼ਵਾਸ ਹੈ। ਇਸ ਤੋਂ ਬਾਅਦ ਮੈਂ ਕਿਹਾ- ਮੈਂ ਧਰਮ ਨਹੀਂ ਬਦਲਾਂਗੀ ਕਿਉਂਕਿ ਮੈਨੂੰ ਈਸਾਈ ਧਰਮ 'ਤੇ ਭਰੋਸਾ ਹੈ। ਈਸਾ ਮਸੀਹ ਨੇ ਮਨੁੱਖਤਾ ਲਈ ਸਲੀਬ 'ਤੇ ਆਪਣੀ ਜਾਨ ਦੇ ਦਿੱਤੀ। ਤੁਹਾਡੇ ਪੈਗੰਬਰ ਮੁਹੰਮਦ ਨੇ ਮਨੁੱਖਤਾ ਲਈ ਕੀ ਕੀਤਾ ?"

ਪਾਕਿਸਤਾਨ ਦੀਆਂ ਸੜਕਾਂ 'ਤੇ ਤੁਰਦਿਆਂ ਜੇਕਰ ਤੁਸੀਂ ਕਿਸੇ ਨੂੰ ਪੁੱਛੋਗੇ ਕਿ ਅਸੀਆ ਬੀਬੀ ਕੌਣ ਹੈ ਤਾਂ ਜਵਾਬ ਮਿਲੇਗਾ... ਅਸੀਆ ਬੀਬੀ ਉਹ ਹੈ ਜਿਨ੍ਹਾਂ ਪੈਗੰਬਰ ਮੁਹੰਮਦ ਦਾ ਅਪਮਾਨ ਕੀਤਾ ਸੀ ਅਤੇ ਇਸ ਲਈ ਉਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ। ਪਰ ਇਹ ਸ਼ਾਇਦ ਮੁਕੰਮਲ ਜਵਾਬ ਨਹੀਂ ਹੋਵੇਗਾ ਕਿਉਂਕਿ ਅਸੀਆ ਬੀਬੀ ਯਾਨਿ ਅਸੀਆ ਨੂਰੀਨ ਪਾਕਿਸਤਾਨ ਦੀ ਪਹਿਲੀ ਈਸਾਈ ਮਹਿਲਾ ਹੈ, ਜਿਨ੍ਹਾਂ ਨੂੰ ਕਥਿਤ ਤੌਰ 'ਤੇ ਪੈਗੰਬਰ ਮੁਹੰਮਦ ਦਾ ਅਪਮਾਨ ਕਰਨ ਦੇ ਮਾਮਲੇ 'ਚ ਮੌਤ ਦੀ ਸਜ਼ਾ ਮਿਲੀ ਹੈ। ਸਾਲ 2010 'ਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਅਸੀਆ ਬੀਬੀ ਜੇਲ੍ਹ ਦੀਆਂ ਸਲਾਖਾਂ ਪਿੱਛੇ ਹੈ। ਇਸ ਤੋਂ ਬਾਅਦ ਅਸੀਆ ਬੀਬੀ ਦੇ ਵਕੀਲ ਕਈ ਵਾਰ ਉਨ੍ਹਾਂ ਦੀ ਸਜ਼ਾ ਮੁਆਫ ਕਰਾਉਣ ਦੀਆਂ ਕੋਸ਼ਿਸ਼ਾਂ ਕਰ ਚੁੱਕੇ ਹਨ। ਸਾਲ 2016 'ਚ ਵੀ ਸੁਪਰੀਮ ਕੋਰਟ 'ਚ ਸਜ਼ਾ 'ਤੇ ਮੁੜ ਵਿਚਾਰ ਕਰਨ ਲਈ ਪਟੀਸ਼ਨ ਨੂੰ ਲੈ ਕੇ ਸੁਣਵਾਈ ਕੀਤੀ ਸੀ। ਇਸ ਤੋਂ ਬਾਅਦ ਹੁਣ 8 ਅਕਤੂਬਰ 2018 ਨੂੰ ਅਸੀਆ ਬੀਬੀ ਦੇ ਵਕੀਲਾਂ ਨੇ ਇੱਕ ਵਾਰ ਫੇਰ ਸੁਪਰੀਮ ਕੋਰਟ 'ਚ ਸਜ਼ਾ 'ਤੇ ਮੁੜ ਵਿਚਾਰ ਕਰਨ ਦੀਆਂ ਦਲੀਲਾਂ ਦਿੱਤੀਆਂ। ਸੁਪਰੀਮ ਕੋਰਟ ਨੇ ਇਸ ਮਸਲੇ 'ਤੇ ਸੁਣਵਾਈ ਤੋਂ ਬਾਅਦ ਆਪਣੇ .ਫ਼ੈਸਲੇ ਨੂੰ ਸੁਰੱਖਿਅਤ ਰੱਖਿਆ ਹੈ।

**ਸਲਾਖਾਂ ਪਿੱਛੋਂ ਜੰਗ ਜਾਰੀ**

ਅਸੀਆ ਬੀਬੀ ਨੂੰ ਮਿਲੀ ਸਜ਼ਾ ਦੇ ਮਾਮਲੇ 'ਚ ਉਨ੍ਹਾਂ ਦੇ ਪਤੀ ਨੇ ਸਾਲ 2014 'ਚ ਲਾਹੌਰ ਹਾਈ ਕੋਰਟ ਵਿੱਚ ਪਟੀਸ਼ਨ ਦਾਖ਼ਲ ਕੀਤੀ ਜਿਸ ਨੂੰ ਖਾਰਿਜ ਕਰ ਦਿੱਤਾ ਗਿਆ। ਇਸ ਤੋਂ ਬਾਅਦ ਸਾਲ 2015 ਵਿੱਚ ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਅਸੀਆ ਬੀਬੀ ਨੂੰ ਅਪੀਲ ਕਰਨ ਦੇਣ ਲਈ ਮੌਤ ਦੀ ਸਜ਼ਾ ਨੂੰ ਮੁਲਤਵੀ ਕਰ ਦਿੱਤਾ।

ਕਈ ਯਤਨਾਂ ਤੋਂ ਬਾਅਦ ਸਾਲ 2018 ਵਿੱਚ ਅਸੀਆ ਬੀਬੀ ਦੇ ਮਾਮਲੇ ਵਿੱਚ ਪਾਕਿਸਤਾਨੀ ਸੁਪਰੀਮ ਕੋਰਟ ਨੇ ਸੁਣਵਾਈ ਕੀਤੀ ਹੈ। ਪਰ ਜੇਕਰ ਅਸੀਆ ਬੀਬੀ ਨੂੰ ਇਸ ਵਾਰ ਵੀ ਅਦਾਲਤ ਵੱਲੋਂ ਰਾਹਤ ਨਹੀਂ ਮਿਲੀ ਤਾਂ ਉਨ੍ਹਾਂ ਨੂੰ ਪਾਕਿਸਤਾਨ ਦੇ ਰਾਸ਼ਟਰਪਤੀ ਦੇ ਸਾਹਮਣੇ ਦਯਾ ਲਈ ਪਟੀਸ਼ਨ ਲੈ ਕੇ ਜਾਣਾ ਪਵੇਗਾ।

## ਪਿਆਸ ਤੋਂ ਈਸ਼ਨਿੰਦਾ ਤੱਕ ਅਸੀਆ

ਪਾਕਿਸਤਾਨ ਨਿਊਜ਼ ਵੈਬਸਾਈਡ ਡਾਨ ਮੁਤਾਬਕ, ਆਸੀਆ ਦੇ ਵਕੀਲ ਸੈਫੁਲ ਮੁਲੂਕ ਨੇ ਤਿੰਨ ਜੱਜਾਂ ਦੀ ਬੈਂਚ ਦੇ ਸਾਹਮਣੇ ਦਲੀਲ ਰੱਖੀ ਹੈ ਕਿ ਇਹ ਮਾਮਲਾ ਪੀਣ ਵਾਲੇ ਪਾਣੀ ਨੂੰ ਲੈ ਕੇ ਸ਼ੁਰੂ ਹੋਇਆ ਸੀ। ਇਸ ਤੋਂ ਬਾਅਦ ਪਾਕਿਸਤਾਨ ਦੇ ਮੁੱਖ ਜੱਜ ਨੇ ਕਿਹਾ ਕਿ ਇਹ ਕਿਹੋ ਜਿਹਾ ਮਾਮਲਾ ਹੈ, ਜਿਸ ਵਿੱਚ ਇੱਕ ਵਿਅਕਤੀ ਦੇ ਖ਼ਿਲਾਫ਼ ਗ਼ਲਤ ਸ਼ਬਦਾਂ ਦੀ ਵਰਤੋਂ ਕੀਤੀ ਗਈ ਅਤੇ ਫੇਰ ਕੇਸ ਵੀ ਉਸੇ ਦੇ ਖ਼ਿਲਾਫ਼ ਹੋ ਜਾਵੇ।ਲ ਜੁੜੀ ਹਰ ਚੀਜ਼ ਯਾਦ ਹੈ।" "ਮੈਂ ਫਾਲਸਾ ਇਕੱਠਾ ਕਰਨ ਗਈ ਸੀ। ਉਸ ਦਿਨ ਅਸਮਾਨ ਤੋਂ ਅੱਗ ਵਰ ਰਹੀ ਸੀ। ਦੁਪਹਿਰ ਹੁੰਦਿਆਂ-ਹੁੰਦਿਆਂ ਗਰਮੀ ਇੰਨੀ ਤੇਜ਼ ਹੋ ਗਈ ਕਿ ਭੱਟੀ ਵਿੱਚ ਕੰਮ ਕਰਨ ਵਾਂਗ ਲੱਗ ਰਿਹਾ ਸੀ। ਮੈਂ ਪਸੀਨੇ ਨਾਲ ਭਰ ਗਈ ਸੀ। ਗਰਮੀ ਇੰਨੀ ਜ਼ਿਆਦਾ ਸੀ ਕਿ ਮੇਰੇ ਸਰੀਰ ਨੇ ਕੰਮ ਕਰਨਾ ਬੰਦ ਕਰ ਦਿੱਤਾ ਸੀ।" "ਮੈਂ ਝਾੜੀਆਂ ਤੋਂ ਨਿਕਲ ਕੇ ਨੇੜੇ ਹੀ ਬਣੇ ਹੋਏ ਖੂਹ ਦੇ ਕੋਲ ਪਹੁੰਚੀ ਅਤੇ ਖੂਹ 'ਚ ਬਾਲਟੀ ਪਾ ਕੇ ਪਾਣੀ ਕੱਢਿਆ। ਇਸ ਤੋਂ ਬਾਅਦ ਮੈਂ ਖੂਹ 'ਤੇ ਰੱਖੇ ਹੋਏ ਇੱਕ ਗਿਲਾਸ ਨੂੰ ਬਾਲਟੀ 'ਚ ਪਾਣੀ ਪਾਇਆ ਤੇ ਪਾਣੀ ਪੀਤਾ।" "ਪਰ ਜਦੋਂ ਮੈਂ ਇੱਕ ਔਰਤ ਨੂੰ ਦੇਖਿਆ ਜੋ ਮੇਰੇ ਵਰਗੀ ਸੀ ਤਾਂ ਮੈਂ ਉਸ ਨੂੰ ਪਾਣੀ ਕੱਢ ਕੇ ਦਿੱਤਾ ਅਤੇ ਇੱਕ ਔਰਤ ਚੀਕ ਕੇ ਕਿਹਾ ਇਹ ਪਾਣੀ ਨਾ ਪੀ 'ਇਹ ਹਰਾਮ' ਹੈ ਕਿਉਂਕਿ ਇਸ ਨੂੰ ਈਸਾਈ ਔਰਤ ਨੇ ਅਸ਼ੁੱਧ ਕਰ ਦਿੱਤਾ ਹੈ।" ਅਸੀਆ ਲਿਖਦੀ ਹੈ, "ਮੈਂ ਇਸ ਦੇ ਜਵਾਬ ਵਿੱਚ ਕਿਹਾ ਮੈਨੂੰ ਲੱਗਦਾ ਹੈ ਕਿ ਈਸਾ ਮਸੀਹ ਇਸ ਕੰਮ ਨੂੰ ਪੈਗੰਬਰ ਮੁਹੰਮਦ ਤੋਂ ਵੱਖਰੀ ਨਿਗਾਹ ਨਾਲ ਦੇਖਣਗੇ। ਇਸ ਤੋਂ ਬਾਅਦ ਉਨ੍ਹਾਂ ਨੇ ਕਿਹਾ ਕਿ ਤੇਰੀ ਹਿੰਮਤ ਕਿਵੇਂ ਹੋਈ, ਪੈਗੰਬਰ ਮੁਹੰਮਦ ਬਾਰੇ ਕੁਝ ਬੋਲਣ ਦੀ। ਮੈਨੂੰ ਇਹ ਵੀ ਕਿਹਾ ਗਿਆ ਕਿ ਜੇਕਰ ਤੂੰ ਇਸ ਪਾਪ ਤੋਂ ਮੁਕਤੀ ਚਾਹੁੰਦੀ ਹੈ ਤਾਂ ਇਸਲਾਮ ਸਵੀਕਾਰ ਕਰਨਾ ਪਵੇਗਾ।" ਖੂਹ ਦੇ ਕੋਲ ਹੋਈ ਬਹਿਸ ਦੇ ਕੁਝ ਹਫ਼ਤੇ ਬਾਅਦ ਸਾਧਾਰਨ ਬਹਿਸ ਤੋਂ ਉਪਰ ਉਠ ਕੇ ਈਸ਼ਨਿੰਦਾ ਤੱਕ ਗਈ ਅਤੇ ਉਨ੍ਹਾਂ ਨੂੰ ਸਜ਼ਾ ਦਿੱਤੀ ਗਈ। ਇਸ ਤੋਂ ਇੱਕ ਮਹੀਨੇ ਬਾਅਦ ਅਸੀਆ ਬੀਬੀ ਨੂੰ ਮਿਲਣ ਪੰਜਾਬ ਦੇ ਤਤਕਾਲੀ ਰਾਜਪਾਲ ਸਲਮਾਨ ਤਾਸੀਰ ਗਏ, ਜਿਨ੍ਹਾਂ ਨੇ ਈਸ਼ਨਿੰਦਾ ਕਾਨੂੰਨ ਦੀ ਨਿੰਦਾ ਕੀਤੀ। ਪਰ ਇਸ ਤੋਂ ਕੁਝ ਦਿਨ ਬਾਅਦ ਸਲਮਾਨ ਦੇ ਅੰਗ ਰੱਖਿਅਕ ਮੁਮਤਾਜ਼ ਕਾਦਰੀ ਨੇ ਹੀ ਉਨ੍ਹਾਂ ਦਾ ਕਤਲ ਕਰ ਦਿੱਤਾ। ਇਹੀ ਨਹੀਂ, ਦੋ ਮਹੀਨਿਆਂ ਬਾਅਦ ਜਦੋਂ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਸ਼ਹਿਬਾਜ਼ ਭੱਟੀ ਨੇ ਈਸ਼ਨਿੰਦਾ ਕਾਨੂੰਨ ਦੀ ਨਿੰਦਾ ਕੀਤੀ ਤਾਂ ਉਨ੍ਹਾਂ 'ਤੇ ਵੀ ਜਾਨਲੇਵਾ ਹਮਲਾ ਕੀਤਾ ਗਿਆ, ਜਿਸ ਵਿੱਚ ਉਨ੍ਹਾਂ ਦੀ ਜਾਨ ਚਲੀ ਗਈ।



# ਜਿਨਸੀ ਸ਼ੋਸ਼ਣ ਕੀ ਹੈ ਤੇ ਮਰਦਾਂ ਨੂੰ ਕੀ ਜਾਣਨਾ ਜ਼ਰੂਰੀ ਹੈ ?

**ਸੋਸ਼ਲ ਮੀਡੀਆ ਉੱਪਰ #Metoo ਨਾਲ ਲਿਖੀ ਜਾ ਰਹੀਆਂ ਘਟਨਾਵਾਂ ਵਿੱਚ ਔਰਤਾਂ ਦਾ ਇਲਜ਼ਾਮ ਹੈ ਕਿ ਜਿਨਸੀ ਸ਼ੋਸ਼ਣ ਕਰਨ ਵਾਲੇ ਵਿਅਕਤੀ ਨੂੰ ਰੋਕਣ ਜਾਂ ਉਸ ਦੇ ਖਿਲਾਫ ਸ਼ਿਕਾਇਤ ਕਰਨ ਦੀ ਆਜ਼ਾਦੀ ਮਹਿਸੂਸ ਨਹੀਂ ਕਰ ਰਹੀਆਂ ਸਨ। ਮਸਲਨ ਜੇ ਇਹ ਮਰਦ ਉਸ ਔਰਤ ਦਾ ਬੌਸ ਹੈ, ਉਸ ਤੋਂ ਵੱਡੇ ਅਹੁਦੇ ਉੱਪਰ ਹੈ, ਜਾਂ ਸੰਗਠਨ ਵਿੱਚ ਅਧਿਕਾਰ ਰੱਖਦਾ ਹੈ ਤੇ ਔਰਤ ਦੀ ਜਿੰਦਗੀ ਉੱਪਰ ਬੁਰਾ ਅਸਰ ਪੈ ਸਕਦਾ ਹੈ ਜਾਂ ਨਾਂਹ ਕਹਿਣਾ ਮੁਸ਼ਕਿਲ ਹੋ ਸਕਦਾ ਹੈ। ਜੇ ਸਰੀਰਕ ਸੱਟ ਦਾ ਭੈਅ ਹੋਵੇ ਤਾਂ ਵੀ ਨਾਂਹ ਕਹਿਣ ਦੀ ਪੂਰੀ ਖੁੱਲ੍ਹ ਨਹੀਂ ਹੁੰਦੀ। ਸਹਿਮਤੀ ਬੋਲ ਕੇ ਜਾਂ ਇਸ਼ਾਰੇ ਨਾਲ ਦਿੱਤੀ ਜਾ ਸਕਦੀ ਹੈ ਪਰ ਸਪਸ਼ਟ ਹੋਣੀ ਚਾਹੀਦੀ ਹੈ। ਇਸ ਦੀ ਜ਼ਿੰਮੇਵਾਰੀ ਔਰਤ ਦੀ ਹੈ ਉਤਨੀ ਹੀ ਮਰਦ ਦੀ। ਹੱਦੋਂ ਵੱਧ ਨਸ਼ੇ ਦੀ ਹਾਲਤ ਵਿੱਚ ਨਾ ਤਾਂ ਮਰਦ ਪੁੱਛਣ ਦੀ ਹਾਲਤ ਵਿੱਚ ਰਹਿੰਦਾ ਹੈ ਅਤੇ ਨਾ ਹੀ ਔਰਤ ਦੱਸਣ ਦੇ।**

#Metoo ਯਾਨੀ ਕਿ ਮੈਂ ਵੀ ਦੇ ਹੈਸ਼ਟੈਗ ਨਾਲ ਭਾਰਤ ਵਿੱਚ ਕਈ ਮਹਿਲਾ ਪੱਤਰਕਾਰ ਸੋਸ਼ਲ ਮੀਡੀਆ ਉੱਪਰ ਲਿਖ ਰਹੀਆਂ ਹਨ। ਉਨ੍ਹਾਂ ਦਾ ਮਕਸਦ ਹੈ #Metoo ਦੀ ਕੌਮਾਂਤਰੀ ਲਹਿਰ ਨਾਲ ਜੁੜਨਾ। ਇਹ ਦੱਸਣਾ ਕਿ ਔਰਤਾਂ ਦਾ ਜਿਨਸੀ ਸ਼ੋਸ਼ਣ ਕਿੰਨੀ ਵਿਆਪਕ ਸਮੱਸਿਆ ਹੈ।ਕਈ ਤਰੀਕਿਆਂ ਦੇ ਮਾਮਲੇ ਸਾਹਮਣੇ ਆ ਰਹੇ ਹਨ। ਭੱਦੇ ਮਜ਼ਾਕ ਕਰਨੇ, ਜ਼ਬਰਦਸਤੀ ਛੂਹਣਾ, ਸੈਕਸ ਕਰਨ ਲਈ ਕਹਿਣ ਲਈ ਜਨਣ ਅੰਗਾਂ ਦੀਆਂ ਤਸਵੀਰਾਂ ਭੇਜਣ ਤੱਕ। ਕਈ ਔਰਤਾਂ ਹਾਲੇ ਵੀ ਸਾਹਮਣੇ ਨਹੀਂ ਆਈਆਂ ਹਨ। ਜਿਨਸੀ ਸ਼ੋਸ਼ਣ ਬਾਰੇ ਆਪਣੇ ਦੋਸਤਾਂ ਨਾਲ ਹੀ ਗੱਲ ਕਰ ਪਾ ਰਹੀਆਂ ਹਨ। #Metoo ਨਾਲ ਬਣੇ ਮਾਹੌਲ ਦੇ ਬਾਵਜੂਦ ਜਨਤਕ ਤੌਰ 'ਤੇ ਕੁਝ ਬੋਲਣ ਦਾ ਖਾਮਿਆਜ਼ਾ ਭੁਗਤਣਾ ਪੈ ਸਕਦਾ ਹੈ। ਕਈ ਮਰਦਾਂ ਵਿੱਚ ਵੱਖਰੀ ਬੇਚੈਨੀ ਹੈ ਅਤੇ ਮੀਡੀਆ ਸੰਗਠਨਾਂ ਵਿੱਚ ਸਹੀ ਅਤੇ ਗਲਤ ਵਿਹਾਰ, ਬਹਿਸ ਦਾ ਮੁੱਦਾ ਬਣਿਆ ਹੋਇਆ ਹੈ। ਇਸ ਪੂਰੀ ਬਹਿਸ ਦੀ ਜੜ੍ਹ ਵਿੱਚ ਇੱਕ ਗੱਲ ਹੈ ਕਿ ਸਹਿਕਰਮੀ ਔਰਤਾਂ ਅਤੇ ਮਰਦਾਂ ਵਿੱਚ ਬਣਿਆ ਹਰੇਕ ਸੰਬੰਧ ਚਾਹੇ ਉਹ ਮਿੱਤਰਤਾ ਵਾਲਾ ਹੋਵੇ ਜਾਂ ਸਰੀਰਕ ਰੂਪ ਲੈ ਲਵੇ, ਸ਼ੋਸ਼ਣ ਨਹੀਂ ਹੈ। ਇੱਥੇ ਅਹਿਮੀਅਤ ਮਰਜ਼ੀ ਜਾਂ ਸਹਿਮਤੀ ਦੀ ਹੈ। ਇਹ ਵੱਖਰੀ ਗੱਲ ਹੈ ਕਿ ਔਰਤਾਂ ਨੂੰ ਮਰਜ਼ੀ ਦੱਸਣ ਦੀ ਆਜ਼ਾਦੀ ਹਮੇਸ਼ਾ ਨਹੀਂ ਹੁੰਦੀ ਪਰ ਇਸ ਬਾਰੇ ਬਾਅਦ ਵਿੱਚ ਗੱਲ ਕਰਾਂਗੇ।

## ਕੌਣ ਤੈਅ ਕਰੇਗਾ ਕਿ ਜਿਨਸੀ ਸ਼ੋਸ਼ਣ ਹੋਇਆ ਸੀ

ਕਾਨੂੰਨੀ ਤੌਰ 'ਤੇ ਦਸ ਤੋਂ ਵੱਧ ਕਰਮਚਾਰੀਆਂ ਵਾਲੇ ਕਿਸੇ ਵੀ ਸੰਗਠਨ ਲਈ ਇੰਟਰਨਲ ਕੰਪਲੇਸੈਂਟ ਕਮੇਟੀ ਬਣਾਉਣਾ ਲਾਜ਼ਮੀਂ ਹੈ। ਇਸ ਕਮੇਟੀ ਦੀ ਪ੍ਰਧਾਨ ਕੋਈ ਸੀਨੀਅਰ ਔਰਤ ਹੋ ਸਕਦੀ ਹੈ। ਕਮੇਟੀ ਵਿੱਚ ਘੱਟੋ-ਘੱਟ ਅੱਧੀਆਂ ਔਰਤਾਂ ਹੋਣ ਅਤੇ ਇੱਕ ਮੈਂਬਰ ਔਰਤਾਂ ਲਈ ਗੈਰ ਸਰਕਾਰੀ ਸੰਗਠਨ ਨਾਲ ਸੰਬੰਧਿਤ ਹੋਵੇ। ਉਨ੍ਹਾਂ ਸੰਸਥਾਵਾਂ ਲਈ ਜਿੱਥੇ ਦਸ ਤੋਂ ਘੱਟ ਮੁਲਾਜ਼ਮ ਹੋਣ ਤਾਂ ਸ਼ਿਕਾਇਤ ਸਿੱਧੀ ਮਾਲਕ ਦੇ ਖਿਲਾਫ਼ ਹੈ ਜਿੱਥੇ ਸ਼ਿਕਾਇਤ ਜ਼ਿਲ੍ਹਾ ਪੱਧਰ ਉੱਪਰ ਬਣਾਈ ਜਾਣ ਵਾਲੀ ਲੋਕਲ ਕੰਪਲੇਸੈਂਟ ਕਮੇਟੀ ਨੂੰ ਕੀਤੀ ਜਾਂਦੀ ਹੈ। ਸ਼ਿਕਾਇਤ ਭਾਵੇਂ ਕਿਸੇ ਵੀ ਕਮੇਟੀ ਕੋਲ ਕੀਤੀ ਜਾਵੇ। ਉਹ ਦੋਹਾਂ ਪੱਖਾਂ ਦੀ ਗੱਲ ਸੁਣ ਕੇ ਅਤੇ ਜਾਂਚ ਕਰਕੇ ਇਹ ਤੈਅ ਕਰੇਗੀ ਕਿ ਸ਼ਿਕਾਇਤ ਸਹੀ ਹੈ ਜਾਂ ਨਹੀਂ। ਸਹੀ ਪਾਏ ਜਾਣ ਉੱਪਰ ਨੌਕਰੀ ਤੋਂ ਸਸਪੈਂਡ ਕਰਨ, ਕੱਢਣ ਅਤੇ ਸ਼ਿਕਾਇਤ ਕਰਨ ਵਾਲੀ ਨੂੰ ਜੁਰਮਾਨਾ ਦੇਣ ਦੀ ਸਜ਼ਾ ਦਿੱਤੀ ਜਾ ਸਕਦੀ ਹੈ। ਔਰਤ ਭਾਵੇਂ ਅਤੇ ਮਾਮਲਾ ਇੰਨਾ ਗੰਭੀਰ ਲੱਗੇ ਤਾਂ ਪੁਲਿਸ ਵਿੱਚ ਸ਼ਿਕਾਇਤ ਲਈ ਜਾਣ ਦਾ ਫੈਸਲਾ ਵੀ ਲਿਆ ਜਾ ਸਕਦਾ ਹੈ। ਜੇ ਸ਼ਿਕਾਇਤ ਗਲਤ ਸਾਬਤ ਹੁੰਦੀ ਹੈ ਤਾਂ ਸੰਗਠਨ ਦੇ ਨੇਮਾਂ ਮੁਤਾਬਕ ਉਸ ਨੂੰ ਢੁਕਵੀਂ ਸਜ਼ਾ ਦਿੱਤੀ ਜਾ ਸਕਦੀ ਹੈ

**ਕਿਹੋ ਜਿਹਾ ਵਿਹਾਰ ਆਖ਼ਰ ਜਿਨਸੀ ਸ਼ੋਸ਼ਣ ਹੁੰਦਾ ਹੈ ?**

ਸਭ ਤੋਂ ਪਹਿਲਾਂ ਸਮਝ ਲਈਏ ਕਿ ਸਹਿਮਤੀ ਨਾਲ ਕੀਤਾ ਮਜ਼ਾਕ, ਤਾਰੀਫ ਜਾਂ ਵਰਤੀ ਗਈ ਕਾਮੁਕ ਭਾਸ਼ਾ ਵਿੱਚ ਕੋਈ ਪ੍ਰੇਸ਼ਾਨੀ ਨਹੀਂ ਹੈ। ਕਿਸੇ ਨਾਲ ਕਸ ਕੇ ਹੱਥ ਮਿਲਾਉਣਾ, ਮੋਢੇ 'ਤੇ ਹੱਥ ਰੱਖਣਾ, ਵਧਾਈ ਦਿੰਦਿਆਂ ਗਲੇ ਲਾਉਣਾ, ਦਫ਼ਤਰੋਂ ਬਾਹਰ ਚਾਹ, ਕਾਫ਼ੀ ਜਾਂ ਸ਼ਰਾਬ ਪੀਣਾ, ਇਹ ਸਭ ਜੇ ਸਹਿਮਤੀ ਨਾਲ ਕੀਤਾ ਜਾਵੇ ਤਾਂ ਇਸ ਵਿੱਚ ਕੁਝ ਗਲਤ ਨਹੀਂ ਹੈ। ਕਿਸੇ ਵੀ ਕੰਮ ਵਾਲੀ ਥਾਂ 'ਤੇ ਇਕੱਠੇ ਕੰਮ ਕਰਦਿਆਂ ਇੱਕ ਦੂਸਰੇ ਵੱਲ ਖਿੱਚੇ ਜਾਣਾ ਕੋਈ ਸਹਿਜ ਗੱਲ ਹੈ। ਅਜਿਹਾ ਹੋਣ ਦੀ ਹਾਲਾਤ ਵਿੱਚ ਮਰਦ ਆਪਣੀ ਸਹਿਕਰਮੀ ਨੂੰ ਇਸ਼ਾਰਿਆਂ ਜਾਂ ਸਿੱਧੀ ਗੱਲਬਾਤ ਰਾਹੀਂ ਆਪਣੀ ਮਨਸ਼ਾ ਜ਼ਾਹਰ ਕਰੇਗਾ। ਜੇ ਉਹ ਔਰਤ ਉਸ ਗੱਲ ਜਾਂ ਕਾਮੁਕ ਛੂਹ ਤੋਂ ਨਾਰਾਜ਼ਗੀ ਜਾਹਰ ਕਰੇ ਪਰ ਇਸ ਦੇ ਬਾਵਜੂਦ ਮਰਦ ਆਪਣਾ ਵਿਹਾਰ ਜਾਰੀ ਰੱਖਦਾ ਹੈ ਤਾਂ ਇਹ ਜਿਨਸੀ ਸ਼ੋਸ਼ਣ ਹੈ। ਔਰਤ ਜੇ ਇਸ ਨੂੰ ਪਸੰਦ ਕਰੇ, ਅੱਗੇ ਵਧਣਾ ਚਾਹੇ, ਚੁੰਮਣ ਜਾਂ ਸਰੀਰਕ ਸੰਬੰਧਾਂ ਲਈ ਵੀ ਸਹਿਮਤੀ ਦੇ ਦੇਵੇ ਤਾਂ ਇਹ ਦੋ ਬਾਲਗਾਂ ਦਾ ਆਪਸੀ ਰਿਸ਼ਤਾ ਹੈ ਅਤੇ ਇਸ ਨੂੰ ਸ਼ੋਸ਼ਣ ਨਹੀਂ ਕਿਹਾ ਜਾ ਸਕਦਾ।

**ਕਾਨੂੰਨ ਵਿੱਚ ਜਿਨਸੀ ਸ਼ੋਸ਼ਣ ਦੀ ਕੀ ਪਰਿਭਾਸ਼ਾ ਕੀ ਹੈ ?**

ਜਿਨਸੀ ਸ਼ੋਸ਼ਣ ਦੀ ਰੋਕਥਾਮ ਲਈ ਦੋ ਕਾਨੂੰਨ ਹਨ। ਇਹ ਦੋਵੇਂ ਹੀ ਸਾਲ 2013 ਵਿੱਚ ਬਣੇ ਸਨ। ਪਹਿਲੇ ਕਾਨੂੰਨ ਤਹਿਤ ਕਿਸੇ ਦੇ ਮਨ੍ਹਾ ਕਰਨ ਦੇ ਬਾਵਜੂਦ ਉਸ ਨੂੰ ਛੂਹਣਾ, ਛੂਹਣ ਦੀ ਕੋਸ਼ਿਸ਼ ਕਰਨਾ, ਸਰੀਰਕ ਸੰਬੰਧ ਬਣਾਉਣ ਦੀ ਮੰਗ ਕਰਨਾ, ਕਾਮੁਕ ਟਿੱਪਣੀਆਂ ਕਰਨੀਆਂ, ਨੰਗੀਆਂ ਫਿਲਮਾਂ ਦਿਖਾਉਣਾ ਜਾਂ ਕਹੇ-ਅਣਕਹੇ ਢੰਗ ਨਾਲ ਬਿਨਾਂ ਸਹਿਮਤੀ ਦੇ ਜਿਨਸੀ ਵਿਹਾਰ ਕਰਨਾ, ਜਿਨਸੀ ਸ਼ੋਸ਼ਣ ਮੰਨਿਆ ਜਾਵੇਗਾ। ਇਸ ਲਈ ਤਿੰਨ ਸਾਲ ਦੀ ਸਜ਼ਾ ਅਤੇ ਜੁਰਮਾਨਾ ਹੋ ਸਕਦਾ ਹੈ। ਦੂਸਰਾ ਕਨੂੰਨ 'ਸੈਕਸ਼ੂਅਲ ਹੈਰੈਸਮੈਂਟ ਆਫ਼ ਵੂਮੈਨ ਐਟ ਵਰਕਪਲੇਸ' ਖ਼ਾਸ ਕਰਕੇ ਕੰਮ ਕਾਜੀ ਥਾਂਵਾਂ ਉੱਪਰ ਲਾਗੂ ਹੁੰਦਾ ਹੈ। ਇਸ ਵਿੱਚ ਜਿਨਸੀ ਸ਼ੋਸ਼ਣ ਦੀ ਪਰਿਭਾਸ਼ਾ ਤਾਂ ਉਹੀ ਹੈ ਪਰ ਇਸ ਦਾ ਪ੍ਰਸੰਗ ਕੰਮਕਾਜ ਦੀ ਥਾਂ ਨਾਲ ਜੁੜਿਆ ਹੋਣਾ ਚਾਹੀਦਾ ਹੈ। ਦੂਜਾ .ਫ਼ਰਕ ਹੈ ਕਿ ਇਹ ਔਰਤਾਂ ਨੂੰ ਆਪਣੇ ਕੰਮ ਦੀ ਥਾਂ ਉੱਪਰ ਬਣੇ ਰਹਿ ਕੇ ਕੁਝ ਸਜ਼ਾ ਦਿਵਾਉਣ ਦਾ ਮੌਕਾ ਦਿੰਦਾ ਹੈ। ਯਾਨੀ ਇਹ ਜੇਲ੍ਹ ਜਾਂ ਪੁਲਿਸ ਦੇ ਸਖ਼ਤ ਰਾਹ ਤੋਂ ਜੁਦਾ ਇਨਸਾਫ਼ ਲਈ ਇੱਕ ਵਿਚਕਾਰਲਾ ਰਾਹ ਖੋਲ੍ਹਦਾ ਹੈ ਜਿਵੇਂ ਸੰਸਥਾ ਦੇ ਪੱਧਰ 'ਤੇ ਮੁਲਜ਼ਮ ਖਿਲਾ.ਫ਼ ਸਖ਼ਤ ਕਾਰਵਾਈ, ਚਿਤਾਵਨੀ, ਜੁਰਮਾਨਾ, ਸਸਪੈਂਸ਼ਨ, ਨੌਕਰੀਓ ਬਰਖ਼ਾਸਤ ਕਰਨਾ, ਵਗੈਰਾ।






# ਅਮਰੀਕਾ ਨੇ ਚੀਨੀ ਖੁਫੀਆ ਅਧਿਕਾਰੀ ਨੂੰ ਕੀਤਾ ਗ੍ਰਿਫਤਾਰ, ਲੱਗੇ ਕਈ ਦੋਸ਼

ਵਾਸ਼ਿੰਗਟਨ — ਫੈਡਰਲ ਏਜੰਸੀਆਂ ਨੇ ਮੰਗਲਵਾਰ ਨੂੰ ਚੀਨ ਦੇ ਫੌਜੀ ਖੁਫੀਆ ਅਧਿਕਾਰੀ ਨੂੰ ਗ੍ਰਿਫਤਾਰ ਕੀਤਾ ਹੈ, ਜਿਸ 'ਤੇ ਤਕਨਾਲੋਜੀ ਕੰਪਨੀਆਂ ਦੇ ਡਾਟਾ ਚੋਰੀ ਕਰਨ, ਟ੍ਰੇਡ ਅਤੇ ਇਕਨਾਮਿਕ ਦੀਆਂ ਖੁਫੀਆ ਜਾਣਕਾਰੀਆਂ ਹਾਸਲ ਕਰ ਗਲਤ ਇਸਤੇਮਾਲ ਕਰਨ ਅਤੇ ਹੋਰ ਕਈ ਦੋਸ਼ ਲਾਏ ਹਨ। ਜਿਸ ਦੀ ਪਛਾਣ ਯਾਂਜੁਨ ਸ਼ੂ ਦੇ ਨਾਂ ਵੱਜੋਂ ਕੀਤੀ ਗਈ ਹੈ, ਇਹ ਜਾਣਕਾਰੀ ਬੁੱਧਵਾਰ ਨੂੰ ਜਸਟਿਸ ਡਿਪਾਰਟਮੈਂਟ ਨੇ ਦਿੱਤੀ। ਡਿਪਾਰਟਮੈਂਟ ਨੇ ਦੱਸਿਆ ਕਿ ਸ਼ੂ ਨੂੰ 2013 'ਚ ਦੁਨੀਆ ਦੇ ਕਈ ਐਵੀਏਸ਼ਨ ਅਤੇ ਏਅਰੋਸਪੇਸ ਕੰਪਨੀਆਂ ਸਮੇਤ ਅਮਰੀਕਾ ਦੀ ਜੀ. ਈ. ਐਵੀਏਸ਼ਨ ਕੰਪਨੀ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਉਸ ਨੇ ਇਸ ਕੰਪਨੀਆਂ 'ਚ ਕੰਮ ਕਰ ਰਹੇ ਮਾਹਿਰ ਕਰਮੀਆਂ ਨਾਲ ਗੱਲਬਾਤ ਕਰ ਉਨ੍ਹਾਂ ਨੂੰ ਚੀਨ ਦੀਆਂ ਕੰਪਨੀਆਂ ਲਈ ਕੰਮ ਕਰਨ ਲਈ ਉਕਸਾਇਆ ਸੀ। ਜਸਿਟਨ ਡਿਪਾਰਟਮੈਂਟ ਨੇ ਅੱਗੇ ਆਖਿਆ ਕਿ ਮਈ 2017 ਨੂੰ ਜੀ. ਈ. ਐਵੀਏਸ਼ਨ ਦੇ ਕਰਮਚਾਰੀ ਸ਼ੂ ਨੂੰ ਮਿਲਣ ਲਈ ਚੀਨ ਗਏ ਸਨ ਅਤੇ ਫਰਵਰੀ 2018 'ਚ ਐਵੀਏਸ਼ਨ ਦੇ ਕਰਮਚਾਰੀਆਂ ਨੇ ਕੰਪਨੀ ਦੀਆਂ ਕਈ ਜਾਣਕਾਰੀ ਉਸ ਨਾਲ ਸਾਂਝੀਆਂ ਕੀਤੀਆਂ ਸਨ। ਅਧਿਕਾਰੀਆਂ ਮੁਤਾਬਕ ਉਹ ਡਾਟਾ ਚੀਨੀ ਅਧਿਕਾਰੀਆਂ ਨੂੰ ਭੇਜਦਾ ਸੀ। ਸ਼ੂ ਨੂੰ 1 ਅਪ੍ਰੈਲ, 2018 'ਚ ਬੈਲਜ਼ੀਅਮ 'ਚ ਗ੍ਰਿਫਤਾਰ ਕਰ ਲਿਆ ਗਿਆ ਸੀ, ਜਿਸ ਤੋਂ ਬਾਅਦ ਮੰਗਲਵਾਰ ਨੂੰ ਅਮਰੀਕਾ ਲਿਆਂਦਾ ਗਿਆ। ਐਫ. ਬੀ. ਆਈ. ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ੂ ਦੀਆਂ ਚੀਨੀ ਸਰਕਾਰ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੇ ਜਾਣ ਅਤੇ ਹੋਰ ਕਈ ਸਬੂਤ ਵੀ ਮਿਲੇ ਹਨ

# ਮਾਓਵਾਦੀਆਂ ਵਿਚਾਲੇ ਕਈ ਰਾਤਾਂ 'ਨੀਂਦ 'ਚ ਚੱਲਣ' ਵਾਲੀ ਲੰਡਨ ਦੀ ਪ੍ਰੋਫੈਸਰ ਦਾ ਤਜ਼ਰਬਾ



ਭਾਰਤ ਅਤੇ ਮਾਓਵਾਦੀਆਂ ਦੇ ਸੰਘਰਸ਼ ਦੌਰਾਨ ਹਜ਼ਾਰਾਂ ਲੋਕਾਂ ਦੀ ਮੌਤ ਹੋ ਚੁੱਕੀ ਹੈ। ਮਾਓਵਾਦੀ ਗੁਰੀਲਿਆਂ ਨੇ ਲੋਕਤੰਤਰ ਨੂੰ ਠੁਕਰਾ ਕੇ ਹਥਿਆਰਾਂ ਦਾ ਰਸਤਾ ਕਿਉਂ ਚੁਣਿਆ, ਇਹ ਸਮਝਣ ਲਈ ਅਲਪਾ ਸ਼ਾਹ ਮਾਓਵਾਦੀ ਗੜ੍ਹ ਕਹੇ ਜਾਣ ਵਾਲੇ ਇੱਕ ਇਲਾਕੇ ਵਿੱਚ ਆਦਿਵਾਸੀਆਂ ਵਿਚਾਲੇ ਡੇਢ ਸਾਲ ਤੱਕ ਰਹੀ। ਪੜ੍ਹੋ ਉਨ੍ਹਾਂ ਦਾ ਨਜ਼ਰੀਆ: ਡਰ ਦੇ ਨਾਲ ਅਸੀਂ ਚੌਲਾਂ ਦੇ ਖੇਤਾਂ ਦੇ ਵਿੱਚੋਂ ਜੰਗਲ ਦੇ ਸੁਰੱਖਿਅਤ ਇਲਾਕਿਆਂ ਵੱਲ ਵੱਧ ਰਹੇ ਸੀ। ਮੈਂ ਕਿਸੇ ਵੀ ਤਰ੍ਹਾਂ ਆਪਣੀਆਂ ਅੱਖਾਂ ਖੁੱਲ੍ਹੀਆਂ ਰੱਖਣ ਦੀ ਕੋਸ਼ਿਸ਼ ਕਰ ਰਹੀ ਸੀ। ਸਾਡੇ ਕੋਲ ਰੋਸ਼ਨੀ ਦੇ ਨਾਮ 'ਤੇ ਇੱਕ ਟੌਰਚ ਤੱਕ ਨਹੀਂ ਸੀ।ਮੈਂ ਭਾਰਤ ਦੇ ਮਾਓਵਾਦੀ ਗੁਰੀਲਿਆਂ ਦੀ ਇੱਕ ਟੁੱਕੜੀ ਦੇ ਨਾਲ ਸੀ। ਇਹ ਲੋਕ ਦਾਅਵਾ ਕਰਦੇ ਹਨ ਕਿ ਉਹ ਆਦਿਵਾਸੀਆਂ ਅਤੇ ਦਿਹਾਤੀ ਗ਼ਰੀਬਾਂ ਦੇ ਹੱਕ ਲਈ ਲੜ ਰਹੇ ਹਨ। ਇਹ ਇਨ੍ਹਾਂ ਗੁਰੀਲਿਆਂ ਦੇ ਨਾਲ ਮੇਰੀ ਸੱਤਵੀਂ ਰਾਤ ਸੀ। ਅਸੀਂ ਇਕੱਠੇ ਹਰ ਰਾਤ 30 ਕਿੱਲੋਮੀਟਰ ਚੱਲ ਰਹੇ ਸੀ। ਉਹ ਹਨੇਰਾ ਹੋਣ ਕਾਰਨ ਆਪਣੀ ਥਾਂ ਬਦਲ ਰਹੇ ਸਨ ਕਿਉਂਕਿ ਸੁਰੱਖਿਆ ਬਲਾਂ ਨੇ ਦਿਨ ਦੇ ਸਮੇਂ ਆਪਣੀ ਗਸ਼ਤ ਵਧਾ ਦਿੱਤੀ ਸੀ। ਮੇਰਾ ਸਰੀਰ ਥਕਾਵਟ ਨਾਲ ਪੂਰੀ ਤਰ੍ਹਾਂ ਟੁੱਟ ਚੁੱਕਾ ਸੀ। ਮੇਰੇ ਮੋਢੇ ਮੈਨੂੰ ਇੱਕ ਭਾਰੀ ਬੋਝ ਦੀ ਤਰ੍ਹਾਂ ਮਹਿਸੂਸ ਹੋ ਰਹੇ ਸਨ। ਪੈਰ ਸੁੰਨ ਹੋ ਚੁੱਕੇ ਸਨ। ਮੇਰੀ ਧੌਣ ਵਿੱਚ ਝਟਕਾ ਲੱਗ ਚੁੱਕਿਆ ਸੀ। ਚੱਲਦੇ-ਚੱਲਦੇ ਮੇਰੀ ਅੱਖ ਲੱਗ ਗਈ ਸੀ ਅਤੇ ਇੱਕ ਝਟਕੇ ਨਾਲ ਹੀ ਮੇਰੀ ਨੀਂਦ ਟੁੱਟ ਗਈ। ਮੇਰਾ ਦਿਮਾਗ ਮੇਰੇ ਪੈਰ ਵਿੱਚ ਹੋ ਰਹੀਆਂ ਹਰਕਤਾਂ ਤੋਂ ਬਿਲਕੁਲ ਬੇਖ਼ਬਰ ਸੀ। ਮੇਰੇ ਪੈਰ ਲੜਖੜਾ ਗਏ ਅਤੇ ਮੇਰੀ ਧੌਣ ਵਿੱਚ ਫਿਰ ਝਟਕਾ ਲੱਗਿਆ। ਗੁਰੀਲੇ ਇਸ ਨੂੰ 'ਨੀਂਦ ਵਿੱਚ ਚੱਲਣਾ' ਕਹਿੰਦੇ ਹਨ। ਮੈਂ ਦੇਖਿਆ ਕਿ ਉਹ ਸਾਰੇ ਇਸ ਵਿੱਚ ਸਮਰੱਥ ਹਨ। ਇੱਕ ਮਨੁੱਖੀ ਵਿਗਿਆਨੀ ਦੇ ਤੌਰ 'ਤੇ ਪਿਛਲੇ ਡੇਢ ਸਾਲ ਤੋਂ ਮੈਂ ਝਾਰਖੰਡ ਵਿੱਚ ਆਦਿਵਾਸੀਆਂ ਵਿਚਕਾਰ ਰਹਿ ਰਹੀ ਸੀ। ਇਹ ਸਮਝਣ ਦੀ ਕੋਸ਼ਿਸ਼ ਕਰਨਾ ਚਾਹੁੰਦੀ ਸੀ ਕਿ ਕਿਉਂ ਭਾਰਤ ਦੇ ਕੁਝ ਗ਼ਰੀਬਾਂ ਨੇ ਸਭ ਤੋਂ ਵੱਡੇ ਲੋਕੰਤਤਰ ਨੂੰ ਛੱਡ ਕੇ ਇੱਕ ਚੰਗਾ ਸਮਾਜ ਬਣਾਉਣ ਲਈ ਹਥਿਆਰਾਂ ਦਾ ਰਾਹ ਚੁਣਿਆ ਹੈ। ਇਹ ਫਰਵਰੀ 2010 ਦੀ ਗੱਲ ਹੈ, ਜਦੋਂ ਮੇਰੀ ਖੋਜ ਖ਼ਤਮ ਹੋਈ ਸੀ ਅਤੇ ਮੈਂ ਇਸ ਨਾਈਟਮਾਰਚ ਵਿੱਚ ਸ਼ਾਮਲ ਹੋਈ। ਛੇਤੀ ਹੀ ਮੈਂ ਲੰਡਨ ਵਾਪਿਸ ਆਉਣ ਵਾਲੀ ਸੀ, ਪਰ ਇਨ੍ਹਾਂ ਲੋਕਾਂ ਦੀ ਮੁਸ਼ਕਿਲ ਜ਼ਿੰਦਗੀ ਇਸੇ ਤਰ੍ਹਾਂ ਚੱਲਦੀ ਰਹਿਣ ਵਾਲੀ ਸੀ। ਸੁਰੱਖਿਆ ਬਲਾਂ ਤੋਂ ਬਚਣ ਲਈ ਸਾਲ-ਦਰ-ਸਾਲ ਉਹ ਥਾਂ ਬਦਲਦੇ ਰਹਿੰਦੇ ਅਤੇ ਜੰਗਲ ਦੇ ਕਿਸੇ ਹਿੱਸੇ ਵਿੱਚ ਕੁਝ ਦਿਨ ਤੋਂ ਵੱਧ ਨਹੀਂ ਸੌਂਦੇ।

**'ਕਮਿਊਨਿਸਟ ਸਮਾਜ' ਦੀ ਸਥਾਪਨਾ ਲਈ ਸੰਘਰਸ਼**

ਪਿਛਲੇ 50 ਸਾਲਾਂ ਤੋਂ ਮਾਓਵਾਦੀ ਗੁਰੀਲਾ ਕਮਿਊਨਿਸਟ ਸਮਾਜ ਦੀ ਸਥਾਪਨਾ ਲਈ ਭਾਰਤ ਦੇ ਖ਼ਿਲਾਫ਼ ਲੜ ਰਹੇ ਹਨ। ਇਸ ਸੰਘਰਸ਼ ਵਿੱਚ ਹੁਣ ਤੱਕ 40 ਹਜ਼ਾਰ ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। 1967 ਵਿੱਚ ਨਕਸਲਬਾੜੀ ਨਾਮ ਦੇ ਪਿੰਡ ਤੋਂ ਸ਼ੁਰੂ ਹੋਏ ਖੱਬੇ ਪੱਖੀ ਅੰਦੋਲਨ ਦੇ ਕਾਰਨ ਇਨ੍ਹਾਂ ਗੁਰੀਲਿਆਂ ਨੂੰ ਨਕਸਲੀ ਵੀ ਕਿਹਾ ਜਾਂਦਾ ਹੈ। ਹਾਲਾਂਕਿ ਇਹ ਅੰਦੋਲਨ ਕੁਝ ਸਮੇਂ ਬਾਅਦ ਖ਼ਤਮ ਹੋ ਗਿਆ ਸੀ। ਪਰ ਮਾਓਵਾਦੀਆਂ ਨੇ ਮੁੜ ਗੁੱਟ ਬਣਾਏ ਅਤੇ ਮੱਧ ਤੇ ਪੂਰਬੀ ਭਾਰਤ ਦੇ ਕੁਝ ਇਲਾਕਿਆਂ 'ਤੇ ਕਬਜ਼ਾ ਕਰ ਲਿਆ। ਇਸ ਅੰਦੋਲਨ ਵਿੱਚ ਮਾਰਕਸਵਾਦੀ ਵਿਚਾਰਾਂ ਤੋਂ ਲੈ ਕੇ ਗ਼ਰੀਬੀ, ਪੱਛੜੀਆਂ ਜਾਤਾਂ ਦੇ ਲੋਕ ਅਤੇ ਆਦਿਵਾਸੀ ਲੜਾਕੇ ਵੀ ਸ਼ਾਮਲ ਹਨ ਅਤੇ ਉਹ ਸਾਰੇ ਮਿਲ ਕੇ ਉਸ ਪ੍ਰਬੰਧ ਨੂੰ ਖ਼ਤਮ ਕਰ ਦੇਣਾ ਚਾਹੁੰਦੇ ਹਨ, ਜਿਸ ਨੂੰ ਉਹ 'ਅਰਧ-ਸਾਮੰਤੀ ਪ੍ਰਬੰਧ' ਕਹਿੰਦੇ ਹਨ। ਪਰ ਭਾਰਤ ਸਰਕਾਰ ਉਨ੍ਹਾਂ ਨੂੰ 'ਅੱਤਵਾਦੀ ਗੁੱਟ' ਮੰਨਦੀ ਹੈ। 2010 ਵਿੱਚ ਅਸੀਂ ਬਿਹਾਰ ਦੇ ਜੰਗਲਾਂ ਵਿੱਚ ਹੋਈ ਇੱਕ ਅੰਡਰਗ੍ਰਾਊਂਡ ਗੁਰੀਲਾ ਕਾਨਫਰੰਸ ਤੋਂ ਝਾਰਖੰਡ ਵਿੱਚ ਹੋਣ ਵਾਲੀ ਇੱਕ ਕਾਨਫਰੰਸ ਲਈ ਜਾ ਰਹੇ ਸੀ। ਭਾਰਤ ਦੇ ਸ਼ਹਿਰਾਂ ਦੀਆਂ ਉੱਚੀਆਂ ਅਤੇ ਚਮਕਦਾਰ ਇਮਾਰਤਾਂ ਦੇ ਮੁਕਾਬਲੇ ਕਾਨਫਰੰਸ ਦੇ ਕੈਂਪ ਬਿਲਕੁਲ ਵੱਖਰੇ ਸਨ, ਪਰ ਪ੍ਰਭਾਵਿਤ ਕਰਦੇ ਸਨ। ਉਨ੍ਹਾਂ ਰਸਤਿਆਂ ਤੋਂ ਹੋ ਕੇ ਜਿਨ੍ਹਾਂ 'ਤੇ ਸਤਰੰਗੀ ਪੀਂਘ ਦਿਖਾਈ ਦੇ ਰਹੀ ਸੀ, ਅਸੀਂ ਕੈਂਪ ਤੱਕ ਪਹੁੰਚੇ। ਉੱਥੇ ਗੁਰੀਲਿਆਂ ਲਈ ਕਮਰੇ ਸਨ, ਇੱਕ ਕਾਨਫਰੰਸ ਰੂਮ ਸੀ। ਇੱਕ ਮੈਡੀਕਲ ਟੈਂਟ, ਇੱਕ ਟੇਲਰ ਟੈਂਟ, ਇੱਕ ਕੰਪਿਊਟਰ ਰੂਮ ਅਤੇ ਇੱਕ ਰਸੋਈ ਸੀ। ਟੁਆਇਲਟ ਚਾਰੇ ਪਾਸਿਆਂ ਤੋਂ ਢੱਕੇ ਹੋਏ ਸਨ, ਜਦਕਿ ਆਲੇ-ਦੁਆਲੇ ਦੇ ਪਿੰਡਾਂ ਵਿੱਚ ਟੁਆਇਲਟ ਵੀ ਨਹੀਂ ਸਨ। ਅਜਿਹੇ ਖ਼ੁਫ਼ੀਆ ਸ਼ਹਿਰ ਬਿਨਾਂ ਨਿਸ਼ਾਨ ਛੱਡੇ ਦੋ ਘੰਟੇ ਦੇ ਅੰਦਰ ਗਾਇਬ ਕੀਤੇ ਜਾ ਸਕਦੇ ਸੀ।

**ਜਾਤ ਅਤੇ ਵਰਗ ਆਜ਼ਾਦ ਸਮਾਜ ਦੀ ਝਲਕ**

ਗੁਰੀਲਾ ਫੌਜਾਂ ਦੀ ਜ਼ਿੰਦਗੀ ਭਾਰਤੀ ਸਮਾਜ ਵਿੱਚ ਸੰਪੂਰਨ ਸਮਾਜਿਕ ਵਰਗੀਕਰਣ ਤੋਂ ਵੱਖ ਸੀ। ਇੱਕ ਛੋਟੀ ਜਿਹੀ ਜਾਤਹੀਨ ਅਤੇ ਵਰਗਹੀਣ ਦੁਨੀਆਂ ਸੀ, ਜਿਵੇਂ ਆਦਰਸ਼ਵਾਦੀ ਸਮਾਜ ਉਹ ਬਣਾਉਣਾ ਚਾਹੁੰਦੇ ਹਨ। ਮਤਭੇਦ ਮਿਟਾਉਣਾ ਜ਼ਰੂਰੀ ਸੀ। ਲਿੰਗੀ ਅਸਮਾਨਤਾ ਨੂੰ ਦੂਰ ਕਰਨਾ ਸੀ, ਮਾਨਸਿਕ ਅਤੇ ਦਸਤੀ ਮਜ਼ਦੂਰੀ ਵਿਚਾਲੇ ਭੇਦ ਮਿਟਾਇਆ ਜਾਣਾ ਸੀ। ਹਰੇਕ ਵਿਅਕਤੀ 'ਕਾਮਰੇਡ' ਸੀ ਅਤੇ ਉਸ ਨੇ ਆਪਣੀ ਜਾਤੀਗਤ ਅਤੇ ਵਰਗੀ ਪਛਾਣ ਤੋਂ ਵੱਖ ਇੱਕ ਨਵੇਂ ਨਾਮ ਨਾਲ ਮੁੜ ਜਨਮ ਲਿਆ ਸੀ। ਖਾਣ ਬਣਾਉਣ ਦੀ ਡਿਊਟੀ ਮਰਦ ਅਤੇ ਔਰਤਾਂ ਦੋਵਾਂ ਦੀ ਲਗਦੀ ਸੀ। ਨੀਵੇਂ ਪੱਧਰ ਦੇ ਕਾਡਰ ਨੂੰ ਸਿੱਖਣ ਲਈ ਛੱਡ ਦਿੱਤਾ ਜਾਂਦਾ ਸੀ ਅਤੇ ਵੱਡੇ ਲੀਡਰ ਟਾਇਲਟ ਟੋਆ ਪੁੱਟਦੇ ਸਨ। ਪਰ ਸਮੇਂ ਦੇ ਨਾਲ ਇਹ ਮਾਓਵਾਦੀ ਇੱਕ ਔਸਤ ਫੌਜ ਬਣ ਕੇ ਰਹਿ ਗਏ। ਉਨ੍ਹਾਂ ਨੇ ਖ਼ੁਦ ਨੂੰ ਜਿਉਂਦਾ ਰੱਖਣ ਲਈ ਫੌਜੀ ਰਣਨੀਤੀ 'ਤੇ ਜ਼ੋਰ ਦਿੱਤਾ ਅਤੇ ਸਮਾਜਿਕ ਨਿਆਂ ਦੀ ਲੜਾਈ ਨੂੰ ਮੁੱਖ ਰੱਖਿਆ ਗਿਆ।



ਅੱਜ ਗੁਰੀਲਿਆਂ ਦੇ ਗੜ੍ਹ ਵਾਲੇ ਇਲਾਕੇ ਸੁਰੱਖਿਆ ਬਲਾਂ ਦੀਆਂ ਅਜਿਹੀਆਂ ਟੀਮਾਂ ਨਾਲ ਘਿਰੇ ਹੋਏ ਹਨ ਜਿਨ੍ਹਾਂ ਦੇ ਝਾਰਖੰਡ ਜਗੁਆਰਸ, ਕੋਬਰਾ ਅਤੇ ਗ੍ਰੇਹਾਉਂਡਸ ਵਰਗੇ ਨਾਮ ਹਨ। ਉਨ੍ਹਾਂ ਨੂੰ ਗੁਰੀਲਿਆਂ ਨਾਲ ਜੰਗਲ ਵਿੱਚ ਲੜਾਈ ਲਈ ਹੀ ਖ਼ਾਸ ਤੌਰ 'ਤੇ ਟ੍ਰੇਨਿੰਗ ਦਿੱਤੀ ਗਈ ਹੈ। ਮਨੁੱਖੀ ਅਧਿਕਾਰ ਕਾਰਕੁਨ ਇਲਜ਼ਾਮ ਲਗਾਉਂਦੇ ਹਨ ਕਿ ਸੁਰੱਖਿਆ ਬਲਾਂ ਦੀ ਇਸ ਮੁਹਿੰਮ ਦਾ ਮਕਸਦ ਉੱਥੋਂ ਆਦਿਵਾਸੀ ਲੜਾਕਿਆਂ ਨੂੰ ਹਟਾਉਣਾ ਹੈ ਤਾਂ ਜੋ ਨਿੱਜੀ ਕੰਪਨੀਆਂ ਲਈ ਕੋਲਾ, ਲੋਹਾ ਅਤੇ ਬੌਕਸਾਈਟ ਦੇ ਖਨਨ ਦਾ ਰਾਹ ਸਾਫ਼ ਕੀਤਾ ਜਾ ਸਕੇ। ਕਈ ਭਾਰਤੀ ਅਤੇ ਮਲਟੀਨੈਸ਼ਨਲ ਕੰਪਨੀਆਂ ਨੂੰ ਖਨਣ ਅਤੇ ਬਾਕੀ ਲਾਇਸੈਂਸ ਦਿੱਤੇ ਗਏ ਹਨ। ਪਰ ਜੰਗਲਾਂ ਦੀ ਰਾਖੀ ਕਰਨ ਵਾਲੇ ਪੁਰਾਣੇ ਕਾਨੂੰਨ ਅਤੇ ਆਦਿਵਾਸੀਆਂ ਦੀਆਂ



ਜ਼ਮੀਨਾਂ ਉਨ੍ਹਾਂ ਦੇ ਰਾਹ ਵਿੱਚ ਰੋੜਾ ਬਣੇ ਹੋਏ ਹਨ। ਗੁਰੀਲਿਆਂ ਨੇ ਪੁਲਿਸ ਤੋਂ ਚੋਰੀ ਹਾਸਲ ਕੀਤੀਆਂ ਗਈਆਂ ਅਤੇ ਬਾਰੂਦੀ ਸੁਰੰਗਾ ਦੇ ਬਲਬੂਤੇ 'ਤੇ ਆਪਣਾ ਕਬਜ਼ਾ ਕੀਤਾ ਹੋਇਆ ਹੈ। ਉਹ ਕੈਮਰੇ ਅਤੇ ਫਲੈਸ਼ ਦੀ ਵਰਤੋਂ ਨਾਲ ਡੇਟੋਨੇਟਰ ਅਤੇ ਗਊ-ਮੂਤਰ ਤੋਂ ਵਿਸਫੋਟਕ ਬਣਾਉਣ ਦਾ ਦਾਅਵਾ ਕਰਦੇ ਹਨ। ਪਰ ਉਹ ਹੁਣ ਗਿਣਤੀ ਵਿੱਚ ਦਸ ਹਜ਼ਾਰ ਤੋਂ ਵੀ ਘੱਟ ਹਨ ਅਤੇ ਉਹ ਭਾਰਤ ਸਰਕਾਰ ਦੇ ਸੁਰੱਖਿਆ ਤੰਤਰ ਦੀ ਤਾਕਤ ਦਾ ਗੁੱਸਾ ਝੱਲ ਰਹੇ ਹਨ। ਇਸ ਲਈ ਉਨ੍ਹਾਂ ਦੀਆਂ ਗਤੀਵਿਧੀਆਂ ਬਹੁਤ ਸੀਮਤ ਰਹਿ ਗਈਆਂ ਹਨ। ਭਾਰਤ ਦੇ ਆਦਿਵਾਸੀ ਇਲਾਕਿਆਂ ਵਿੱਚ ਹੁਣ ਸੜਕਾਂ ਅਤੇ ਬਿਜਲੀ ਦੀਆਂ ਤਾਰਾਂ ਪੁੱਜਣ ਲੱਗੀਆਂ ਹਨ। ਨਵੇਂ ਢਾਂਚੇ ਨੇ ਸੁਰੱਖਿਆ ਬਲਾਂ ਦੇ ਆਉਣ-ਜਾਣ ਦਾ ਰਾਹ ਸੌਖਾ ਕਰ ਦਿੱਤਾ ਹੈ। ਸਾਊਥ ਏਸ਼ੀਆ ਟੈਰਰਿਸਟ ਪੋਰਟਲ ਦੇ ਮੁਤਾਬਕ ਪਿਛਲੇ 6 ਸਾਲਾਂ ਵਿੱਚ ਕਰੀਬ 6 ਹਜ਼ਾਰ ਕਥਿਤ ਨਕਸਲੀਆਂ ਨੇ ਆਤਮ-ਸਮਰਪਣ ਕੀਤਾ ਹੈ। ਪਰ ਮਨੁੱਖੀ ਅਧਿਕਾਰ ਕਾਰਕੁਨਾਂ ਮੁਤਾਬਕ ਇਨ੍ਹਾਂ ਵਿੱਚੋਂ ਬਹੁਤ ਸਾਰੇ ਲੋਕ ਆਦਿਵਾਸੀ ਸਨ ਜਿਨ੍ਹਾਂ ਨੂੰ ਪੁਲਿਸ ਨੇ ਜ਼ਬਰਦਸਤੀ ਨਕਸਲੀ ਸਾਬਤ ਕੀਤਾ। ਇਕੱਲੇ ਝਾਰਖੰਡ ਵਿੱਚ ਹੀ ਕਰੀਬ 4000 ਆਦਿਵਾਸੀਆਂ 'ਤੇ ਨਕਸਲੀ ਹੋਣ ਦੇ ਇਲਜ਼ਾਮ ਲੱਗੇ ਹਨ, ਇਹ ਆਦਿਵਾਸੀ ਬਿਨਾਂ ਕਿਸੇ ਸੁਣਵਾਈ ਦੇ ਸਾਲਾਂ ਤੋਂ ਜੇਲ ਵਿੱਚ ਬੰਦ ਹਨ। ਤਮਾਮ ਮੁਸ਼ਕਿਲਾਂ ਦੇ ਬਾਵਜੂਦ ਨਕਸਲੀ ਅੰਦੋਲਨ ਚਲਦਾ ਰਿਹਾ ਅਤੇ ਜਦੋਂ-ਜਦੋਂ ਸਰਕਾਰ ਨੇ ਸੋਚਿਆ ਕਿ ਇਹ ਖ਼ਤਮ ਹੋ ਗਿਆ ਹੈ ਉਦੋਂ-ਉਦੋਂ ਇਹ ਮੁੜ ਉਭਰ ਕੇ ਸਾਹਮਣੇ ਆਇਆ।



# ਪਿੰਡ ਦੇ ਬਜ਼ੁਰਗਾਂ ਨੂੰ ਹਵਾਈ ਯਾਤਰਾ ਕਰਵਾਉਣ ਵਾਲਾ ਪਾਇਲਟ



ਹਰਿਆਣਾ ਦੇ ਹਿਸਾਰ ਸ਼ਹਿਰ ਤੋਂ ਕੋਈ 15 ਕਿਲੋਮੀਟਰ ਦੂਰ ਵਸਦੇ ਪਿੰਡ ਸਾਰੰਗਪੁਰ ਦੇ ਨੌਜਵਾਨ ਵਿਕਾਸ ਬਿਸ਼ਨੋਈ ਨੂੰ ਇੰਡੀਗੋ ਏਅਰਲਾਈਨ ਵਿੱਚ ਪਾਇਲਟ ਦੀ ਨੌਕਰੀ ਮਿਲੀ ਹੈ। ਆਪਣੀ ਖ਼ੁਸ਼ੀ ਸਾਂਝੀ ਕਰਨ ਲਈ ਵਿਕਾਸ ਨੇ ਪਿੰਡ ਦੇ 23 ਬਜ਼ੁਰਗਾਂ ਨੂੰ ਦਿੱਲੀ ਤੋਂ ਅੰਮ੍ਰਿਤਸਰ ਤੱਕ ਦੀ ਹਵਾਈ ਸੈਰ ਕਰਵਾਈ ਤਾਂ ਕਿ ਉਹ ਹਰਿਮੰਦਰ ਸਾਹਿਬ ਦੇ ਦਰਸ਼ਨ ਕਰ ਸਕਣ, ਜਲ੍ਹਿਆਂਵਾਲਾ ਬਾਗ ਅਤੇ ਵਾਘਾ ਬਾਰਡਰ ਦੇਖ ਸਕਣ। ਇਹ ਉਹ ਲੋਕ ਹਨ ਜੋ ਕਦੇ ਆਪਣੇ ਪਿੰਡ ਤੋਂ ਬਾਹਰ ਨਹੀਂ ਨਿਕਲੇ। ਇਨ੍ਹਾਂ ਯਾਤਰੀਆਂ ਵਿੱਚੋਂ ਹੀ ਇੱਕ ਸਨ 80 ਸਾਲਾ ਜੈਤਾ ਦੇਵੀ।ਉਨ੍ਹਾਂ ਨੇ ਪਹਿਲੀ ਵਾਰ ਹਵਾਈ ਜਹਾਜ਼ ਦਾ ਸਫ਼ਰ ਕੀਤਾ ਸੀ। ਛੇ ਬੱਚਿਆਂ ਦੀ ਮਾਂ ਨੇ ਦੱਸਿਆ ਕਿ ਤਿੰਨ ਤੋਂ ਪੰਜ ਅਕਤੂਬਰ ਦਰਮਿਆਨ ਉਨ੍ਹਾਂ ਨੇ ਤਿੰਨ-ਤਿੰਨ ਜੀਵਨ ਜਿਊਂ ਲਏ। ਉਨ੍ਹਾਂ ਦੱਸਿਆ, "ਮੈਂ ਪਹਿਲੀ ਵਾਰ ਹਵਾਈ ਜਹਾਜ਼ ਵਿੱਚ ਬੈਠੀ ਸੀ, ਪਹਿਲੀ ਵਾਰ ਹਰਿਮੰਦਿਰ ਸਾਹਿਬ ਗਏ, ਵਾਘਾ ਸਰਹੱਦ ਉੱਪਰ ਵੀ ਗਏ ਜਿੱਥੇ ਲੋਕ ਭਾਰਤ ਮਾਤਾ ਦੀ ਜੈ ਦੇ ਨਾਅਰੇ ਲਾ ਰਹੇ ਸਨ।" ਰਵਾਇਤੀ ਹਰਿਆਣਵੀਂ ਪਹਿਰਾਵੇ ਘੱਗਰੇ ਕੁਰਤੀ ਪਹਿਨੀ ਜੈਤਾ ਦੇਵੀ ਨੇ ਕਿਹਾ, "ਜੇ ਮੈਂ ਅੱਜ ਮਰ ਵੀ ਜਾਵਾਂ ਤਾਂ ਮੈਨੂੰ ਜ਼ਿੰਦਗੀ ਵਿੱਚ ਕੋਈ ਇੱਛਾ ਅਧੂਰੀ ਰਹਿਣ ਦਾ ਅਫਸੋਸ ਨਹੀਂ ਹੋਵੇਗਾ।" 70 ਸਾਲਾਂ ਦੀ ਕਕਰੀ ਦੇਵੀ ਨੇ ਕਿਹਾ, "ਮੇਰੇ ਖੇਤਾਂ ਵਿੱਚੋਂ ਹਵਾਈ ਜਹਾਜ਼ ਚਿੜੀ ਵਰਗਾ ਦਿਖਾਈ ਦਿੰਦਾ ਹੈ ਪਰ ਅਸਲ ਵਿੱਚ ਤਾਂ ਇਹ ਦਸ ਹਾਥੀਆਂ ਜਿਨ੍ਹਾਂ ਵੱਡਾ ਹੁੰਦਾ ਹੈ।" ਉਨ੍ਹਾਂ ਇਹ ਵੀ ਦੱਸਿਆ ਕਿ ਉਨ੍ਹਾਂ ਦੇ ਰਵਾਇਤੀ ਪਹਿਰਾਵੇ ਕਰਕੇ ਬਾਕੀ ਸਵਾਰੀਆਂ ਉਨ੍ਹਾਂ ਨੂੰ ਅਜੀਬ ਨਿਗ੍ਹਾਂ ਨਾਲ ਦੇਖ ਰਹੇ ਸਨ। ਕੁਝ ਅਜਿਹੀਆਂ ਹੀ ਦਿਲਚਸਪ ਕਹਾਣੀਆਂ ਬਾਕੀ ਔਰਤਾਂ ਕੋਲ ਵੀ ਹਨ।

**ਦੂਸਰੀ ਦੁਨੀਆਂ ਦੀ ਸੈਰ**

ਇਸ ਯਾਤਰਾ ਵਿੱਚ ਸ਼ਾਮਲ ਸਭ ਤੋਂ ਘੱਟ ਉਮਰ ਦੀ ਬੇਬੇ ਸੀ 65 ਸਾਲਾਂ ਦੀ ਬਿਮਲਾ ਦੇਵੀ। ਉਨ੍ਹਾਂ ਦੱਸਿਆ, "ਜਦੋਂ 45 ਦਿਨ ਪਹਿਲਾਂ ਵਿਕਾਸ ਨੇ ਸਾਨੂੰ 22 ਜਣਿਆਂ ਨੂੰ ਚੱਲਣ ਲਈ ਕਿਹਾ ਤਾਂ ਪਿੰਡ ਵਾਲਿਆਂ ਨੇ ਸਾਨੂੰ ਡਰਾਇਆ ਸੀ ਕਿ ਔਖਾ ਹੋਵੇਗਾ। ਦਿਲ ਕੰਮ ਕਰਨਾ ਬੰਦ ਕਰ ਦੇਵੇਗਾ ਪਰ ਅਜਿਹਾ ਕੁਝ ਨਹੀਂ ਹੋਇਆ।" ਇਨ੍ਹਾਂ ਦਾਦੀਆਂ ਨੇ ਇਕਠਿਆਂ ਹੀ ਕਿਹਾ,"ਅਸੀਂ ਤਾਂ ਘਰ, ਖੇਤ, ਮੱਝ ਹੀ ਦੇਖੀ ਸੀ। ਹਵਾਈ ਜਹਾਜ਼, ਹਰਿਮੰਦਰ, ਜਲ੍ਹਿਆਂਵਾਲਾ ਬਾਗ, ਵਾਘਾ ਬਾਰਡਰ ਜਦੋਂ ਦੇਖਿਆ ਤਾਂ ਲੱਗਿਆ ਕਿ ਦੂਸਰੀ ਦੁਨੀਆਂ ਵਿੱਚ ਆ ਗਏ ਹਾਂ।" 78 ਸਾਲਾ ਅਮਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਵਿੱਚੋਂ ਵਧੇਰੇ ਲੋਕ ਖਿੜਕੀ ਵਾਲੇ ਪਾਸੇ ਬੈਠੇ ਸਨ, ਤਾਂ ਕਿ ਥੱਲੇ ਦੇਖ ਸਕਣ। ਚਾਰ ਬੱਚਿਆਂ ਦੇ ਦਾਦਾ ਅਮਰ ਸਿੰਘ ਨੇ ਦੱਸਿਆ, "ਜਦੋਂ ਹਵਾਈ ਜਹਾਜ਼ ਉਚਾਈ ਉੱਪਰ ਪਹੁੰਚਿਆ ਤਾਂ ਕੰਨ ਵਿੱਚ ਥੋੜ੍ਹੀ ਮੁਸ਼ਕਿਲ ਹੋਈ ਪਰ ਦਿੱਕਤ ਨਹੀਂ ਹੋਈ। ਬੱਦਲਾਂ ਨੂੰ ਦੇਖ ਕੇ ਮੈਂ ਕਿਸੇ ਦਸ ਸਾਲਾਂ ਦੇ ਬੱਚੇ ਵਾਂਗ ਲੁਤਫ਼ ਲੈ ਰਿਹਾ ਸੀ।" 71 ਸਾਲਾਂ ਦੇ ਆਤਮਾ ਰਾਮ ਨੇ ਬੋਰਡਿੰਗ ਪਾਸ ਆਪਣੀ ਛਾਤੀ ਨਾਲ ਚਿਪਕਾਇਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਜਦੋਂ ਉਹ ਪਿੰਡ ਵਾਲਿਆਂ ਨੂੰ ਹਵਾ ਵਿੱਚ ਉੱਡਣ ਦੀ ਗੱਲ ਸੁਣਾਉਂਦੇ ਹਨ ਤਾਂ ਕਈ ਲੋਕ ਹਾਲੇ ਵੀ ਯਕੀਨ ਨਹੀਂ ਕਰਦੇ। ਛੇ ਬੱਚਿਆਂ ਦੇ ਦਾਦੇ ਆਤਮਾ ਰਾਮ ਨੇ ਦੱਸਿਆ ਕਿ ਉਹ ਬੋਰਡਿੰਗ ਪਾਸ ਇਸ ਲਈ ਛਾਤੀ ਨਾਲ ਲਾ ਕੇ ਰੱਖਦੇ ਹਨ ਤਾਂ ਕਿ ਸਬੂਤ ਵਜੋਂ ਦਿਖਾ ਸਕਣ।



**ਪਿਤਾ ਤੋਂ ਮਿਲੀ ਸਿੱਖਿਆ**

ਪਿੰਡ ਦੇ ਬਜ਼ੁਰਗਾਂ ਦੀ ਇਸ ਹਵਾਈ ਯਾਤਰਾ ਦਾ ਖ਼ਰਚਾ ਵਿਕਾਸ ਬਿਸ਼ਨੋਈ ਨੇ ਕੀਤਾ ਹੈ। ਉਹ ਜਦੋਂ 2010 ਵਿੱਚ ਪੇਸ਼ੇਵਰ ਪਾਇਲਟ ਦਾ ਕੋਰਸ ਕਰਕੇ ਅਮਰੀਕਾ ਦੇ ਕੈਲੀਫੋਰਨੀਆ ਤੋਂ ਵਾਪਸ ਆਏ ਇਹ ਵਿਚਾਰ ਉਸ ਸਮੇਂ ਤੋਂ ਹੀ ਉਨ੍ਹਾਂ ਦੇ ਮਨ ਵਿੱਚ ਸੀ। ਪਿੰਡ ਦੀਆਂ ਬਜ਼ੁਰਗ ਔਰਤਾਂ ਵਿਕਾਸ ਨੂੰ ਕਹਿੰਦੀਆਂ ਸਨ, "ਪੁੱਤ ਹੁਣ ਤਾਂ ਯਮਰਾਜ ਨੂੰ ਮਿਲਣ ਦਾ ਸਮਾਂ ਆ ਗਿਆ ਹੈ ਇੱਕ ਵਾਰ ਜਹਾਜ਼ ਵਿੱਚ ਤਾਂ ਬਿਠਾ ਦੇ।" ਵਿਕਾਸ ਬਿਸ਼ਨੋਈ ਕਹਿੰਦੇ ਹਨ, "ਉਨ੍ਹਾਂ ਲਈ ਮੇਰੇ ਕਮਰਸ਼ੀਅਲ ਪਾਇਲਟ ਦਾ ਕੋਰਸ ਪੂਰਾ ਕਰਨ ਦਾ ਮਤਲਬ ਸੀ ਕਿ ਮੈਂ ਅਗਲੇ ਦਿਨੋਂ ਹੀ ਜਹਾਜ਼ ਉਡਾਉਣ ਲੱਗ ਪਿਆ ਹਾਂ। ਜਦੋਂ ਸਾਲ 2017 ਵਿੱਚ ਮੈਨੂੰ ਨੌਕਰੀ ਮਿਲੀ ਤਾਂ ਮੈਂ ਮਿੱਥ ਲਿਆ ਕਿ ਇਨ੍ਹਾਂ ਲੋਕਾਂ ਦਾ ਸੁਪਨਾ ਪੂਰਾ ਕਰਨਾ ਹੈ।" ਸਸਤੀਆਂ ਟਿਕਟਾਂ ਹਾਸਲ ਕਰਨ ਲਈ ਵਿਕਾਸ ਨੇ 40 ਦਿਨ ਪਹਿਲਾਂ ਟਿਕਟਾਂ ਖ਼ਰੀਦੀਆਂ। ਵਿਕਾਸ ਦੇ ਪਿਤਾ ਮਹਿੰਦਰ ਬਿਸ਼ਨੋਈ ਹਿਸਾਰ ਵਿੱਚ ਬੈਂਕ ਮੈਨੇਜਰ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਲੋਕਾਂ ਨੇ ਲੜਾਈ ਉੱਪਰ ਜਾਣ ਵਰਗੀ ਤਿਆਰੀ ਕੀਤੀ ਹੈ। ਵਿਕਾਸ ਮੁਤਾਬਕ ਜਦੋਂ ਇਹ ਲੋਕ ਅੰਮ੍ਰਿਤਸਰ ਪਹੁੰਚੇ ਤਾਂ ਇਨ੍ਹਾਂ ਨੇ ਪਾਇਲਟ ਨੂੰ ਕਾਕਪਿਟ ਦਿਖਾਉਣ ਨੂੰ ਕਿਹਾ। ਵਿਕਾਸ ਨੇ ਦੱਸਿਆ ਕਿ ਇਨ੍ਹਾਂ ਲੋਕਾਂ ਦੀ ਉਤਸੁਕਤਾ ਦੇਖ ਕੇ ਕਾਕਪਿਟ ਦਿਖਾਉਣ ਦੀ ਆਗਿਆ ਦੇ ਦਿੱਤੀ ਗਈ ਜਿਸ ਨੂੰ ਦੇਖ ਕੇ ਉਹ ਹੈਰਾਨੀ ਨਾਲ ਭਰ ਗਏ।

# ਖ਼ੌਫ਼ਜ਼ਦਾ ਪਰਵਾਸੀ ਇਸ ਲਈ ਕਰ ਰਹੇ ਗੁਜਰਾਤ 'ਚੋਂ ਹਿਜ਼ਰਤ






ਗੁਜਰਾਤ ਵਿੱਚ ਬਲਾਤਕਾਰ ਦੀ ਇੱਕ ਘਟਨਾ ਨੇ ਗ਼ੈਰ-ਗੁਜਰਾਤੀਆਂ ਲਈ ਹਾਲਾਤ ਮੁਸ਼ਕਲ ਕਰ ਦਿੱਤੇ ਹਨ। ਸਾਬਰਕਾਂਠਾ ਜ਼ਿਲ੍ਹੇ 'ਚ ਇੱਕ ਬਿਹਾਰੀ ਮਜ਼ਦੂਰ ਨੂੰ 14 ਮਹੀਨਿਆਂ ਦੀ ਇੱਕ ਬੱਚੀ ਨਾਲ ਬਲਾਤਕਾਰ ਦੇ ਇਲਜ਼ਾਮ 'ਚ ਗ੍ਰਿਫਤਾਰ ਕੀਤਾ ਗਿਆ ਹੈ। ਇਸ ਤੋਂ ਬਾਅਦ ਸਥਾਨਕ ਵਾਸੀਆਂ 'ਚ ਗੈਰ-ਗੁਜਰਾਤੀਆਂ ਪ੍ਰਤੀ ਗੁੱਸਾ ਵਧਦਾ ਜਾ ਰਿਹਾ ਹੈ। ਹਿੰਮਤਨਗਰ 'ਚ ਰਹਿ ਰਹੇ ਬਾਹਰੀ ਮਜ਼ਦੂਰਾਂ ਨੂੰ ਸ਼ਹਿਰ ਛੱਡ ਕੇ ਜਾਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਪੁਲਿਸ ਮੁਤਾਬਕ ਹੁਣ ਤੱਕ ਇਨ੍ਹਾਂ ਉੱਤੇ ਹਮਲਿਆਂ ਦੀਆਂ 18 ਘਟਨਾਵਾਂ ਹੋ ਚੁੱਕੀਆਂ ਹਨ। ਖੌਫ਼ ਹੁਣ ਆਲੇ-ਦੁਆਲੇ ਦੇ ਜ਼ਿਲ੍ਹਿਆਂ 'ਚ ਵੀ ਫੈਲ ਰਿਹਾ ਹੈ। ਲੋਕ ਘਰ ਛੱਡ ਕੇ ਜਾ ਰਹੇ ਹਨ। ਅਧਿਕਾਰੀਆਂ ਮੁਤਾਬਕ ਵੱਟਸਐਪ 'ਤੇ ਸੋਸ਼ਲ ਮੀਡੀਆ ਰਾਹੀਂ ਇਹ ਮਾਹੌਲ ਬਣਾਇਆ ਗਿਆ। ਲੋਕ ਪੁਲਿਸ ਦੀ ਕਾਰਵਾਈ ਨੂੰ ਨਾਕਾਫ਼ੀ ਮੰਨ ਰਹੇ ਹਨ।

**ਇੰਝ ਸ਼ੁਰੂ ਹੋਇਆ ਮਾਮਲਾ**

ਬਲਾਤਕਾਰ ਦੇ ਮਾਮਲੇ 'ਚ 19-ਸਾਲਾਂ ਫੈਕਟਰੀ ਮਜ਼ਦੂਰ ਰਵਿੰਦਰ ਗੋਂਡੇ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਹ ਜਿਸ ਫੈਕਟਰੀ 'ਚ ਕੰਮ ਕਰਦਾ ਸੀ ਉਸੇ ਦੇ ਸਾਹਮਣੇ ਇੱਕ ਹੱਟੀ 'ਤੇ ਚਾਹ-ਨਾਸ਼ਤੇ ਲਈ ਜਾਂਦਾ ਸੀ। ਇਲਜ਼ਾਮ ਹਨ ਕਿ ਉਸੇ ਦੁਕਾਨ ਦੇ ਨੇੜੇ ਸੌਂ ਰਹੀ ਬੱਚੀ ਨੂੰ ਖੇਤਾਂ 'ਚ ਲਿਜਾ ਕੇ ਉਸ ਨੇ ਬਲਾਤਕਾਰ ਕੀਤਾ ਤੇ ਫਿਰ ਫਰਾਰ ਹੋ ਗਿਆ। ਪੀੜਤ ਬੱਚੀ ਦਾ ਅਹਿਮਦਾਬਾਦ ਦੇ ਸਿਵਲ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ। ਹਸਪਤਾਲ ਦੇ ਪੀਡੀਆਟ੍ਰਿਕ ਮਹਿਕਮੇ ਦੇ ਮੁਖੀ ਡਾ. ਰਾਜੇਂਦਰ ਜੋਸ਼ੀ ਨੇ ਦੱਸਿਆ, "ਕਾਫੀ ਖ਼ੂਨ ਵਹਿ ਜਾਣ ਕਾਰਨ ਬੱਚੀ ਦੀ ਹਾਲਤ ਨਾਜ਼ੁਕ ਸੀ ਪਰ ਹੁਣ ਉਹ ਖਤਰੇ ਤੋਂ ਬਾਹਰ ਹੈ।" ਬੱਚੀ ਦੇ ਦਾਦਾ ਅਮਰ ਸਿੰਘ (ਬਦਲਿਆ ਹੋਇਆ ਨਾਮ) ਦਾ ਕਹਿਣਾ ਹੈ, "ਸਾਡੇ ਘਰ ਉੱਤੇ ਤਾਂ ਮੁਸੀਬਤ ਆ ਗਈ ਹੈ। ਮੇਰੀ ਪੋਤੀ ਦੇ ਨਾਲ ਅਜਿਹਾ ਹੋਇਆ। ਉਸ ਤੋਂ ਬਾਅਦ ਪੁਲਿਸ ਨੇ ਸੁਰੱਖਿਆ ਕਾਰਨਾਂ ਕਰਕੇ ਸਾਡੀ ਦੁਕਾਨ ਬੰਦ ਕਰਵਾ ਦਿੱਤੀ। ਕਮਾਈ ਬੰਦ ਹੋ ਗਈ ਹੈ। ਦੋ ਵੇਲੇ ਦੇ ਖਾਣੇ ਦੀ ਵੀ ਮੁਸ਼ਕਿਲ ਹੈ।"

**ਨਫ਼ਰਤ ਭਰੇ ਸੁਨੇਹੇ**

ਮੁਲਜ਼ਮ ਰਵੀਂਦਰ ਗੋਂਡੇ ਦੀ ਗ੍ਰਿਫ਼ਤਾਰੀ ਤੋਂ ਬਾਅਦ ਇਹ ਮੁੱਦਾ 'ਗੁਜਰਾਤੀ ਬਨਾਮ ਬਾਹਰੀ' ਵਿੱਚ ਤਬਦੀਲ ਹੋ ਗਿਆ ਹੈ। ਇਸ ਵਿੱਚ ਵੱਡਾ ਯੋਗਦਾਨ ਹੈ ਸੋਸ਼ਲ ਮੀਡੀਆ 'ਤੇ ਨਫ਼ਰਤ ਭਰੇ ਮੈਸੇਜਾਂ ਦਾ ਵੀ ਹੈ। ਇਸ ਇਲਾਕੇ ਵਿੱਚ ਤਕਰੀਬਨ ਸਵਾ ਲੱਖ ਬਾਹਰੀ ਲੋਕ ਰਹਿੰਦੇ ਹਨ। ਹਿੰਮਤਨਗਰ ਦੇ ਸ਼ਕਤੀਨਗਰ ਇਲਾਕੇ ਵਿੱਚ ਕਿਰਾਏ ਦੇ ਮਕਾਨਾਂ ਵਿੱਚ ਵੱਡੀ ਗਿਣਤੀ ਵਿੱਚ ਬਾਹਰੀ ਲੋਕ ਰਹਿੰਦੇ ਸਨ। ਇੱਥੇ ਕਈ ਘਰਾਂ ਵਿੱਚ ਤਾਲਾ ਜੜਿਆ ਹੋਇਆ ਹੈ। ਕੁਝ ਬੰਦ ਘਰਾਂ ਦੇ ਬਾਹਰ ਹੁਣ ਵੀ ਕਪੜੇ ਸੁਕ ਰਹੇ ਹਨ। ਲੋਕ ਆਪਣੇ ਟੀਵੀ, ਰੈਫਰੀਜਰੇਟਰ ਵਰਗੀਆਂ ਚੀਜ਼ਾਂ ਕਾਫ਼ੀ ਘੱਟ ਕੀਮਤਾਂ 'ਤੇ ਵੇਚ ਕੇ ਜਾ ਰਹੇ ਹਨ। ਸਾਬਰਕਾਂਠਾ ਸਿਰਾਮਿਕ ਐਸੋਸੀਏਸ਼ਨ ਦੇ ਸਕੱਤਰ ਕਮਲੇਸ਼ ਪਟੇਲ ਕਹਿੰਦੇ ਹਨ, "ਸਾਬਰਕਾਂਠਾ ਵਿੱਚ ਹਰ ਮਹੀਨੇ 80 ਤੋਂ 90 ਕਰੋੜ ਦਾ ਟਾਈਲਾਂ ਦਾ ਕਾਰੋਬਾਰ ਹੁੰਦਾ ਹੈ, ਜਿਸ ਵਿੱਚ ਕੰਮ ਕਰਨ ਵਾਲਿਆਂ ਵਿੱਚ 50-60 ਫੀਸਦੀ ਲੋਕ ਬਾਹਰੀ ਹਨ। ਇਸ ਘਟਨਾ ਤੋਂ ਬਾਅਦ 30-35 ਫੀਸਦੀ ਲੋਕ ਉੱਤਰ ਭਾਰਤ ਵਾਪਸ ਚਲੇ ਗਏ ਹਨ। ਇਸ ਨਾਲ ਸਿਰਾਮਿਕ ਸਨਅਤ 'ਤੇ ਮਾੜਾ ਅਸਰ ਪਿਆ ਹੈ।"

**'ਅਸੀਂ ਤਿੰਨ ਦਿਨਾਂ ਤੋਂ ਘਰੋਂ ਬਾਹਰ ਨਹੀਂ ਨਿਕਲੇ'**

ਸਾਬਰਕਾਂਠਾ ਹਾਈਵੇਅ ਕੋਲ ਬਸਤੀ ਵਿੱਚ ਰਹਿ ਰਹੇ ਮਨੋਜ ਸ਼ਰਮਾ ਉੱਤਰ ਪ੍ਰਦੇਸ਼ ਦੇ ਆਗਰਾ ਵਿੱਚ ਰਹਿਣ ਵਾਲੇ ਹਨ। ਬੀਤੇ 10 ਸਾਲਾਂ ਤੋਂ ਉਹ ਇਹ ਕੰਮ ਕਰਦੇ ਹਨ। ਮਨੋਜ ਅਤੇ ਉਨ੍ਹਾਂ ਦੇ ਪਰਿਵਾਰ ਡਰ ਦੇ ਸਾਏ ਵਿੱਚ ਜੀ ਰਿਹਾ ਹੈ। ਉਨ੍ਹਾਂ ਨੇ ਬੀਬੀਸੀ ਨਾਲ ਗੱਲਬਾਤ ਕਰਦੇ ਹੋਏ ਕਿਹਾ, "ਮੇਰੀ ਪਤਨੀ ਦੀ ਤਬੀਅਤ ਠੀਕ ਨਹੀਂ ਹੈ ਪਰ ਮੈਂ ਉਨ੍ਹਾਂ ਨੂੰ ਹਸਪਤਾਲ ਨਹੀਂ ਲੈ ਕੇ ਜਾ ਸਕਦਾ ਕਿਉਂਕਿ ਅਸੀਂ ਡਰੇ ਹੋਏ ਹਾਂ। ਤਿੰਨ ਦਿਨਾਂ ਤੋਂ ਪੂਰਾ ਪਰਿਵਾਰ ਘਰ ਤੋਂ ਬਾਹਰ ਨਹੀਂ ਗਿਆ।" ਉਨ੍ਹਾਂ ਦੀ ਪਤਨੀ ਗਿਰਿਸ਼ਾ ਸ਼ਰਮਾ ਨੇ ਦੱਸਿਆ, "ਸਾਨੂੰ ਬਾਹਰ ਜਾਣ ਤੋਂ ਡਰ ਲਗ ਰਿਹਾ ਹੈ। ਘਰ ਵਿੱਚ ਦਾਲ ਅਤੇ ਰੋਟੀ ਖਾ ਕੇ ਜੀ ਰਹੇ ਹਾਂ ਕਿਉਂਕਿ ਸਬਜ਼ੀ ਖਰੀਦਣ ਦੇ ਲਈ ਬਾਹਰ ਜਾਣਾ ਸੰਭਵ ਨਹੀਂ।" ਇਸੇ ਬਸਤੀ ਵਿੱਚ ਰਹਿ ਰਹੇ ਹਰੀਓਮ ਤ੍ਰਿਵੇਦੀ ਵੀ ਆਪਣੇ ਪੰਜ ਸਾਲ ਦੇ ਬੱਚੇ ਨੂੰ ਹਸਪਤਾਲ ਲੈ ਕੇ ਜਾਣ ਤੋਂ ਡਰ ਰਹੇ ਹਨ। ਉਹ ਕਹਿੰਦੇ ਹਨ, "ਮੈਂ ਬੱਚੇ ਨੂੰ ਹਸਪਤਾਲ ਨਹੀਂ ਲੈ ਕੇ ਜਾ ਸਕਦਾ। ਨੇੜੇ-ਤੇੜੇ ਦੇ ਇਲਾਕਿਆਂ ਵਿੱਚ ਜਿਸ ਤਰੀਕੇ ਨਾਲ ਲੋਕਾਂ ਨੂੰ ਕੁੱਟਿਆ ਗਿਆ ਹੈ, ਉਸ ਤੋਂ ਮੈਨੂੰ ਵੀ ਡਰ ਹੈ ਕਿ ਕਿਤੇ ਮੈਂ ਬੱਚਿਆਂ ਨੂੰ ਲੈ ਕੇ ਬਾਹਰ ਨਿਕਲਿਆ ਤਾਂ ਮੇਰੇ 'ਤੇ ਵੀ ਹਮਲਾ ਹੋ ਸਕਦਾ ਹੈ।" ਉਨ੍ਹਾਂ ਦੀ ਪਤਨੀ ਰਮਾ ਤ੍ਰਿਵੇਦੀ ਕਹਿੰਦੀ ਹੈ, "ਟੀਵੀ 'ਤੇ ਖ਼ਬਰਾਂ ਵਿੱਚ ਹਿੰਸਾ ਦੇ ਦ੍ਰਿਸ਼ ਦੇਖ ਕੇ ਸਾਡਾ ਡਰ ਹੋਰ ਵੱਧ ਗਿਆ ਹੈ। ਮੈਂ ਰੋਜ਼ਾਨਾ ਰੱਬ ਨੂੰ ਅਰਦਾਸ ਕਰਦੀ ਹਾਂ ਕਿ ਮੇਰੇ ਪਰਿਵਾਰ 'ਤੇ ਅਜਿਹਾ ਹਮਲਾ ਨਾ ਹੋਵੇ।"

**ਡਰ ਦਾ ਚੱਕਰ**

ਹਿੰਮਤਨਗਰ ਵਿੱਚ ਜੋ ਕੁਝ ਹੋਇਆ, ਉਸ ਦਾ ਅਸਰ ਸਾਬਰਕਾਂਠਾ, ਮਿਹਸਾਣਾ, ਗਾਂਧੀਨਰਗਰ ਅਤੇ ਅਹਿਮਦਾਬਾਦ ਦੇ ਚਾਂਦਖੇੜਾ, ਅਮਰਾਈਵਾੜੀ, ਬਾਪੂਨਗਰ ਅਤੇ ਓਢਵ ਵਰਗੇ ਇਲਾਕਿਆਂ ਵਿੱਚ ਦਿਖ ਰਿਹਾ ਹੈ, ਜਿੱਥੇ ਬਾਹਰੀ ਲੋਕ ਵੱਡੀ ਗਿਣਤੀ ਵਿੱਚ ਵੱਸਦੇ ਹਨ। ਸੂਰਤ ਦੇ ਸਚਿਨ, ਪਾਂਡੇਸਰਾ, ਡਿੰਡੋਲੀ ਅਤੇ ਡੁੱਮਸ ਵਰਗੇ ਸਨਅਤੀ ਵਿਸਤਾਰ ਵਿੱਚ ਵੀ ਡਰ ਦਾ ਮਾਹੌਲ ਹੈ। ਪੁਲਿਸ ਚੌਕਸ ਦਿਖ ਰਹੀ ਹੈ ਅਤੇ ਇਨ੍ਹਾਂ ਇਲਾਕਿਆਂ ਵਿੱਚ ਗਸ਼ਤ ਵਧਾ ਦਿੱਤੀ ਗਈ ਹੈ। ਪਰ ਸੋਸ਼ਲ ਮੀਡੀਆ 'ਤੇ ਨਫ਼ਰਤ ਭਰੇ ਸੁਨੇਹੇ ਅਤੇ ਫਰਜ਼ੀ ਵੀਡੀਓ ਕਾਰਨ ਹਾਲਾਤ ਵਿਗੜ ਰਹੇ ਹਨ।

**150 ਲੋਕਾਂ ਦੀ ਗ੍ਰਿਫ਼ਤਾਰੀ**

ਇਸ ਸੰਦਰਭ ਵਿੱਚ ਗੁਜਰਾਤ ਦੇ ਡੀਜੀਪੀ ਸ਼ਿਵਾਨੰਦ ਝਾ ਨੇ ਬੀਬੀਸੀ ਨਾਲ ਗੱਲਬਾਤ ਕਰਦੇ ਹੋਏ ਕਿਹਾ, "ਗੁਜਰਾਤ ਵਿੱਚ ਬਾਹਰੀ ਲੋਕਾਂ 'ਤੇ ਹੋ ਰਹੀ ਹਿੰਸਾ ਦੇ ਮਾਮਲੇ ਵਿੱਚ 18 ਮਾਮਲੇ ਦਰਜ ਕੀਤੇ ਗਏ ਹਨ। ਪ੍ਰਭਾਵਿਤ ਇਲਾਕਿਆਂ ਵਿੱਚ ਗਸ਼ਤ ਵਧਾ ਦਿੱਤੀ ਗਈ ਹੈ। ਸਟੇਟ ਰਿਜ਼ਰਵ ਪੁਲਿਸ ਦੀਆਂ 20 ਕੰਪਨੀਆਂ ਇਨ੍ਹਾਂ ਇਲਾਕਿਆਂ ਵਿੱਚ ਤੈਨਾਤ ਕੀਤੀਆਂ ਗਈਆਂ ਹਨ। ਹੁਣ ਤੱਕ ਇਸ ਮਾਮਲੇ ਵਿੱਚ 150 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।" ਉਨ੍ਹਾਂ ਨੇ ਦੱਸਿਆ ਕਿ ਜਿਨ੍ਹਾਂ ਫੈਕਟਰੀਆਂ ਵਿੱਚ ਬਾਹਰੀ ਲੋਕ ਕੰਮ ਕਰਦੇ ਹਨ ਉੱਥੇ ਵੀ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੇ ਸੁਨੇਹਿਆਂ ਬਾਰੇ ਸਾਈਬਰ ਸੈੱਲ ਨੂੰ ਅਲਰਟ ਕਰ ਦਿੱਤਾ ਗਿਆ ਹੈ। ਮਾਮਲੇ ਦੀ ਜਾਂਚ ਕਰ ਰਹੇ ਪੁਲਿਸ ਅਧਿਕਾਰੀ ਆਰਐਸ ਬ੍ਰਹਮਭੱਟ ਨੇ ਦੱਸਿਆ, "ਸਾਬਰਕਾਂਠਾ ਪੁਲਿਸ ਨੇ ਸੋਸ਼ਲ ਮੀਡੀਆ ਤੇ ਨਫ਼ਰਤ ਭਰੇ ਸੁਨੇਹੇ ਫੈਲਾਉਣ ਦੇ ਮਾਮਲੇ ਵਿੱਚ 24 ਲੋਕਾਂ ਨੂੰ ਹਿਰਾਸਤ ਵਿੱਚ ਲਿਆ ਹੈ।"


**'ਸਖਤ ਸਜ਼ਾ ਹੋਣੀ ਚੀਹੀਦੀ ਹੈ'**

ਰਾਸ਼ਟਰੀ ਜਨਤਾ ਦਲ ਦੇ ਆਗੂ ਮਨੋਜ ਝਾ ਨੇ ਬੀਬੀਸੀ ਗੁਜਰਾਤੀ ਦੇ ਜੈਦੀਪ ਵਸੰਤ ਨਾਲ ਗੱਲਬਾਤ ਕਰਦੇ ਹੋਏ ਕਿਹਾ, "ਜਿਸ ਨੇ ਵੀ ਬੱਚੀ ਦੇ ਨਾਲ ਅਜਿਹਾ ਕੰਮ ਕੀਤਾ ਹੈ, ਉਨ੍ਹਾਂ ਨੂੰ ਸਖਤ ਸਜ਼ਾ ਮਿਲਣੀ ਚਾਹੀਦੀ ਹੈ ਪਰ ਇਸ ਕਾਰਨ ਸੂਬੇ ਦੇ ਸਾਰੇ ਲੋਕਾਂ ਨੂੰ ਆਪਣਾ ਘਰ ਛੱਡ ਕੇ ਜਾਨ ਲਈ ਮਜਬੂਰ ਕਰਨਾ ਠੀਕ ਨਹੀਂ।" ਮਨੋਜ ਝਾ ਮੰਨਦੇ ਹਨ ਕਿ ਇਸ ਕਿਸਮ ਦਾ ਪਲਾਇਨ 'ਆਈਡੀਆ ਆਫ਼ ਇੰਡੀਆ' ਅਤੇ ਏਕਤਾ ਲਈ ਹਾਨੀਕਾਰਕ ਹੈ। ਗੁਜਰਾਤ ਦੇ ਗ੍ਰਹਿ ਮੰਤਰੀ ਪ੍ਰਦੀਪ ਸਿੰਘ ਜਡੇਜਾ ਨੇ ਕਿਹਾ, "ਹਾਈ ਕੋਰਟ ਦੀ ਸਲਾਹ ਤੋਂ ਬਾਅਦ ਇਸ ਕੇਸ ਨੂੰ ਫਾਸਟ ਟਰੈਕ ਕੀਤਾ ਜਾਵੇਗਾ ਅਤੇ ਦੋ ਮਹੀਨਿਆਂ ਦੇ ਅੰਦਰ ਕਾਨੂੰਨੀ ਕਾਰਵਾਈ ਖਤਮ ਕੀਤੀ ਜਾਵੇਗੀ। ਸੂਬਾ ਸਰਕਾਰ ਵੱਲੋਂ ਬਣਾਏ ਗਏ ਬਲਾਤਕਾਰ ਵਿਰੋਧੀ ਕਾਨੂੰਨ ਦੇ ਤਹਿਤ ਅਪਰਾਧੀ ਨੂੰ ਫਾਂਸੀ ਦੀ ਸਜ਼ਾ ਹੋਵੇ, ਅਜਿਹੀਆਂ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ।"

**ਬੀਮਾਰ ਸੂਬੇ ਵਿੱਚ ਮਜ਼ਦੂਰ**

ਵਿੱਤੀ ਵਿਕਾਸ ਦੀ ਨਜ਼ਰ ਤੋਂ ਕਮਜ਼ੋਰ ਬਿਹਾਰ, ਮੱਧ-ਪ੍ਰਦੇਸ਼, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਸੂਬਿਆਂ ਨੂੰ ਬੀਮਾਰ ਸੂਬਿਆਂ ਦੇ ਤੌਰ 'ਤੇ ਪਛਾਣਿਆ ਜਾਂਦਾ ਹੈ। ਜਦੋਂ ਆਦਮੀ ਕਮਜ਼ੋਰ ਹੁੰਦਾ ਹੈ ਤਾਂ ਉਸ ਨੂੰ ਬਿਮਾਰ ਕਿਹਾ ਜਾਂਦਾ ਹੈ। ਇਸ ਲਈ ਡੈਮੋਗ੍ਰਾਫ਼ਰ ਆਸ਼ੀਸ਼ ਬੋਸ ਨੇ 1980 ਦੇ ਦਹਾਕੇ ਵਿੱਚ ਇਨ੍ਹਾਂ ਸੂਬਿਆਂ ਲਈ 'ਬੀਮਾਰੂ' ਸ਼ਬਦ ਵਰਤਿਆ। ਇਨ੍ਹਾਂ ਸੂਬਿਆਂ ਦੇ ਹਜ਼ਾਰਾਂ ਲੋਕ ਗੁਜਰਾਤ, ਮਹਾਰਾਸ਼ਟਰ, ਦਿੱਲੀ ਸਣੇ ਕਈ ਸੂਬਿਆਂ ਵਿੱਚ ਰੁਜ਼ਗਾਰ ਦੇ ਮਕਸਦ ਨਾਲ ਜਾਂਦੇ ਹਨ। ਜਿੱਥੇ ਉਹ ਛੋਟੇ-ਮੋਟੇ ਕੰਮਕਾਜ, ਠੇਲੇ, ਸੁਰੱਖਿਆ ਕਰਮੀ ਅਤੇ ਫੈਕਟਰੀਆਂ ਵਿੱਚ ਕੰਨ ਕਰਕੇ ਆਪਣਾ ਘਰ ਚਲਾਉਂਦੇ ਹਨ।

# ਉਹ ਔਰਤ ਜੋ ਵੇਸਵਾ ਬਣਨ ਦੇ ਅਧਿਕਾਰ ਲਈ ਲੜੀ



ਇਲਾਹਾਬਾਦ ਦੀ ਇੱਕ ਅਦਾਲਤ ਵਿੱਚ ਇੱਕ ਮਈ 1958 ਨੂੰ ਇੱਕ ਮੁਟਿਆਰ 'ਤੇ ਸਾਰਿਆਂ ਦੀਆਂ ਅੱਖਾਂ ਟਿਕੀਆਂ ਹੋਈਆਂ ਸਨ। 24 ਸਾਲਾ ਹੁਸਨਾ ਬਾਈ ਨੇ ਜੱਜ ਜਗਦੀਸ਼ ਸਹਾਏ ਨੂੰ ਕਿਹਾ ਕਿ ਉਹ ਇੱਕ ਵੇਸਵਾ ਸੀ। ਸੰਵਿਧਾਨ ਦਾ ਹਵਾਲਾ ਦਿੰਦੇ ਹੋਏ ਉਸ ਨੇ ਮਨੁੱਖੀ ਤਸਕਰੀ 'ਤੇ ਪਾਬੰਦੀ ਲਗਾਉਣ ਲਈ ਆਏ ਇੱਕ ਨਵੇਂ ਕਾਨੂੰਨ ਨੂੰ ਚੁਣੌਤੀ ਦੇਣ ਵਾਲੀ ਅਰਜ਼ੀ ਦਾਖ਼ਲ ਕੀਤੀ ਸੀ। ਬਾਈ ਦੀ ਦਲੀਲ ਸੀ ਕਿ ਰੋਜ਼ੀ-ਰੋਟੀ ਦੇ ਸਾਧਨਾਂ 'ਤੇ ਹਮਲੇ ਕਰਕੇ ਨਵੇਂ ਕਾਨੂੰਨ ਨੇ ਦੇਸ ਵਿੱਚ ਸੰਵਿਧਾਨ ਵੱਲੋਂ ਸਥਾਪਿਤ ਭਲਾਈਵਾਦੀ ਦੇਸ ਦੇ ਸਿਧਾਂਤ ਦੇ ਉਲਟ ਕੰਮ ਕੀਤਾ ਹੈ। ਇਹ ਇੱਕ ਸਮਾਜ ਵਿਦਰੋਹੀ ਕਦਮ ਸੀ ਜਿਹੜਾ ਇੱਕ ਗ਼ਰੀਬ ਮੁਸਲਿਮ ਵੇਸਵਾ ਨੇ ਚੁੱਕਿਆ ਸੀ। ਉਸ ਨੇ ਜੱਜਾਂ ਨੂੰ ਸੜਕ ਦੀਆਂ ਉਨ੍ਹਾਂ ਔਰਤਾਂ ਨੂੰ ਦੇਖਣ ਲਈ ਮਜਬੂਰ ਕਰ ਦਿੱਤਾ ਸੀ ਜਿਨ੍ਹਾਂ ਨੂੰ ਭਾਰਤੀ ਸਮਾਜ ਤੋਂ ਬਾਹਰ ਰੱਖਿਆ ਹੋਇਆ ਸੀ। ਅਧਿਕਾਰਤ ਰਿਕਾਰਡ ਦੇ ਮੁਤਾਬਕ, ਉਨ੍ਹਾਂ ਦੀ ਗਿਣਤੀ- 1951 ਵਿੱਚ 54,000 ਤੋਂ ਘੱਟ ਕੇ 28,000 ਹੋ ਗਈ ਸੀ ਅਤੇ ਉਨ੍ਹਾਂ ਲਈ ਜਨਤਕ ਸਮਰਥਨ ਵੀ। ਜਦੋਂ ਵੇਸਵਾਵਾਂ ਨੇ ਕਾਂਗਰਸ ਪਾਰਟੀ ਨੂੰ ਚੰਦੇ ਦੀ ਪੇਸ਼ਕਸ਼ ਕੀਤੀ ਤਾਂ ਮਹਾਤਮਾ ਗਾਂਧੀ ਨੇ ਨਾਂਹ ਕਰ ਦਿੱਤੀ ਸੀ। ਇਸਦੇ ਬਾਵਜੂਦ ਵੇਸਵਾਵਾਂ ਉਨ੍ਹਾਂ ਲੋਕਾਂ ਵਿੱਚੋਂ ਸਨ ਜਿਨ੍ਹਾਂ ਨੂੰ ਵੋਟ ਪਾਉਣ ਦੀ ਇਜਾਜ਼ਤ ਸੀ ਕਿਉਂਕਿ ਉਹ ਪੈਸੇ ਕਮਾਉਂਦੀਆਂ ਸਨ, ਟੈਕਸ ਭਰਦੀਆਂ ਸਨ ਅਤੇ ਉਨ੍ਹਾਂ ਕੋਲ ਆਪਣੀ ਜਾਇਦਾਦ ਵੀ ਸੀ।

**ਵਿਸਰੀ ਹੋਈ ਕਹਾਣੀ** ਹੁਸਨਾ ਬਾਈ ਦੀ ਨਿੱਜੀ ਜ਼ਿੰਦਗੀ ਬਾਰੇ ਵਧੇਰੇ ਜਾਣਕਾਰੀ ਨਹੀਂ ਹੈ ਅਤੇ ਕਿਸੇ ਆਰਕਾਈਵ ਵਿੱਚ ਕੋਈ ਤਸਵੀਰ ਵੀ ਨਹੀਂ ਮਿਲੀ ਹੈ। ਉਨ੍ਹਾਂ ਬਾਰੇ ਇੰਨਾ ਪਤਾ ਲੱਗਾ ਕਿ ਉਹ ਆਪਣੀ ਰਿਸ਼ਤੇ ਵਿੱਚ ਲੱਗਦੀ ਭੈਣ ਅਤੇ ਦੋ ਛੋਟੇ ਭਰਾਵਾਂ ਨੇ ਨਾਲ ਰਹਿੰਦੀ ਸੀ ਜਿਹੜੇ ਉਨ੍ਹਾਂ ਦੀ ਕਮਾਈ 'ਤੇ ਨਿਰਭਰ ਸਨ। ਪਰ ਯੇਲ ਯੂਨੀਵਰਸਿਟੀ ਦੇ ਇਤਿਹਾਸਕਾਰ ਰੋਹਿਤ ਡੇ ਦੀ ਨਵੀਂ ਕਿਤਾਬ ਵਿੱਚ ਬਾਈ ਦੇ ਵਪਾਰ ਨੂੰ ਚਲਾਉਣ ਦੇ ਅਧਿਕਾਰ ਲਈ ਸੰਘਰਸ਼ ਦੀ ਵਿਸਰੀ ਹੋਈ ਕਹਾਣੀ ਵੀ ਸ਼ਾਮਲ ਹੈ। 'ਏ ਪੀਪਲਜ਼ ਕਾਂਸਟੀਟਿਊਸ਼ਨ: ਲਾਅ ਐਂਡ ਐਵਰੀਡੇ ਲਾਈਫ਼ ਇਨ ਦਿ ਇੰਡੀਅਨ ਰਿਪਬਲਿਕ ਐਕਸਪਲੋਰਸ' ਕਿਤਾਬ ਇਸ ਗੱਲ ਦੀ ਪੜਤਾਲ ਕਰਦੀ ਹੈ ਕਿ ਭਾਰਤੀ ਸੰਵਿਧਾਨ, ਸੀਨੀਅਰ ਲੇਖਕਾਂ ਦੇ ਲਿਖੇ ਜਾਣ ਅਤੇ ਵਿਦੇਸ਼ੀ ਅਤੀਤ ਹੋਣ ਦੇ ਬਾਵਜੂਦ ਭਾਰਤ ਦੇ ਬਸਤੀਵਾਦ ਦੇਸ ਤੋਂ ਲੋਕਤੰਤਰਿਕ ਦੇਸ ਵਿੱਚ ਤਬਦੀਲ ਹੋਣ ਦੇ ਦੌਰਾਨ ਰੁਜ਼ਾਨਾ ਦੀ ਜ਼ਿੰਦਗੀ ਅਤੇ ਕਲਪਨਾ ਦੇ ਨਾਲ ਆਇਆ ਸੀ। ਦੇਸ ਭਰ ਵਿੱਚ ਔਰਤਾਂ ਦੇ ਵੱਡੇ ਅੰਦੋਲਨ ਦੇ ਹਿੱਸੇ ਦੇ ਰੂਪ ਵਿੱਚ ਹੁਸੈਨ ਬਾਈ ਦੀ ਕਹਾਣੀ ਨੂੰ ਦੱਸਣ ਲਈ ਰੋਹਿਤ ਡੇ ਅਦਾਲਤੀ ਰਿਕਾਰਡ 'ਤੇ ਨਿਰਭਰ ਸਨ ਕਿਉਂਕਿ ਕਿਸੇ ਵੀ ਆਰਕਾਈਵ ਵਿੱਚ ਬਾਈ ਦੀ ਜਾਣਕਾਰੀ ਨਹੀਂ ਸੀ। ਬਾਈ ਦੀ ਅਰਜ਼ੀ ਤੋਂ ਲੋਕਾਂ ਵਿੱਚ ਚਿੰਤਾ ਅਤੇ ਦਿਲਚਸਪੀ ਦੋਵੇਂ ਵਧੀ। ਅਫਸਰਸ਼ਾਹੀ ਅਤੇ ਸਿਆਸਤਦਾਨਾਂ ਨੇ ਇਸ ਉੱਤੇ ਕਾਫ਼ੀ ਬਹਿਸ ਕੀਤੀ ਅਤੇ ਲੰਬੇ ਕਾਗਜ਼ੀ ਦਸਤਾਵੇਜ਼ ਬਣੇ। ਇਲਾਹਾਬਾਦ ਦੀਆਂ ਵੇਸਵਾਵਾਂ ਦਾ ਇੱਕ ਸਮੂਹ ਅਤੇ ਨੱਚਣ ਵਾਲੀਆਂ ਕੁੜੀਆਂ ਦੀ ਯੂਨੀਅਨ ਇਸ ਅਰਜ਼ੀ ਦੇ ਸਮਰਥਨ ਵਿੱਚ ਆਏ।

**ਵੇਸਵਾ ਬਣਨ ਦਾ ਆਪਸ਼ਨ** ਕੁਝ ਗਾਇਕ, ਡਾਂਸਰ ਅਤੇ 'ਬਦਨਾਮ' ਸਮਝੀਆਂ ਜਾਣ ਵਾਲੀਆਂ 450 ਔਰਤਾਂ ਨੇ ਵੀ ਨਵੇਂ ਕਾਨੂੰਨ ਨਾਲ ਲੜਨ ਲਈ ਇੱਕ ਯੂਨੀਅਨ ਬਣਾਈ। ਇਲਾਹਾਬਾਦ ਵਿੱਚ ਡਾਂਸਰਾਂ ਦੇ ਇੱਕ ਗਰੁੱਪ ਨੇ ਐਲਾਨ ਕੀਤਾ ਕਿ ਇਸ ਕਾਨੂੰਨ ਦੇ ਵਿਰੋਧ ਵਿੱਚ ਉਹ ਪ੍ਰਦਰਸ਼ਨ ਕਰਨਗੀਆਂ ਕਿਉਂਕਿ ਇਹ 'ਸੰਵਿਧਾਨ ਵਿੱਚ ਨਿਰਧਾਰਤ ਕਿਸੇ ਵੀ ਪੇਸ਼ੇ ਨੂੰ ਅਪਨਾਉਣ ਦੇ ਅਧਿਕਾਰ 'ਤੇ ਸਿੱਧਾ ਹਮਲਾ ਹੈ।' ਕਲਕੱਤਾ ਦੇ ਰੈੱਡ ਲਾਈਟ ਇਲਾਕੇ ਦੀਆਂ 13 ਹਜ਼ਾਰ ਸੈਕਸ ਵਰਕਰਾਂ ਨੇ ਰੋਜ਼ੀ-ਰੋਟੀ ਦੇ ਹੋਰ ਸਾਧਨ ਨਾ ਦੇਣ ਦੀ ਹਾਲਤ ਵਿੱਚ ਭੁੱਖ ਹੜਤਾਲ 'ਤੇ ਜਾਣ ਦੀ ਧਮਕੀ ਦਿੱਤੀ। ਪੁਲਿਸ ਅਤੇ ਸਰਕਾਰ ਨੇ ਹੁਸੈਨ ਬਾਈ ਦੀ ਅਰਜ਼ੀ 'ਤੇ ਆਪਣੀ ਚਿੰਤਾ ਜ਼ਾਹਰ ਕੀਤੀ। ਇਹ ਹੈਰਾਨੀ ਵਾਲੀ ਗੱਲ ਨਹੀਂ ਸੀ ਕਿ ਇਸ ਅਰਜ਼ੀ ਨੂੰ ਮਹਿਲਾ ਸਾਂਸਦਾਂ ਅਤੇ ਸਮਾਜਿਕ ਕਾਰਕੁਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਜਿਹੜੀ ਮਨੁੱਖੀ ਤਸਕਰੀ ਦੇ ਖ਼ਿਲਾਫ਼ ਕਾਨੂੰਨ ਲਈ ਮੁਹਿੰਮ ਚਲਾ ਰਹੀ ਸੀ। ਇਤਿਹਾਸਕਾਰ ਰੋਹਿਤ ਡੇ ਦੱਸਦੇ ਹਨ ਕਿ ਉਸ ਵੇਲੇ ਆਲੋਚਕ ਵੇਸਵਾਵਾਂ ਵੱਲੋਂ ਸੰਵਿਧਾਨਕ ਸਿਧਾਂਤਾਂ ਦੇ ਹਵਾਲੇ ਤੋਂ ਹੈਰਾਨ ਸਨ। "ਹੁਸੈਨ ਬਾਈ ਦੀ ਅਰਜ਼ੀ ਅਤੇ ਉਸ ਤੋਂ ਬਾਅਦ ਦੀਆਂ ਅਜਿਹੀਆਂ ਅਰਜ਼ੀਆਂ ਨੂੰ ਨਵੇਂ ਗਣਰਾਜ ਦੇ ਵਿਕਾਸਸ਼ੀਲ ਏਜੰਡੇ 'ਤੇ ਹਮਲੇ ਦੇ ਰੂਪ ਵਿੱਚ ਦੇਖਿਆ ਗਿਆ।" ਭਾਰਤ ਦੀ ਸੰਵਿਧਾਨ ਸਭਾ ਵਿੱਚ ਕਈ ਔਰਤਾਂ ਸ਼ਾਮਲ ਸਨ ਜਿਨ੍ਹਾਂ ਨੂੰ ਤਜ਼ਰਬੇਕਾਰ ਪ੍ਰਬੰਧਕ ਮੰਨਿਆ ਜਾਂਦਾ ਸੀ। ਉਨ੍ਹਾਂ ਦਾ ਤਰਕ ਸੀ ਕਿ ਔਰਤਾਂ ਨੇ ਵੇਸਵਾ ਬਣਨ ਦਾ ਬਦਲ ਨਹੀਂ ਚੁਣਿਆ ਹੈ ਅਤੇ ਹਾਲਾਤਾਂ ਕਾਰਨ ਮਜਬੂਰੀ ਵਿੱਚ ਉਨ੍ਹਾਂ ਨੂੰ ਇਹ ਪੇਸ਼ਾ ਅਪਨਾਉਣਾ ਪੈਂਦਾ ਹੈ। ਸ਼ਾਇਦ ਇਨ੍ਹਾਂ ਅਰਜ਼ੀਆਂ ਨੇ ਉਨ੍ਹਾਂ ਨੂੰ ਹੈਰਾਨ ਕੀਤਾ ਹੋਵੇਗਾ ਕਿ ਵੇਸਵਾਵਾਂ ਨੇ ਆਪਣਾ ਵਪਾਰ ਜਾਰੀ ਰੱਖਣ ਲਈ ਅਤੇ ਨੀਵੇਂ ਦਰਜੇ ਦੀ ਜ਼ਿੰਦਗੀ ਜਿਉਣ ਲਈ ਬੁਨਿਆਦੀ ਅਧਿਕਾਰਾਂ ਦੀ ਦੁਹਾਈ ਦਿੱਤੀ।

**ਰੋਜ਼ੀ-ਰੋਟੀ ਦਾ ਹੱਕ** ਡੇ ਕਹਿੰਦੇ ਹਨ, "ਨੇੜਿਓਂ ਦੇਖਿਆ ਜਾਵੇ ਤਾਂ ਇਹ ਸਪੱਸ਼ਟ ਹੁੰਦਾ ਹੈ ਕਿ ਕਿਸੇ ਸ਼ਖ਼ਸ ਦਾ ਹੌਸਲੇ ਭਰਿਆ ਕਦਮ ਨਹੀਂ ਸੀ ਸਗੋਂ ਪੂਰੇ ਭਾਰਤ ਵਿੱਚ ਸਰੀਰਕ ਧੰਦੇ ਵਿੱਚ ਸ਼ਾਮਲ ਲੋਕਾਂ ਦੇ ਸੰਗਠਨ ਦੀ ਸਮੂਹਿਕ ਕਾਰਵਾਈ ਦਾ ਇੱਕ ਹਿੱਸਾ ਸੀ।" "ਇਹ ਸਾਫ਼ ਸੀ ਕਿ ਜਿਹੜੇ ਲੋਕ ਸੈਕਸ ਵਪਾਰ ਵਿੱਚ ਸ਼ਾਮਲ ਸਨ, ਉਹ ਪਹਿਲਾਂ ਤੋਂ ਹੀ ਆਪਣੇ ਪੇਸ਼ੇ 'ਤੇ ਖ਼ਤਰਾ ਮਹਿਸੂਸ ਕਰ ਰਹੇ ਸਨ ਅਤੇ ਇਸ ਨਵੇਂ ਕਾਨੂੰਨ ਨੇ ਦਬਾਅ ਨੂੰ ਹੋਰ ਵਧਾ ਦਿੱਤਾ ਸੀ।" ਬਾਈ ਦੀ ਅਰਜ਼ੀ ਨੂੰ ਤਕਨੀਕੀ ਆਧਾਰ 'ਤੇ ਦੋ ਹਫ਼ਤਿਆਂ ਦੇ ਅੰਦਰ ਖਾਰਜ ਕਰ ਦਿੱਤਾ ਗਿਆ ਸੀ। ਕਿਹਾ ਗਿਆ ਕਿ ਉਨ੍ਹਾਂ ਦੇ ਅਧਿਕਾਰਾਂ ਨੂੰ ਅਜੇ ਤੱਕ ਨਵੇਂ ਕਾਨੂੰਨ ਤੋਂ ਸੱਟ ਨਹੀਂ ਪਹੁੰਚੀ ਹੈ ਕਿਉਂਕਿ ਨਾ ਉਨ੍ਹਾਂ ਨੂੰ ਆਪਣੇ ਕੰਮ ਤੋਂ ਬੇਦਖ਼ਲ ਕੀਤਾ ਗਿਆ ਸੀ ਅਤੇ ਨਾ ਹੀ ਉਨ੍ਹਾਂ ਖ਼ਿਲਾਫ਼ ਕੋਈ ਅਪਰਾਧਿਕ ਸ਼ਿਕਾਇਤ ਕੀਤੀ ਗਈ ਸੀ।

## ਸੰਸਦ ਦੇ ਬਾਹਰ ਪ੍ਰਦਰਸ਼ਨ

ਦਿੱਲੀ, ਪੰਜਾਬ ਅਤੇ ਮੁੰਬਈ ਦੀਆਂ ਅਦਾਲਤਾਂ ਵਿੱਚ ਵੀ ਵੇਸਵਾਵਾਂ ਦੀਆਂ ਇਸ ਤਰ੍ਹਾਂ ਦੀਆਂ ਅਰਜ਼ੀਆਂ ਵਧਣ ਲੱਗੀਆਂ। ਮੁੰਬਈ ਵਿੱਚ ਰਹਿਣ ਵਾਲੀ ਇੱਕ ਵੇਸਵਾ ਬੇਗਮ ਕਲਾਵਤ ਨੂੰ ਸ਼ਿਕਾਇਤ ਤੋਂ ਬਾਅਦ ਸ਼ਹਿਰ ਤੋਂ ਬੇਦਖ਼ਲ ਕਰ ਦਿੱਤਾ ਗਿਆ ਸੀ ਕਿਉਂਕਿ ਉਹ ਸਕੂਲ ਦੇ ਕੋਲ ਆਪਣਾ ਵਪਾਰ ਚਲਾ ਰਹੀ ਸੀ। ਉਹ ਹਾਈਕੋਰਟ ਵਿੱਚ ਪਹੁੰਚੀ ਅਤੇ ਤਰਕ ਦਿੱਤਾ ਕਿ ਉਨ੍ਹਾਂ ਦੇ ਸਮਾਨਤਾ ਦੇ ਅਧਿਕਾਰ, ਵਪਾਰ ਅਤੇ ਆਉਣ-ਜਾਣ ਦੀ ਆਜ਼ਾਦੀ ਦੇ ਅਧਿਕਾਰਾਂ ਦਾ ਘਾਣ ਹੋਇਆ ਹੈ। ਨਵੇਂ ਕਾਨੂੰਨ ਨੇ ਵੇਸਵਾਵਾਂ ਨੂੰ ਆਪਣੇ ਭਵਿੱਖ ਨੂੰ ਲੈ ਕੇ ਪ੍ਰੇਸ਼ਾਨੀ ਵਿੱਚ ਪਾ ਦਿੱਤਾ। ਉਨ੍ਹਾਂ ਨੇ ਅਦਾਲਤ ਵਿੱਚ ਇਸ ਕਾਨੂੰਨ ਨਾਲ ਲੜਨ ਲਈ ਗਾਹਕਾਂ ਅਤੇ ਸਥਾਨਕ ਵਪਾਰੀਆਂ ਤੋਂ ਪੈਸਾ ਇਕੱਠਾ ਕੀਤਾ। ਇੱਕ ਪੇਸ਼ੇਵਰ ਗਾਇਕ ਅਤੇ ਡਾਂਸਰਾਂ ਨੇ ਐਸੋਸੀਏਸ਼ਨ ਦੀ ਮੈਂਬਰਸ਼ਿਪ ਹੋਣ ਦਾ ਦਾਅਵਾ ਕਰਨ ਵਾਲੀਆਂ ਕੁਝ 75 ਔਰਤਾਂ ਨੇ ਰਾਜਧਾਨੀ ਦਿੱਲੀ ਵਿੱਚ ਸੰਸਦ ਦੇ ਬਾਹਰ ਪ੍ਰਦਰਸ਼ਨ ਵੀ ਕੀਤਾ। ਉਨ੍ਹਾਂ ਨੇ ਸੰਸਦ ਮੈਂਬਰਾਂ ਨੂੰ ਕਿਹਾ ਕਿ ਇਹ ਉਨ੍ਹਾਂ ਦੇ ਪੇਸ਼ੇ 'ਤੇ ਹਮਲਾ ਹੈ।

# ਮਿਲੋ ਫੋਰਬਸ ਰਸਾਲੇ ਨੇ ਕਿਹੜੇ ਨੌਜਵਾਨ ਭਾਰਤੀਆਂ ਨੂੰ ਅਮੀਰਾਂ ਦੀ ਸੂਚੀ 'ਚ ਗਿਣਿਆ ਹੈ

ਲਗਾਤਾਰ ਗਿਆਰਵੇਂ ਸਾਲ ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਮੁਕੇਸ਼ ਅੰਬਾਨੀ ਪਹਿਲੇ ਨੰਬਰ ਉੱਪਰ ਬਰਕਰਾਰ ਹਨ। ਫੋਰਬਸ ਮੁਤਾਬਕ ਉਨ੍ਹਾਂ ਦੀ ਕੰਪਨੀ ਰਿਲਾਇੰਸ ਇੰਡਸਟਰੀਜ਼ 43.3 ਬਿਲੀਅਨ ਡਾਲਰ ਭਾਵ ਲਗਪਗ 3.48 ਲੱਖ ਕਰੋੜ ਰੁਪਏ ਦੀ ਹੈ। ਇਸ ਸੂਚੀ ਵਿੱਚ ਦੂਜੇ ਦਰਜੇ ਉੱਪਰ ਹਨ ਵਿਪਰੋ ਵਾਲੇ ਅਜ਼ੀਮ ਪ੍ਰੇਮਜੀ, ਤੀਜੇ ਨੰਬਰ ਉੱਪਰ ਲਕਸ਼ਮੀ ਮਿੱਤਲ, ਚੌਥੇ ਨੰਬਰ 'ਤੇ ਹਿੰਦੂਜਾ ਭਰਾ ਅਤੇ ਪੰਜਵੇਂ ਦਰਜੇ ਉੱਪਰ ਮੁਕਾਮ ਕੀਤਾ ਹੈ ਪਾਲੋਨਜੀ ਮਿਸਤਰੀ ਨੇ। ਭਾਰਤ ਦੇ ਇਨ੍ਹਾਂ ਸਾਰੇ ਅਮੀਰਾਂ ਦੀ ਉਮਰ 61 ਤੋਂ 89 ਸਾਲ ਦੇ ਵਿਚਕਾਰ ਹੈ। ਇਹ ਸੂਚੀ ਸੌ ਅਮੀਰਾਂ ਦੀ ਹੈ ਜਿਨ੍ਹਾਂ ਵਿੱਚ ਕਈ ਨੌਜਵਾਨ ਵੀ ਸ਼ਾਮਲ ਹਨ।



**ਭਾਵਿਨ ਅਤੇ ਦਿਵਿਆਂਗ ਤੁਰਖਿਆ**

ਭਾਵਿਨ ਅਤੇ ਦਿਵਿਆਂਗ ਤੁਰਖਿਆ ( 36 ਅਤੇ 38 ਸਾਲ) ਡਾਇਰੈਕਟ ਆਈ ਫੋਰਬਸ ਦੇ ਸਿਖਰਲੇ 100 ਧਨ ਕੁਬੇਰਾਂ ਦੀ ਸੂਚੀ ਵਿੱਚ ਇਹੀ ਦੋ ਭਰਾ ਸਭ ਤੋਂ ਘੱਟ ਉਮਰ ਦੇ ਹਨ। ਇਨ੍ਹਾਂ ਨੂੰ ਤੁਰਖਿਆ ਭਰਾ ਵੀ ਕਿਹਾ ਜਾਂਦਾ ਹੈ। ਇਨ੍ਹਾਂ ਦੋਹਾਂ ਨੇ ਮਿਲ ਕੇ ਡਾਇਰੈਕਟ ਆਈ ਕੰਪਨੀ ਬਣਾਈ ਹੈ। ਇਹ ਕੰਪਨੀ ਵੱਖ - ਵੱਖ ਤਕਨੀਕੀ ਕੰਪਨੀਆਂ ਦਾ ਸਮੂਹ ਹੈ। ਸਾਲ 1998 ਵਿੱਚ ਇਸ ਦੀ ਸਥਾਪਨਾ ਸਮੇਂ 25 ਹਜ਼ਾਰ ਰੁਪਏ ਲਗਾਏ ਗਏ ਸਨ ਪਰ ਹੁਣ ਇਹ ਕੰਪਨੀ 1.55 ਬਿਲੀਅਨ ਡਾਲਰ ਜਾਂ 11,433 ਕਰੋੜ ਰੁਪਏ ਦੀ ਮਾਲਕ ਹੈ। ਸੌ ਬੰਦਿਆਂ ਦੀ ਸੂਚੀ ਵਿੱਚ ਇਨ੍ਹਾਂ ਭਰਾਵਾਂ ਦਾ ਦਰਜਾ 97 ਹੈ। ਇਨ੍ਹਾਂ ਭਰਾਵਾਂ ਨੇ ਪਹਿਲਾਂ ਗੇਮਿੰਗ ਖੇਤਰ ਵਿੱਚ ਬਿਜ਼ਨਸ ਆਰੰਭ ਕੀਤਾ ਅਤੇ ਬਾਅਦ ਵਿੱਚ ਵੈਬ ਹੋਸਟਿੰਗ, ਆਨ ਲਾਈਨ ਐਡਵਰਟਾਈਜ਼ਿੰਗ ਅਤੇ ਐਪਲੀਕੇਸ਼ਨਾਂ ਵਿੱਚ ਕਾਮਯਾਬੀ ਹਾਸਲ ਕੀਤੀ। ਭਾਰਤ ਦੇ ਨਾਲ-ਨਾਲ ਇਨ੍ਹਾਂ ਦੀ ਕੰਪਨੀ ਅਮਰੀਕਾ ਅਤੇ ਸੰਯੁਕਤ ਰਾਜ ਅਰਬ ਅਮੀਰਾਤ ਤੋਂ ਕੰਮ ਕਰਦੀ ਹੈ।

**ਵਿਜੇ ਸ਼ੇਖ਼ਰ ਸ਼ਰਮਾ (40 ਸਾਲ) ਪੇਟੀਐਮ**

ਭਾਰਤ ਵਿੱਚ ਨੋਟਬੰਦੀ ਤੋਂ ਬਾਅਦ ਪੇਟੀਐਮ ਨੇ ਵਰਨਣਯੋਗ ਸਫ਼ਲਤਾ ਹਾਸਲ ਕੀਤੀ। ਡਿਜੀਟਲ ਬਿਲ ਭੁਗਤਾਨ ਨਾਲ ਸ਼ੁਰੂ ਹੋਇਆ ਸਫ਼ਰ ਅੱਜ ਈ-ਕਾਮਰਸ ਦੀ ਦੁਨੀਆਂ ਵਿੱਚ ਦਾਖ਼ਲ ਹੋ ਚੁੱਕਾ ਹੈ। ਸਾਲ 2010 ਵਿੱਚ ਵਿਜੇ ਸ਼ੇਖ਼ਰ ਸ਼ਰਮਾ ਨੇ ਪੇਟੀਐਮ ਦੀ ਨੀਂਹ ਰੱਖੀ ਸੀ। ਫੋਰਬਸ ਦੀਆਂ ਸਿਖਰਲੇ 100 ਅਮੀਰਾਂ ਵਿੱਚ ਉਨ੍ਹਾਂ ਦਾ 74 ਵਾਂ ਦਰਜਾ ਹੈ। ਪੇਟੀਐਮ ਅੱਜ 15,855 ਕਰੋੜ ਰੁਪਏ ਦੀ ਕੰਪਨੀ ਹੈ। ਉੱਤਰ ਪ੍ਰਦੇਸ਼ ਦੇ ਅਲੀਗੜ੍ਹ ਨਾਲ ਸਬੰਧਿਤ ਵਿਜੇ ਨੂੰ ਸ਼ੁਰੂ ਵਿੱਚ ਅੰਗਰੇਜ਼ੀ ਵਿੱਚ ਕਾਫ਼ੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਜਦੋਂ ਅੰਗਰੇਜ਼ੀ ਕੁਝ ਠੀਕ ਹੋਈ ਤਾਂ ਉਨ੍ਹਾਂ ਨੇ ਬੀਟੈਕ ਦੀ ਪੜ੍ਹਾਈ ਕੀਤੀ ਅਤੇ ਇਸੇ ਦੌਰਾਨ ਉਨ੍ਹਾਂ ਨੇ ਆਪਣੇ ਵਪਾਰ ਦੀ ਸ਼ੁਰੂਆਤ ਕੀਤੀ।

**ਸ਼ਮਸ਼ੀਰ ਵਾਯਲੀਲ ( 41 ਸਾਲ), ਵੀਪੀਐਲ ਹੈਲਥ ਕੇਅਰ**

ਤੀਜੇ ਸਭ ਤੋਂ ਨੌਜਵਾਨ ਭਾਰਤੀ ਅਮੀਰ ਹਨ, ਸ਼ਮਸ਼ੀਰ ਵਾਯੀਲੀਲ। 41 ਸਾਲਾਂ ਦੇ ਸ਼ਮਸ਼ੀਰ ਵੀਪੀਐਸ ਹੈਲਥ ਕੇਅਰ ਦੇ ਮਾਲਕ ਹਨ। ਫੋਰਬਸ ਸੂਚੀ ਵਿੱਚ ਉਹ 98ਵੇਂ ਦਰਜੇ ਉੱਪਰ ਹਨ। ਉਨ੍ਹਾਂ ਦੀ ਕੰਪਨੀ 11,369 ਕਰੋੜ ਰੁਪਏ ਦੀ ਹੈ। ਉਨ੍ਹਾਂ ਨੇ ਆਪਣੇ ਵਪਾਰਿਕ ਜੀਵਨ ਦੀ ਸ਼ੁਰੂਆਤ ਇੱਕ ਹਸਪਤਾਲ ਤੋਂ ਕੀਤੀ ਸੀ। ਜਿਸ ਨੇ ਹੌਲੇ-ਹੌਲੇ ਆਪਣੀ ਪਹੁੰਚ ਸੰਯੁਕਤ ਰਾਜ ਅਰਬ ਅਮੀਰਾਤ ਤੇ ਓਮਾਨ ਵਿੱਚ ਕਾਇਮ ਕਰ ਲਈ। ਉਨ੍ਹਾਂ ਨੇ ਆਪਣਾ ਜੀਵਨ ਆਬੂਧਾਬੀ ਵਿੱਚ ਇੱਕ ਰੇਡੀਔਲੋਜਿਸਟ( ਐਕਸਰੇ ਕਰਨ ਵਾਲੇ) ਵਜੋਂ ਸ਼ੁਰੂ ਕੀਤਾ। ਇੱਕ ਸਾਲ ਨੌਕਰੀ ਕਰਨ ਤੋਂ ਬਾਅਦ ਉਨ੍ਹਾਂ ਨੇ ਵੀਪੀਐਲ ਹੈਲਥ ਕੇਅਰ ਤਹਿਤ ਐਲਐਲਐਚ ਹਸਪਤਾਲ ਦੀ ਸ਼ੁਰੂਆਤ ਕੀਤੀ। ਉਨ੍ਹਾਂ ਦਾ ਜਨਮ ਕੇਰਲ ਵਿੱਚ ਹੋਇਆ ਅਤੇ ਚੇਨਈ ਦੇ ਮੈਡੀਕਲ ਕਾਲਜ ਤੋਂ ਪੜ੍ਹਾਈ ਪੂਰੀ ਕੀਤੀ। ਕੇਰਲ ਵਿੱਚ ਹਾਲ ਹੀ ਵਿੱਚ ਆਏ ਹੜ੍ਹਾਂ ਤੋਂ ਬਾਅਦ ਉਨ੍ਹਾਂ ਨੇ 50 ਕਰੋੜ ਦੀ ਰਾਸ਼ੀ ਦਾਨ ਵਜੋਂ ਦਿੱਤੀ ਸੀ।

**ਸਮੀਰ ਗਹਲੋਤ (44 ਸਾਲ) ਇੰਡੀਆ ਬੁਲਸ ਸਮੂਹ**

ਦਿੱਲੀ ਦੇ ਹੌਜ਼ਖ਼ਾਸ ਇਲਾਕੇ ਵਿੱਚ ਟੀਨ ਦੀ ਛੱਤ ਤੋਂ ਕੰਮ ਸ਼ੁਰੂ ਕਰਨ ਵਾਲੇ ਸਮੀਰ ਗਹਲੋਤ ਭਾਰਤ ਦੇ ਸਭ ਤੋਂ ਅਮੀਰ ਨੌਜਵਾਨ ਹਨ। ਉਨ੍ਹਾਂ ਦੀ ਕੰਪਨੀ ਦੀ ਮੌਜੂਦਾ ਕੀਮਤ 30,925 ਕਰੋੜ ਰੁਪਏ ਦੀ ਹੈ। ਸੂਚੀ ਵਿੱਚ ਉਹ 29ਵੇਂ ਦਰਜੇ ਉੱਪਰ ਹਨ। ਉਨ੍ਹਾਂ ਦਾ ਸੰਬੰਧ ਹਰਿਆਣੇ ਦੇ ਰੋਹਤਕ ਨਾਲ ਹੈ ਅਤੇ ਉਨ੍ਹਾਂ ਨੇ ਆਈਆਈਟੀ ਦਿੱਲੀ ਤੋਂ ਮਕੈਨਿਕਲ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ ਹੈ। ਇਸ ਮਗਰੋਂ ਉਹ ਨੌਕਰੀ ਕਰਨ ਲਈ ਵਿਦੇਸ਼ ਚਲੇ ਗਏ। ਦੋ ਸਾਲ ਨੌਕਰੀ ਕਰਨ ਤੋਂ ਬਾਅਦ ਉਹ ਭਾਰਤ ਵਾਪਸ ਆ ਗਏ ਅਤੇ ਆਪਣੇ ਦੋ ਦੋਸਤਾਂ ਨਾਲ ਮਿਲ ਕੇ ਬ੍ਰੋਕਰਿੰਗ ਕੰਪਨੀ ਨੂੰ ਸਸਤੀ ਕੀਮਤ ਉੱਪਰ ਖ਼ਰੀਦ ਲਿਆ। ਸਾਲ 2000 ਵਿੱਚ ਉਨ੍ਹਾਂ ਨੇ ਆਪਣੀ ਕੰਪਨੀ ਦੇ ਤਹਿਤ ਆਨਲਾਈਨ ਸ਼ੇਅਰਾਂ ਦੀ ਖ਼ਰੀਦੋ ਫਰੋਖ਼ਤ ਦੀਆਂ ਸੰਭਾਵਨਾਵਾਂ ਤਲਾਸ਼ੀਆਂ ਅਤੇ ਕਾਮਯਾਬੀ ਹਾਸਲ ਕੀਤੀ। ਹੌਲੀ-ਹੌਲੀ ਕੰਪਨੀ ਇੱਕ ਵੱਡੇ ਸਮੂਹ ਦੀ ਤਰ੍ਹਾਂ ਕੰਮ ਕਰਨ ਲੱਗੀ ਅਤੇ ਸ਼ੇਅਰਾਂ ਦੀ ਦਲਾਲੀ (ਬ੍ਰੋਕਿੰਗ) ਤੋਂ ਇਲਾਵਾ ਉਹ ਰੀਅਲ ਇਸਟੇਟ, ਊਰਜਾ, ਹਾਊਸਿੰਗ ਫਾਇਨੈਂਸ ਵਾਲੇ ਪਾਸੇ ਵੀ ਅੱਗੇ ਵਧੀ।

**ਡਾਕਟਰ ਰੰਜਨ ਪਈ (45 ਸਾਲ), ਮਨੀਪਾਲ ਗਰੁੱਪ**

ਡਾਕਟਰ ਰੰਜਨ ਪਈ, ਇਲਾਜ ਦੇ ਖੇਤਰ ਵਿੱਚ ਜਾਣਿਆ ਪਛਾਣਿਆ ਨਾਮ ਹਨ। ਮਨੀਪਾਲ ਐਜੂਕੇਸ਼ਨ ਐਂਡ ਮੈਡੀਕਲ ਸਮੂਹ ਦੇ ਮੁਖੀ ਹਨ। ਇਸ ਸੂਚੀ ਵਿੱਚ ਉਨ੍ਹਾਂ ਦਾ ਸਥਾਨ 86ਵਾਂ ਹੈ। ਫੋਰਬਸ ਮੁਤਾਬਕ ਅੱਜ ਉਹ 13,705 ਕਰੋੜ ਰੁਪਏ ਦੇ ਮਾਲਕ ਹਨ। ਕਸਤੂਰਬਾ ਮੈਡੀਕਲ ਕਾਲਜ ਮਨੀਪਾਲ ਤੋਂ ਮੈਡੀਕਲ ਵਿੱਚ ਡਿਗਰੀ ਲੈਣ ਤੋਂ ਬਾਅਦ ਉਹ ਇੱਕ ਫੈਲੋਸ਼ਿੱਪ ਲਈ ਅਮਰੀਕਾ ਚਲੇ ਗਏ। ਉਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਜੀਵਨ ਦੀ ਸ਼ੁਰੂਆਤ ਮਲੇਸ਼ੀਆਂ ਦੇ ਮੇਲਕਾ ਮਨੀਪਾਲ ਮੈਡੀਕਲ ਕਾਲਜ ਵਿੱਚ ਬਤੌਰ ਪ੍ਰਬੰਧਕੀ ਨਿਰਦੇਸ਼ਕ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ ਅਤੇ ਤਰੱਕੀ ਦੀ ਰਾਹ ਉੱਪਰ ਤੁਰ ਪਏ। ਇਸ ਸਮੇਂ ਮਨੀਪਾਲ ਸਮੂਹ ਦੇ ਛੇ ਮੈਡੀਕਲ ਕਾਲਜ ਅਤੇ 16 ਹਸਪਤਾਲ ਹਨ। ਇੱਕ ਲੱਖ ਤੋਂ ਵਧੇਰੇ ਵਿਦਿਆਰਥੀ ਇਨ੍ਹਾਂ ਕਾਲਜਾਂ ਵਿੱਚ ਪੜ੍ਹ ਰਹੇ ਹਨ। ਇਸ ਦੇ ਕੈਂਪਸ ਭਾਰਤ ਤੋਂ ਇਲਾਵਾ ਮਲੇਸ਼ੀਆ, ਐਂਟੀਗੁਆ, ਦੁਬਈ ਅਤੇ ਨੇਪਾਲ ਵਿੱਚ ਵੀ ਹਨ।

# ਧੀ ਦੇ ਵਿਆਹ 'ਤੇ ਪਿਉ ਨੇ ਧੀ ਦੇ ਸਹੁਰੇ ਪਰਿਵਾਰ ਤੋਂ ਪਰਾਲੀ ਨਾ ਸਾੜਨ ਦਾ ਲਿਆ ਵਚਨ

ਤਰਨਤਾਰਨ, 8 ਅਕਤੂਬਰ (ਚ.ਨ.ਸ.): 'ਮੇਰੀ ਬੇਟੀ ਨਾਲ ਵਿਆਹ ਉਦੋਂ ਹੀ ਹੋਵੇਗਾ ਜਦੋਂ ਤੱਕ ਤੁਸੀਂ ਮੈਨੂੰ ਇੱਕ ਬਚਨ ਨਹੀਂ ਦਿੰਦੇ ਕਿ ਤੁਸੀਂ ਨੂੰ ਝੋਨਾ ਕੱਟਣ ਤੋਂ ਬਾਅਦ ਪਰਾਲੀ ਨੂੰ ਅੱਗ ਨਹੀਂ ਲਗਾਉਗੇ। ਜੇ ਇਹ ਸ਼ਰਤ ਮਨਜ਼ੂਰ ਹੈ ਤਾਂ ਹੀ ਮੈਂ ਅਪਣੀ ਧੀ ਦਾ ਵਿਆਹ ਕਰੂੰਗਾ।' ਇਹ ਸ਼ਰਤ ਤਰਨਤਾਰਨ ਦੇ ਪਿੰਡ ਬੁਰਜ ਦੇਵਾ ਸਿੰਘ ਵਾਲਾ ਦੇ ਰਹਿਣ ਵਾਲੇ ਗੁਰਬਚਨ ਸਿੰਘ ਨੇ ਆਪਣੇ ਕੁੜਮ ਦੇ ਸਾਹਮਣੇ ਇਹ ਫੈਸਲਾ ਰੱਖ ਸਭ ਨੂੰ ਹੈਰਾਨ ਹੀ ਨਹੀਂ ਕੀਤਾ ਸਗੋਂ ਵਾਤਾਵਰਨ ਨੂੰ ਬਚਾਉਣ ਲਈ ਵੱਡੀ ਮਿਸਾਲ ਕਾਇਮ ਕੀਤੀ ਹੈ। ਬਸ ਇੰਨਾ ਹੀ ਨਹੀਂ ਸਗੋਂ ਵਿਆਹ ਲਈ ਉਸ ਨੇ ਹੈਪੀ ਸੀਡਰ ਮਸ਼ੀਨ ਵੀ ਖਰੀਦ ਲਈ ਹੈ। ਇਸ ਮਸ਼ੀਨ ਨਾਲ ਫਸਲ ਕੱਟਣ ਦੇ ਬਾਅਦ ਬਚੀ ਨਾਡ ਨੂੰ ਖੇਤਾਂ 'ਚ ਹੀ ਖੇਤੀ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ। ਜਦੋਂ ਇਸਦਾ ਪਤਾ ਡੀਸੀ ਪ੍ਰਦੀਪ ਕੁਮਾਰ ਸਭਰਵਾਲ ਨੂੰ ਚਲਿਆ ਤਾਂ ਉਹ ਆਪ ਕਿਸਾਨ ਦੇ ਘਰ ਗਏ ਅਤੇ ਉਨ੍ਹਾਂ ਦੀ ਇਸ ਪਹਿਲ ਲਈ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਗੁਰਬਚਨ ਸਿੰਘ ਨੂੰ ਪ੍ਰਸ਼ੰਸਾਪੱਤਰ ਦਿੱਤਾ ਜਾਵੇਗਾ ਅਤੇ ਉਨ੍ਹਾਂ ਦੀ ਮਿਸਾਲ ਦੂਜੇ ਕਿਸਾਨਾਂ ਨੂੰ ਦਿੱਤੀ ਜਾਵੇਗੀ। ਕਿਸਾਨ ਗੁਰਬਚਨ ਸਿੰਘ ਨੇ ਦੱਸਿਆ ਕਿ ਉਹ ਪਿਛਲੇ 30 ਸਾਲਾਂ ਤੋਂ ਖੇਤੀ ਕਰ ਰਿਹਾ ਹੈ ਅਤੇ ਦੂਜੇ ਕਿਸਾਨਾਂ ਦੀ ਤਰ੍ਹਾਂ ਉਹ ਵੀ ਫਸਲ ਕਟਾਈ ਦੇ ਬਾਅਦ ਬਚੀ ਨਾੜ ਨੂੰ ਅੱਗ ਦੇ ਹਵਾਲੇ ਕਰ ਦਿੰਦਾ ਸੀ। ਇਸਦੇ ਬਾਅਦ ਉਨ੍ਹਾਂ ਨੂੰ ਜਦੋਂ ਦੇਖਣ ਨੂੰ ਮਿਲਿਆ ਦੀ ਹਰ ਪਾਸੇ ਖੇਤਾਂ



ਵਿੱਚ ਅੱਗ ਹੀ ਅੱਗ ਹੈ ਅਤੇ ਅਸਮਾਨ ਵਿੱਚ ਧੂੰਆਂ। ਉਸ ਦਿਨ ਤੋਂ ਬਾਅਦ ਉਨ੍ਹਾਂ ਨੇ ਪ੍ਰਣ ਕਰ ਲਿਆ ਕਿ ਉਹ ਨਾਹੀ ਤਾਂ ਆਪਣੇ ਖੇਤਾਂ ਵਿੱਚ ਅੱਗ ਲਗਾਉਣਗੇ ਅਤੇ ਦੂਜੇ ਕਿਸਾਨਾਂ ਨੂੰ ਵੀ ਅੱਗ ਨਹੀਂ ਲਗਾਉਣ ਲਈ ਪ੍ਰੇਰਿਤ ਕਰਣਗੇ। ਉਨ੍ਹਾਂ ਨੇ ਕਿਹਾ ਕਿ ਹੌਲੀ - ਹੌਲੀ ਉਨ੍ਹਾਂ ਨੂੰ ਸਮਝ ਲੱਗੀ ਕਿ ਖੇਤਾਂ ਵਿੱਚ ਪਰਾਲੀ ਨੂੰ ਅੱਗ ਲਾ ਕੇ ਅਸੀਂ ਸਿਰਫ ਮਾਹੌਲ ਦਾ ਹੀ ਨੁਕਸਾਨ ਨਹੀਂ ਕਰ ਰਹੇ ਸਗੋਂ ਆਪਣੀ ਹੀ ਮਾਂ ਰੂਪੀ ਜ਼ਮੀਨ ਨੂੰ ਬੰਜਰ ਕਰ ਰਹੇ ਹਾਂ। ਅੱਗ ਲਗਾਉਣ ਨਾਲ ਹੀ ਖੇਤੀ ਨੂੰ ਵਧਾਉਣ ਲਈ ਜ਼ਮੀਨ ਵਿੱਚ ਮੌਜੂਦ ਮਿੱਤਰ ਕੀੜੇ ਵੀ ਮਰ ਜਾਂਦੇ ਹਾਂ। ਭੂਮੀ ਦੀ ਉਪਜਾਈ ਸ਼ਕਤੀ ਵੀ ਹੌਲੀ-ਹੌਲੀ ਘੱਟ ਹੋਣ ਲੱਗਦੀ ਹੈ। ਗੁਰਬਚਨ ਸਿੰਘ ਨੇ ਕਿਹਾ ਕਿ ਜੇਕਰ ਸਾਰੇ ਕਿਸਾਨ ਹੈਪੀ ਸੀਡਰ ਨਾਲ ਨਾੜ ਨੂੰ ਖੇਤਾਂ ਵਿੱਚ ਹੀ ਖੇਤੀ ਲਈ ਹੀ ਇਸਤੇਮਾਲ ਕਰਨ ਤਾਂ ਇਸਤੋਂ ਉਨ੍ਹਾਂਨੂੰ ਕੋਈ ਨੁਕਸਾਨ ਨਹੀਂ ਹੋਵੇਗਾ ਸਗੋਂ ਫਾਇਦਾ ਹੀ ਹੋਵੇਗਾ। ਉਨ੍ਹਾਂਨੇ ਕਿਹਾ ਕਿ ਕਈ ਕਿਸਾਨਾਂ ਦੀ ਮਾਨਸਿਕਤਾ ਹੈ ਕਿ ਇਸ ਮਾਧਿਅਮ ਨਾਲ ਨੁਕਸਾਨ ਹੁੰਦਾ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਕਿਸੇ ਕਿਸਾਨ ਦਾ ਵੀ ਇਸ ਢੰਗ ਨੂੰ ਅਪਨਾਉਣ ਨਾਲ ਨੁਕਸਾਨ ਹੁੰਦਾ ਹੈ ਤਾਂ ਉਹ ਨੁਕਸਾਨ ਉਹ ਆਪ ਭਰਨਗੇ। ਡੀਸੀ ਪ੍ਰਦੀਪ ਕੁਮਾਰ ਸਭਰਵਾਲ ਨੇ ਕਿਹਾ ਕਿ ਗੁਰਬਚਨ ਸਿੰਘ ਨੇ ਜੋ ਪਹਿਲ ਕੀਤੀ ਹੈ ਉਹ ਦੂਜੇ ਕਿਸਾਨਾਂ ਲਈ ਮਿਸਾਲ ਹੈ ।



# ਸਰਦਾਰ ਜਗਮੀਤ ਸਿੰਘ ਦੀ ਜਿੱਤ !

## ਕੈਨੇਡਾ ਦੇ ਸਿਆਸੀ ਸਫਰ ਦੀ ਵਿਲੱਖਣ ਸ਼ੁਰੂਆਤ

ਗੁਰਪ੍ਰੀਤ ਸਿੰਘ ਤੰਗੌਰੀ
+919872010560





ਕੈਨੇਡਾ ਪੰਜਾਬੀਆਂ ਦੇ ਸੁਫਨਿਆਂ ਦਾ ਦੇਸ਼ ਰਿਹਾ ਹੈ, ਇਹੀ ਕਾਰਨ ਹੈ ਕਿ ਅੱਜ ਲੱਖਾਂ ਪੰਜਾਬੀ ਕੈਨੇਡਾ ਦੀ ਧਰਤੀ 'ਤੇ ਵਸਦੇ ਹਨ। ਕੈਨੇਡਾ ਵਿੱਚ ਪੰਜਾਬੀ ਬੇਸ਼ੱਕ ਰੋਜੀ-ਰੋਟੀ ਦੀ ਭਾਲ ਵਿੱਚ ਹੀ ਗਏ ਸਨ, ਪਰ ਉੱਥੇ ਜਾ ਕੇ ਉਨਾਂ ਨੇ ਆਪਣੇ ਆਪ ਨੂੰ ਇਸ ਤਰੀਕੇ ਨਾਲ ਸਥਾਪਿਤ ਕੀਤਾ ਕਿ ਉਹ ਕੈਨਡਾ ਦੀ ਮੁੱਖ ਧਾਰਾ ਨਾਲ ਜੁੜ ਗਏ ਅਤੇ ਅੱਜ ਪੰਜਾਬੀਆਂ ਬਿਨਾਂ ਕੈਨੇਡਾ ਅਧੂਰਾ ਹੈ। ਹਰ ਖੇਤਰ ਵਿਚ ਪੰਜਾਬੀਆਂ ਨੇ ਬੇਮਿਸਾਲ ਕਾਮਯਾਬੀ ਹਾਸਿਲ ਕੀਤੀ ਹੈ। ਕੈਨੇਡਾ ਦੀ ਸਿਆਸਤ ਹੋਵੇ ਜਾਂ ਖੇਡ ਦਾ ਮੈਦਾਨ ਹੋਵੇ,ਜਾਂ ਕਾਰੋਬਾਰ ਅਤੇ ਹੋਰ ਕਿਸੇ ਤਰਾਂ ਦਾ ਕੋਈ ਵੀ ਖੇਤਰ ਹੋਵੇ,ਹਰ ਖੇਤਰ ਵਿੱਚ ਪੰਜਾਬੀਆਂ ਨੇ ਸਿਰਕੱਢ ਰਿਕਾਰਡ ਕਾਇਮ ਕੀਤੇ ਹਨ।

ਕੈਨੇਡਾ ਦੀ ਸਿਆਸਤ ਦਿ ਗੱਲ ਕਰੀਏ ਤਾਂ ਅੱਜ ਬਹੁਤ ਸਾਰੇ ਪੰਜਾਬੀ ਕੈਨੇਡਾ ਵਿੱਚ ਐਮ ਪੀ, ਐਮ.ਐਲ ਏਜ ਵਰਗੇ ਵਕਾਰੀ ਆਹੁਦਿਆਂ 'ਤੇ ਬਿਰਾਜ ਹਨ। ਹੁਣੇ-ਹੁਣੇ ਜਗਮੀਤ ਸਿੰਘ ਵੱਲੋਂ ਇੱਕ ਮੁੱਖ ਸਿਆਸੀ ਪਾਰਟੀ ਦਾ ਕੌਮੀ ਨੇਤਾ ਬਣਨਾ ਇੱਕ ਬਹੁਤ ਵੱਡੀ ਗੱਲ ਆਖੀ ਜਾ ਸਕਦੀ ਹੈ।

**ਜਗਮੀਤ ਸਿੰਘ ਦੀ ਜਿੱਤ ਵਿੱਚ ਸੱਭ ਤੋਂ ਵੱਡਾ ਹੱਥ ਸਿੱਖ ਭਾਈਚਾਰੇ ਦਾ ਰਿਹਾ**

ਕੁੱਲ ਪਈਆਂ 65,782 ਵੋਟਾਂ ਵਿੱਚੋਂ 35,266 ਵੋਟਾਂ ਹਾਸਲ ਕਰਕੇ ਜਗਮੀਤ ਸਿੰਘ ਨੇ ਐਨ ਡੀ ਪੀ ਲੀਡਰਸ਼ਿੱਪ ਚੋਣ ਪਹਿਲੇ ਗੇੜ ਵਿੱਚ ਹੀ ਨਹੀਂ ਜਿੱਤੀ ਸਗੋਂ ਪਹਿਲੀ ਵਾਰ ਇੱਕ ਦਸਤਾਰਧਾਰੀ ਸਿੱਖ ਵਜੋਂ ਕੈਨੇਡਾ ਦੀ ਕਿਸੇ ਪ੍ਰਮੁੱਖ ਸਿਆਸੀ ਪਾਰਟੀ ਦਾ ਲੀਡਰ ਬਣਨ ਦਾ ਮਾਣ ਵੀ ਹਾਸਲ ਕੀਤਾ ਹੈ। ਜਗਮੀਤ ਸਿੰਘ ਦੇ ਐਨ ਡੀ ਪੀ ਲੀਡਰ ਚੁਣੇ ਜਾਣ ਨਾਲ ਸਿੱਖ ਭਾਈਚਾਰੇ ਦਾ ਕੱਦਕਾਠ ਕੈਨੇਡਾ ਦੀ ਸਿਆਸਤ ਵਿੱਚ ਉੱਚਾ ਹੋਇਆ ਹੈ। ਨਾਲ ਹੀ ਉਸਦੀ ਜਿੱਤ ਕੈਨੇਡਾ ਦੇ ਸਮੂਹ ਵਿਭਿੰਨ ਭਾਈਚਾਰਿਆਂ (Diverse Communities) ਲਈ ਸਾਡੇ ਸਮਾਜ ਦੇ ਵੱਖ ਵੱਖ ਪਹਿਲੂਆਂ ਵਿੱਚ ਛੁਪੀਆਂ ਬੇਅੰਤ ਸੰਭਾਵਨਾਵਾਂ ਨੂੰ ਟਟੋਲ ਕੇ ਸਫ਼ਲ ਹੋਣ ਦਾ ਪ੍ਰਤੀਕ ਬਣ ਗਈ ਹੈ।ਜਗਮੀਤ ਸਿੰਘ ਦਾ ਨਾਮ ਐਨ ਡੀ ਪੀ ਦੇ ਉਹਨਾਂ ਦੋ ਵੱਡੇ ਆਗੂਆਂ ਟੌਮੀ ਡਗਲਸ ਅਤੇ ਜੈਕ ਲੇਅਟਨ ਨਾਲ ਜੁੜ ਗਿਆ ਹੈ ਜਿਹੜੇ ਇਸ ਪਾਰਟੀ ਦੇ ਇਤਿਹਾਸ ਵਿੱਚ ਪਹਿਲੇ ਬੈਲਟ ਦੇ ਆਧਾਰ ਉੱਤੇ ਚੋਣ ਜਿੱਤੇ ਸਨ। ਡਗਲਸ ਨੇ ਇਹ ਮਾਣ 1961 ਵਿੱਚ 78.5% ਵੋਟਾਂ ਹਾਸਲ ਕਰਕੇ ਪ੍ਰਾਪਤ ਕੀਤਾ ਸੀ ਜਿਸਤੋਂ ਬਾਅਦ 2003 ਵਿੱਚ ਜੈਕ ਲੇਅਟਨ ਨੇ ਪਹਿਲੇ ਗੇੜ ਵਿੱਚ 53.5% ਵੋਟਾਂ ਲੈ ਕੇ ਜਿੱਤ ਹਾਸਲ ਕੀਤੀ ਸੀ। 30 ਸਾਲਾ ਜਗਮੀਤ ਸਿੰਘ ਨੇ ਕੱਲ 53% ਵੋਟਾਂ ਹਾਸਲ ਕਰਕੇ ਐਨ ਡੀ ਪੀ ਦੀਆਂ ਟੌਪ ਗੰਨਾਂ ਚਾਰਲੀ ਐਨਗਸ, ਨਿੱਕੀ ਐਸ਼ਟਨ ਅਤੇ ਗਾਈ ਕੈਰਨ ਨੂੰ ਚਿੱਤ ਕੀਤਾ ਹੈ। ਉਸਦੀ ਚੋਣ ਨੇ ਉਸ ਧਾਰਨਾ ਨੂੰ ਹੋਰ ਵੀ ਪੱਕਿਆਂ ਕੀਤਾ ਹੈ ਕਿ ਨੌਮੀਨੇਸ਼ਨ ਚੋਣ ਵਿੱਚ ਸਫ਼ਲਤਾ ਇਹਨਾਂ ਗੱਲਾਂ ਉੱਤੇ ਬਹੁਤ ਨਿਰਭਰ ਹੈ ਕਿ ਕੌਣ, ਕਿੱਥੇ ਤੋ,; ਕਿੰਨੇ ਨਵੇਂ ਮੈਂਬਰ ਸਾਈਨ ਕਰਦਾ ਹੈ ਅਤੇ ਕਿੰਨਾ ਪੈਸਾ ਫੰਡ ਰੇਜ਼ ਕਰਦਾ ਹੈ। ਜਗਮੀਤ ਸਿੰਘ ਨੇ 6 ਲੱਖ 19 ਹਜ਼ਾਰ ਫੰਡ ਰੇਜ਼ ਕੀਤੇ ਜੋ ਕਿ ਲੀਡਰਸ਼ਿੱਪ ਰੇਸ ਵਿੱਚ ਉਸਦੇ ਨੇੜਲੇ ਵਿਰੋਧੀ ਚਾਰਲੀ ਐਗਨਸ ਦੇ 3 ਲੱਖ 74 ਹਜ਼ਾਰ ਡਾਲਰਾਂ ਦੇ ਮੁਕਾਬਲੇ 165% ਜ਼ਿਆਦਾ ਬਣਦੇ ਹਨ। ਸੁਭਾਵਿਕ ਹੈ ਕਿ ਜਗਮੀਤ ਸਿੰਘ ਦੀ ਜਿੱਤ ਵਿੱਚ ਸੱਭ ਤੋਂ ਵੱਡਾ ਹੱਥ ਸਿੱਖ ਭਾਈਚਾਰੇ ਦਾ ਰਿਹਾ ਹੈ। ਉਸਨੇ ਗਰੇਟਰ ਟੋਰਾਂਟੋ ਏਰੀਆ (ਟੋਰਾਂਟੋ ਤੋਂ ਬਾਹਰ ਦੇ ਬਰੈਂਪਟਨ ਵਰਗੇ ਇਲਾਕੇ ਜਿੱਥੇ ਸਿੱਖ ਵੱਸੋਂ ਵੱਧ ਹੈ) ਵਿੱਚੋਂ 52% (3 ਲੱਖ 22 ਹਜ਼ਾਰ) ਫੰਡ ਇੱਕਤਰ ਕੀਤੇ ਜੋ ਉਸਦੀ ਵੋਟ ਪ੍ਰਤੀਸ਼ਤਤਾ ਨਾਲ ਵੀ ਮੇਲ ਖਾਂਦੇ ਹੋਣਗੇ। ਉਸਦੇ ਨੇੜਲੇ ਵਿਰੋਧੀ ਚਾਰਲੀ ਐਗਨਸ ਨੂੰ ਜੀ ਟੀ ਏ ਵਿੱਚੋਂ ਮਹਿਜ਼ 41,000 ਡਾਲਰ ਮਿਲੇ। ਇੱਕਲੇ ਬਰੈਂਪਟਨ ਨੇ 2 ਲੱਖ ਡਾਲਰ ਇੱਕਤਰ ਕਰਕੇ ਜਗਮੀਤ ਸਿੰਘ ਦੀ ਝੋਲੀ ਵਿੱਚ ਪਾਏ ਜੋ ਉਸਦੇ ਕੁੱਲ ਫੰਡਾਂ ਦਾ 30% ਦੇ ਕਰੀਬ ਬਣਦਾ ਹੈ। ਬਾਕੀ ਦੇ ਤਿੰਨਾਂ ਐਨ ਡੀ ਪੀ ਉਮੀਦਵਾਰਾਂ ਨੂੰ ਬਰੈਂਪਟਨ ਵਿੱਚੋਂ ਕੁੱਲ ਮਿਲਾ ਕੇ 2 ਹਜ਼ਾਰ ਡਾਲਰ ਫੰਡ ਵਜੋਂ ਮਸਾਂ ਮਿਲੇ। ਇਸੇ ਤਰੀਕੇ ਜਗਮੀਤ ਸਿੰਘ ਦਾ ਸਮਰੱਥਨ ਵੈਨਕੂਵਰ ਦੇ ਗਰੇਟਰ ਏਰੀਆ (ਸਰੀ ਆਦਿ) ਵਿੱਚ ਮਜਬੂਤ ਰਹਿਣਾ ਸਿੱਖ ਭਾਈਚਾਰੇ ਦੇ ਸਮਰੱਥਨ ਵੱਲ ਇਸ਼ਾਰਾ ਕਰਦਾ ਹੈ।

**ਫਸਟ ਜਨਰੇਸ਼ਨ ਦੇ ਸਿੱਖ ਕੈਨੇਡੀਅਨਾਂ ਦੇ ਸਹਾਰੇ ਨੇ ਉਸਦੀ ਜਿੱਤ ਉੱਤੇ ਫੈਸਲਾਕੁਨ ਮੋਹਰ ਲਾਈ।**

ਕੋਈ ਸ਼ੱਕ ਨਹੀਂ ਕਿ ਜਗਮੀਤ ਸਿੰਘ ਨੂੰ ਨਵੀਂ ਪੀੜੀ ਦੇ ਵਾਲੰਟੀਅਰ ਬਹੁਤ ਜੋਸ਼ ਅਤੇ ਚਾਵਾਂ ਨਾਲ ਮਦਦ ਕਰਦੇ ਹਨ। ਉਸਨੇ ਵੱਡੀ ਪੱਧਰ ਉੱਤੇ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਵਿੱਦਿਆਰਥੀਆਂ ਨੂੰ ਨਾਲ ਲੈ ਕੇ ਆਪਣੀ ਮੁਹਿੰਮ ਨੂੰ ਤਿੱਖਾ ਕੀਤਾ। ਪਰ ਸੱਚਾਈ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਫਸਟ ਜਨਰੇਸ਼ਨ ਦੇ ਸਿੱਖ ਕੈਨੇਡੀਅਨਾਂ ਦੇ ਸਹਾਰੇ ਨੇ ਉਸਦੀ ਜਿੱਤ ਉੱਤੇ ਫੈਸਲਾਕੁਨ ਮੋਹਰ ਲਾਈ। ਸਾਨੂੰ ਚੇਤੇ ਰੱਖਣਾ ਹੋਵੇਗਾ ਕਿ ਧਰਮ ਬਦਲ ਕੇ ਸਿੱਖ ਬਣੇ ਮਾਰਟਿਨ ਸਿੰਘ ਨੇ ਜਦੋਂ 2012 ਵਿੱਚ ਐਨ ਡੀ ਪੀ ਲੀਡਰਸ਼ਿੱਪ ਰੇਸ ਲੜੀ ਸੀ ਤਾਂ ਉਸ ਭਲੇ ਪੁਰਸ਼ ਵਿੱਚ ਇੱਕ ਕਮੀ ਇਹ ਵੇਖਣ ਨੂੰ ਮਿਲੀ ਕਿ ਉਹ ਰਵਾਇਤੀ ਸਿੱਖ ਹਲਕਿਆਂ ਨਾਲ ਸਾਂਝ ਪੈਦਾ ਨਾ ਕਰ ਸਕਿਆ। ਜਗਮੀਤ ਸਿੰਘ ਨੇ ਆਪਣੇ ਮਾਪਿਆਂ ਦੇ ਕੈਨੇਡਾ ਵਿੱਚ ਸਥਾਪਤ ਹੋਣ ਦਾ ਸੰਘਰਸ਼, 1984 ਦੇ ਸਿੱਖ ਕਤਲੇਆਮ ਨੂੰ ਜੈਨੋਸਾਈਡ ਐਲਾਨਣ ਲਈ ਮਤਾ ਪੇਸ਼ ਕਰਨ ਸਮੇਤ ਕਈ ਅਜਿਹੇ ਕਦਮ ਚੁੱਕੇ ਜੋ ਉਸਨੂੰ ਗੈਰ-ਰਿਵਾਇਤੀ ਵੋਟ ਬੈਂਕ ਤੱਕ ਜਾਣ ਵਿੱਚ ਸਹਾਈ ਸਿੱਧ ਹੋਏ। ਉਸ ਵੱਲੋਂ ਉਠਾਏ ਗਏ ਕੁੱਝ ਪਹਿਲੂ ਫੈਡਰਲ ਪੱਧਰ ਦੀ ਸਿਆਸਤ ਵਿੱਚ ਵਿਵਾਦਮਈ ਹੋਣ ਦੀ ਸੰਭਾਵਨਾ ਵੀ ਰੱਖਦੇ ਹਨ। ਪਰ ਇਹ ਵੇਖਣਾ ਦਿਲਚਸਪ ਰਹੇਗਾ ਕਿ ਉਹ ਫੈਡਰਲ ਸਿਆਸਤ ਵਿੱਚ ਕਿਹੋ ਜਿਹੀ ਪਹੁੰਚ ਅਪਣਾਵੇਗਾ।

**2019 ਦੀਆਂ ਫੈਡਰਲ ਚੋਣਾਂ ਦੀ ਖੇਡੀ ਜਾਣ ਵਾਲੀ ਫਿਲਮ ਦਾ ਟਰੇਲਰ ਦਿਖਾਇਆ।**



ਜਗਮੀਤ ਸਿੰਘ ਦੀ ਜਿੱਤ ਕੈਨੇਡੀਅਨ ਸਿੱਖ ਸਿਆਸਤ ਨੂੰ ਆਉਣ ਵਾਲੇ ਲੰਬੇ ਸਮੇਂ ਤੱਕ ਪ੍ਰਭਾਵਿਤ ਕਰੇਗੀ, ਖਾਸ ਕਰਕੇ ਉਹਨਾਂ ਸਮੀਕਰਣਾਂ ਨੂੰ ਜਿਹੜੇ ਸਿੱਖ ਭਾਈਚਾਰੇ ਅੰਦਰ ਲਿਬਰਲ ਅਤੇ ਕੰਜ਼ਰਵੇਟਿਵ ਪਾਰਟੀ ਦੇ ਸਥਾਨ ਨੂੰ ਬਿਆਨ ਕਰਦੇ ਹਨ। ਬਦਲੇ ਹੋਏ ਸਮੀਕਰਣ ਵਿਸ਼ੇਸ਼ ਕਰਕੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਲਈ ਸੁਆਲ ਖੜਾ ਕਰਨਗੇ ਜਿਸਨੇ ਆਪਣੀ ਵਜ਼ਾਰਤ ਵਿੱਚ ਚਾਰ ਸਿੱਖਾਂ ਨੂੰ ਮੰਤਰੀ ਬਣਾ ਕੇ 2015 ਵਿੱਚ ਆਪਣਾ ਮਸ਼ਹੂਰ ਬਿਆਨ ਦਿੱਤਾ ਸੀ ਕਿ ਉਸਦੀ ਵਜ਼ਾਰਤ 'ਕੈਨੇਡਾ ਵਰਗੀ' ਜਾਪਦੀ ਹੈ। ਟਰੂਡੋ ਵੱਲੋਂ 2015 ਵਿੱਚ ਪੈਦਾ ਕੀਤੇ ਕੈਨੇਡਾ ਨੂੰ ਜਗਮੀਤ ਸਿੰਘ ਕਿੰਨੇ ਕੁ ਪੱਧਰ ਉੱਤੇ ਖੋਰਾ ਲਾਵੇਗਾ, ਇਸਦਾ ਅੰਦਾਜ਼ਾ ਹਾਲ ਦੀ ਘੜੀ ਲਾਉਣਾ ਔਖਾ ਹੈ। ਪਰ ਹਾਂ, ਟਰੂਡੋ ਵਾਗੂੰ ਹੀ ਮਾਹਰ ਵਕਤਾ, ਫੈਸ਼ਨ ਦਾ ਮਾਹਰ ਅਤੇ ਉਮਰ ਵਿੱਚੋਂ ਟਰੂਡੋ ਨਾਲੋਂ ਵੀ ਛੋਟਾ ਇੱਕ ਸਿੱਖ ਆਗੂ ਐਨ ਡੀ ਪੀ ਨੇ ਪੈਦਾ ਕਰਕੇ ਟਰੂਡੋ ਨੂੰ 2019 ਦੀਆਂ ਫੈਡਰਲ ਚੋਣਾਂ ਦੀ ਖੇਡੀ ਜਾਣ ਵਾਲੀ ਫਿਲਮ ਦਾ ਟਰੇਲਰ ਜ਼ਰੂਰ ਵਿਖਾ ਦਿੱਤਾ ਹੈ।

**ਪਹਿਲੀ ਵਾਰ ਅੰਮ੍ਰਿਤਧਾਰੀ ਸਿੱਖ ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਚੋਣ ਲੜੇਗਾ**

ਇਹ ਪਹਿਲੀ ਵਾਰ ਹੋਏਗਾ ਕਿ ਕੋਈ ਅੰਮ੍ਰਿਤਧਾਰੀ ਸਿੱਖ 2019 ਦੀਆਂ ਫੈਡਰਲ ਪਾਰਲੀਮੈਂਟ ਚੋਣਾਂ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਚੋਣ ਲੜੇਗਾ। ਇਹ ਵੀ ਪਹਿਲੀ ਵਾਰ ਹੈ ਕਿ ਕੋਈ ਦੁਮਾਲੇ ਵਾਲਾ ਉਮੀਦਵਾਰ ਕੈਨੇਡਾ ਦੀ ਪਾਰਲੀਮੈਂਟ ਵਿੱਚ ਪਹੁੰਚਿਆ ਹੈ।

**1984 ਸਿੱਖ ਕਤਲੇਆਮ ਮਤੇ ਬਾਰੇ ਓਂਟਾਰੀਓ ਸੰਸਦ 'ਚ ਐਨ.ਡੀ.ਪੀ. ਦੇ ਜਗਮੀਤ ਸਿੰਘ ਦਾ ਭਾਸ਼ਣ**

ਇਸੇ ਸਾਲ ਜਗਮੀਤ ਸਿੰਘ ਨੇ ਲਗਾਤਾਰ ਕੋਸ਼ਿਸ਼ਾਂ ਤੋਂ ਬਾਅਦ ਓਂਟਾਰੀਓ ਵਿਧਾਨ ਸਭਾ ਨੇ ਭਾਰਤ 'ਚ 1984 'ਚ ਹੋਏ ਸਿੱਖ ਕਤਲੇਆਮ ਨੂੰ ਨਸਲਕੁਸ਼ੀ ਵਜੋਂ ਮਾਨਤਾ ਦਿੱਤੀ ਸੀ। ਇਹ ਇਤਿਹਾਸਕ ਪ੍ਰਾਪਤੀ ਉਸ ਝੂਠੀ ਕਹਾਣੀ ਨੂੰ ਖਤਮ ਕਰਦੀ ਹੈ ਜਿਸ ਮੁਤਾਬਕ ਸਿੱਖ ਵਿਰੋਧੀ ਹਿੰਸਾ ਦੋ ਧਰਮਾਂ ਜਾਂ ਸਭਿਆਚਾਰਾਂ ਦੇ ਟਕਰਾਅ ਦਾ ਨਤੀਜਾ ਸੀ। ਇਸਦੇ ਬਜਾਏ ਇਹ ਮਤਾ ਸਪੱਸ਼ਟ ਕਰਦਾ ਹੈ ਕਿ ਭਾਰਤ ਸਰਕਾਰ ਨੇ ਸਿੱਖਾਂ ਦੀ ਨਸਲਕੁਸ਼ੀ ਨੂੰ ਹੱਲਾਸ਼ੇਰੀ ਦਿੱਤੀ ਸੀ।

ਇਸ ਮਤੇ ਦੀ ਪ੍ਰਵਾਨਗੀ ਨਾਲ ਇਹ ਇਤਿਹਾਸ ਦਾ ਪਹਿਲਾ ਮਤਾ ਬਣ ਗਿਆ ਜਿਸ ਵਿਚ 1984 ਸਿੱਖ ਕਤਲੇਆਮ ਨੂੰ ਨਸਲਕੁਸ਼ੀ ਵਜੋਂ ਮਾਨਤਾ ਮਿਲੀ ਹੈ। ਇਹ ਮਤਾ ਹਿੰਦੂ, ਮੁਸਲਮਾਨ ਅਤੇ ਹੋਰ ਫਿਰਕਿਆਂ ਦੇ ਅਣਗਿਣਤ ਪਰਿਵਾਰਾਂ ਦਾ ਸਨਮਾਨ ਕਰਦਾ ਹੈ ਜਿਨ੍ਹਾਂ ਨੇ ਆਪਣੀ ਸਿੱਖ ਗਵਾਂਢੀਆਂ ਨੂੰ ਬਚਾਉਣ ਲਈ ਆਪਣੀ ਜਾਨ ਨੂੰ ਖਤਰੇ ਵਿਚ ਪਾਇਆ ਸੀ।

ਐਮ.ਪੀ.ਪੀ. ਜਗਮੀਤ ਸਿੰਘ ਨੇ ਓਂਟਾਰੀਓ ਵਿਚ ਸਿੱਖਾਂ ਹੈਲਮਟ ਤੋਂ ਛੋਟ ਲਈ ਬਿਲ ਲਿਆਂਦਾ

ਜਗਮੀਤ ਸਿੰਘ ਨੇ ਕਿਹਾ ਕਿ, ਸਿੱਖ ਧਰਮ ਨੂੰ ਮੰਨਣ ਵਾਲੇ ਦਸਤਾਰਧਾਰੀ ਸਿੱਖਾਂ ਨੂੰ ਹੱਕ ਮਿਲਣਾ ਚਾਹੀਦਾ ਹੈ ਕਿ ਉਹ ਆਪਣੀ ਧਾਰਮਿਕ ਆਜ਼ਾਦੀ ਮਾਣ ਸਕਣ ਅਤੇ ਮੈਂ ਪਗੜੀਧਾਰੀ ਸਿੱਖਾਂ ਦੀ ਧਾਰਮਿਕ ਆਜਾਦੀ ਅਤੇ ਪ੍ਰਗਟਾਵੇ ਵਰਗੇ ਹੱਕਾਂ ਦੀ ਸਵਿਧਾਨਿਕ ਹੱਕਾਂ ਦੀ ਸੁਰਿੱਖਿਆ ਲਈ ਵਚਨਵੱਧ ਹਾਂ।

**ਕਨੇਡਾ ਦੇ ਸਿੱਖ ਐੱਮ. ਪੀ. ਪੀ ਨੂੰ ਭਾਰਤੀ ਵੀਜ਼ੇ ਤੋਂ ਨਾਂਹ,**

ਜਗਮੀਤ ਸਿੰਘ ਨੇ ਨੇ 1984 ਬਾਰੇ ਬੋਲਦਿਆ ਆਖਿਆ ਸੀ ਕਿ 1984 ਵਿੱਚ ਇੰਦਰਾਂ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ਵਿੱਚ ਵਾਪਰਿਆ,ਉਸਨੂੰ ਦੰਗੇ ਕਹਿਣਾ ਗਲਤ ਹੈ।ਮੈਂ ਇਸ ਮੁੱਦੇ 'ਤੇ ਪ੍ਰਚਾਰ ਕਰ ਰਿਹਾ ਹਾਂ ਕਿ ਉਹ ਸਿੱਖਾਂ ਅਤੇ ਹਿਦੂਆਂ (ਦੋ ਕੌਮਾਂ )ਵਿੱਚ ਦੰਗੇ ਨਹੀਂ ਸਨ, ਬਲਕਿ ਸਰਕਾਰੀ ਕਤਲੇਆਮ ਸੀ। ਇਹੀ ਮੁੱਖ ਕਾਰਨ ਸੀ ਕਿ ਭਾਰਤ ਨੇ ਉਨ੍ਹਾਂ ਨੂੰ ਵੀਜਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਅਤੇ ਵੀਜਾ ਨਾ ਦੇਣ ਦੇ ਕਾਰਨ ਵੀ ਨਹੀਂ ਦੱਸੇ ਸਨ। ਇਸ ਦਾ ਸਾਫ ਮਤਲਬ ਸੀ ਕਿ ਸਿੱਖ ਨਸਲਕੁਸ਼ੀ 'ਤੇ ਇੰਨੀ ਬੇਬਾਕੀ ਨਾਲ ਬੋਲਣ ਕਾਰਨ ਹੀ ਜਗਮੀਤ ਨੂੰ ਵੀਜਾ ਨਹੀਂ ਦਿੱਤਾ ਗਿਆ ਸੀ। ਸਫਰ ਲੰਬਾ ਹੈ , ਮੁਸ਼ਕਲ ਹੈ , ਚਣੌਤੀਆ ਵੀ ਬਹੁਤ ਸਾਰੀਆਂ ਹਨ , ਪਰ ਲੱਗਦਾ ਹੈ ਜਗਮੀਤ ਸਿੰਘ ਦੀ ਹਲੀਮੀ , ਲਿਆਕਤ ਅਤੇ ਸਖ਼ਤ ਮਿਹਨਤ ਇੱਕ ਦਿਨ ਰੰਗ ਜ਼ਰੂਰ ਲਿਆਵੇਗੀ। 2019 ਦੀਆ ਚੋਣਾਂ ਵਿੱਚ ਜੇ ਉਨ੍ਹਾਂ ਦੀ ਪਾਰਟੀ ਜਿੱਤਦੀ ਹੈ ਤਾਂ ਸਰਦਾਰ ਜਗਮੀਤ ਸਿੰਘ ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਦਾਅਵੇਦਾਰ ਹੋ ਸਕਦੇ ਹਨ।

**ਕੌਣ ਹੈ ਜਗਮੀਤ ?, ਅਤੇ ਪਿਛੋਕੜ।**

ਪੇਸ਼ੇ ਵਜੋਂ ਵਕੀਲ 38 ਕੁ ਸਾਲਾ ਜਿਸ ਜਗਮੀਤ ਧਾਲੀਵਾਲ ਨੂੰ ਜਿੰਮੀ ਧਾਲੀਵਾਲ ਵਜੋਂ ਵੀ ਜਾਣਿਆਂ ਜਾਂਦਾ ਹੈ, ਨੂੰ ਖੱਬੇ ਪੱਖੀ ਪਾਰਟੀ ਨੇ ਤਕੜੇ ਬਹੁਮੱਤ ਨਾਲ ਫੈਡਰਲ ਸਰਕਾਰ ਲਈ ਹੋਣ ਵਾਲੀਆਂ ਚੋਣਾਂ ਵਾਸਤੇ ਆਪਣਾ ਉਮੀਦਵਾਰ ਚੁਣ ਲਿਆ ਹੈ। ਸਾਬਤ ਸਬੂਤ ਸਿੱਖ ਨੌਜਵਾਨ ਜਿੰਮੀ ਧਾਲੀਵਾਲ ਜਿੱਥੇ ਲੋਹੜੇ ਦਾ ਮਿਲਾਪੜਾ, ਮਿੱਠਬੋਲੜਾ, ਪੰਜਾਬੀ ਤੋਂ ਇਲਾਵਾ ਅੰਗਰੇਜ਼ੀ ਅਤੇ ਫਰੈਂਚ ਭਾਸ਼ਾ ਦਾ ਗਿਆਤਾ ਹੈ, ਉੱਥੇ ਉਸ ਦੀ ਇਹ ਵੀ ਇੱਕ ਵਿਲੱਖਣ ਪਛਾਣ ਹੈ ਕਿ ਪੱਛਮੀ ਧਰਤੀ 'ਤੇ ਉਹ ਨਾ ਸਿਰਫ ਸਿੱਖੀ ਲਿਬਾਸ ਵਿੱਚ ਵਿਚਰਦਾ ਹੈ, ਬਲਕਿ ਆਪਣੇ ਇਲਾਕੇ ਵਿੱਚ ਜ਼ਿਆਦਾਤਰ ਸਾਈਕਲ ਦੀ ਸਵਾਰੀ ਹੀ ਕਰਦਾ ਹੈ। ਉਸ ਦੇ ਐਨ ਡੀ ਪੀ ਦਾ ਆਗੂ ਚੁਣੇ ਜਾਣ ਨਾਲ ਦੁਨੀਆ ਭਰ ਦੇ ਪੰਜਾਬੀਆਂ 'ਚ ਜਿੱਥੇ ਖੁਸ਼ੀ ਦੀ ਲਹਿਰ ਦੌੜ ਗਈ ਹੈ, ਉੱਥੇ ਉਸ ਦੇ ਪਿਛੋਕੜ ਨੂੰ ਲੈ ਕੇ ਵੀ ਜ਼ੋਰ-ਸ਼ੋਰ ਨਾਲ ਚਰਚਾ ਹੋ ਰਹੀ ਹੈ। ਹਾਲਾਂਕਿ ਜਿੰਮੀ ਧਾਲੀਵਾਲ ਦਾ ਪਾਲਣ ਪੋਸਣ ਅਤੇ ਪੜ੍ਹਾਈ ਲਿਖਾਈ ਕੈਨੇਡਾ ਵਿੱਚ ਹੋਈ ਹੈ, ਪਰ ਉਸ ਦੀਆਂ ਜੜ੍ਹਾਂ ਮਾਲਵਾ ਦੀ ਧੁੰਨੀ ਵਿੱਚ ਸਥਿਤ ਜ਼ਿਲ੍ਹਾ ਬਰਨਾਲਾ ਦੇ ਉਸ ਪਿੰਡ ਠੀਕਰੀਵਾਲਾ ਨਾਲ ਜੁੜੀਆਂ ਹੋਈਆਂ ਹਨ, ਜਿਸ ਦੇ ਵਸਨੀਕ ਸ੍ਰ: ਸੇਵਾ ਸਿੰਘ ਠੀਕਰੀਵਾਲਾ ਨੇ ਰਿਆਸਤੀ ਲੋਕਾਂ ਨੂੰ ਦੂਹਰੀ ਗੁਲਾਮੀ ਤੋਂ ਅਜ਼ਾਦ ਕਰਵਾਉਣ ਹਿੱਤ ਕਹਿਰਾਂ ਦਾ ਤਸ਼ੱਦਦ ਸਹਿੰਦਿਆਂ ਬਹੁਤ ਲੰਬਾ ਮਰਨ ਵਰਤ ਰੱਖ ਕੇ 20 ਜਨਵਰੀ 1935 ਨੂੰ ਹਿਰਾਸਤ ਦੌਰਾਨ ਹੀ ਪਟਿਆਲਾ ਵਿਖੇ ਆਪਣੇ ਆਪ ਨੂੰ ਕੁਰਬਾਨ ਕਰ ਦਿੱਤਾ ਸੀ। ਇੱਥੇ ਇਹ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ ਕਿ ਜਿੰਮੀ ਧਾਲੀਵਾਲ ਵੀ ਸ੍ਰ: ਸੇਵਾ ਸਿੰਘ ਠੀਕਰੀਵਾਲਾ ਦੇ ਕੁਨਬੇ ਨਾਲ ਹੀ ਸੰਬੰਧਤ ਨਹੀਂ, ਬਲਕਿ ਰਿਸਤੇ 'ਚੋਂ ਉਹਨਾਂ ਦਾ ਪੜਪੋਤਰਾ ਹੈ।


**ਕੌਣ ਸੀ ਸ੍ਰ: ਸੇਵਾ ਸਿੰਘ ਠੀਕਰੀਵਾਲ ?**

ਰੱਜੇ-ਪੁੱਜੇ ਪਰਵਾਰ ਨਾਲ ਸੰਬੰਧਤ ਇਹ ਮਹਾਨ ਸ਼ਖ਼ਸੀਅਤ ਉਦੋਂ ਜੇਲ੍ਹ ਵਿੱਚ ਬੰਦ ਸੀ, ਜਦ 17 ਜੁਲਾਈ 1928 ਨੂੰ ਮਾਨਸਾ ਵਿਖੇ ਹੋਈ ਇੱਕ ਮਹੱਤਵਪੂਰਨ ਮੀਟਿੰਗ ਦੌਰਾਨ ਰਿਆਸਤੀ ਪਰਜਾ ਮੰਡਲ ਪਟਿਆਲਾ ਦੇ ਜਥੇਬੰਦਕਾਂ ਨੇ ਉਹਨਾਂ ਨੂੰ ਆਪਣਾ ਬਾਨੀ ਪ੍ਰਧਾਨ ਚੁਣ ਲਿਆ। ਜੇਲ੍ਹ 'ਚੋਂ ਰਿਹਾਅ ਹੋਣ ਉਪਰੰਤ ਸ੍ਰ: ਠੀਕਰੀਵਾਲਾ ਨੇ ਜਿੱਥੇ ਆਪਣੀ ਜਥੇਬੰਦੀ ਨੂੰ ਪਟਿਆਲਾ ਰਿਆਸਤ ਦੇ ਪਿੰਡ-ਪਿੰਡ ਪਹੁੰਚਾਇਆ, ਆਪਣੇ ਸਾਥੀਆਂ ਦੀ ਮਦਦ ਨਾਲ ਉੱਥੇ ਇਸ ਦਾ ਪਸਾਰ ਗੈਰ ਅੰਗਰੇਜ਼ੀ ਪੰਜਾਬ ਦੀਆਂ ਬਾਕੀ ਰਿਆਸਤਾਂ ਤੱਕ ਫੈਲਾਇਆ। 17 ਦਸੰਬਰ 1929 ਨੂੰ ਉਹਨਾਂ ਨੇ ਪਰਜਾ ਮੰਡਲ ਦੇ ਲਹੌਰ ਸੈਸ਼ਨ ਦੀ ਪ੍ਰਧਾਨਗੀ ਕੀਤੇ। ਬਦਨਾਮ ਕਰਨ ਦੇ ਇਰਾਦੇ ਨਾਲ ਪਟਿਆਲਾ ਹਕੂਮਤ ਨੇ ਇਸ ਮਹਾਨ ਦੇਸ਼ ਭਗਤ ਨੂੰ ਇੱਕ ਵਾਰ ਭਾਵੇਂ ਗੜਵੀ ਚੋਰੀ ਕਰਨ ਦਾ ਮੁਕੱਦਮਾ ਪਾ ਕੇ ਜੇਲ੍ਹ ਵਿੱਚ ਸੁੱਟ ਦਿੱਤਾ ਸੀ, ਪਰੰਤੂ ਹਕੂਮਤ ਨੂੰ ਇਹ ਦਾਅ ਐਨਾ ਉਲਟ ਪਿਆ ਕਿ ਸ੍ਰ: ਠੀਕਰੀਵਾਲਾ ਆਪਣੇ ਲੋਕਾਂ ਦੀਆਂ ਅੱਖਾਂ ਦਾ ਤਾਰਾ ਬਣ ਗਿਆ। ਜੇਲ੍ਹ ਵਿੱਚ ਹੋ ਰਹੇ ਦੁਰਵਰਤਾਓ ਅਤੇ ਰਿਆਸਤੀ ਲੋਕਾਂ 'ਤੇ ਹੋਰ ਰਹੇ ਕਹਿਰਾਂ ਦੇ ਤਸ਼ੱਦਦ ਵਿਰੁੱਧ ਇਸ ਮਹਾਨ ਦੇਸ਼ ਭਗਤ ਨੇ ਉਦੋਂ ਤੱਕ ਆਪਣਾ ਮਰਨ ਵਰਤ ਜਾਰੀ ਰੱਖਿਆ, 20 ਜੂਨ 1935 ਨੂੰ ਜਦ ਤੱਕ ਉਹ ਸਦੀਵੀ ਵਿਛੋੜਾ ਨਾ ਦੇ ਗਏ। ਦੁਨੀਆ ਵਿੱਚ ਫੈਲੀ ਇਸ ਖ਼ਬਰ ਕਿ ਰਿਸਤੇ 'ਚੋਂ ਉਹਨਾਂ ਦੇ ਪੜਪੋਤੇ ਨੂੰ ਨਿਊ ਡੈਮੋਕਰੈਟਿਕ ਪਾਰਟੀ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਚੋਣ ਲਈ ਆਪਣਾ ਉਮੀਦਵਾਰ ਬਣਾ ਲਿਆ ਹੈ, ਸ੍ਰ: ਸੇਵਾ ਸਿੰਘ ਠੀਕਰੀਵਾਲਾ ਦੀ ਮਹਾਨ ਕੁਰਬਾਨੀ ਦੀ ਚਰਚਾ 82 ਵਰ੍ਹਿਆਂ ਬਾਅਦ ਸ਼ੁਰੂ ਹੋ ਗਈ ਹੈ।



# ਇੱਥੇ 70 ਡਿਗਰੀ ਤਕ ਪਹੁੰਚ ਜਾਂਦਾ ਹੈ ਤਾਪਮਾਨ - ਦੁਨੀਆਂ ਦੀਆਂ ਸਭ ਤੋਂ ਗਰਮ ਥਾਂਵਾ

**ਦੁਨੀਆਂ ਦੇ ਜ਼ਿਆਦਾਤਰ ਖਿੱਤਿਆਂ ਵਿੱਚ ਰਿਕਾਰਡ ਤੋੜ ਗਰਮੀ ਪੈਣੀ ਆਰੰਭ ਹੋ ਚੁੱਕੀ ਹੈ। ਕਈ ਥਾਂਵਾ 'ਤੇ ਤਾਪਮਾਨ 45 ਡਿਗਰੀ ਤੋਂ ਪਾਰ ਪਹੁੰਚ ਚੁੱਕਾ ਹੈ। ਹਾਲਾਂਕਿ ਕਈ ਥਾਂਵਾ ਤੇ ਹਾਲੇ ਵੀ ਮੌਸਮ ਠੀਕ ਹੈ। ਦੁਨੀਆਂ ਵਿੱਚ ਅਜਿਹੇ ਕਈ ਮੁਲਕ ਹਨ ਜਿੱਥੇ ਤਾਪਮਾਨ 60 ਤੋਂ 70 ਡਿਗਰੀ ਤਕ ਪਹੁੰਚ ਚੁੱਕਾ ਹੈ। ਇਹਨਾਂ ਥਾਂਵਾ ਨੂੰ ਧਰਤੀ ਦੀਆਂ ਸਭ ਤੋਂ ਗਰਮ ਥਾਂਵਾ ਵੀ**



**ਦਸ਼ਤ-ਏ-ਲੂਤ, ਇਰਾਨ**

ਦਸ਼ਤ-ਏ-ਲੂਤ ਨੂੰ ਧਰਤੀ ਦਾ ਸਭ ਤੋਂ ਗਰਮ ਸਥਾਨ ਮੰਨਿਆ ਜਾਂਦਾ ਹੈ। ਸਾਲ 2004 ਵਿੱਚ ਇੱਥੋਂ ਦਾ ਤਾਪਮਾਨ 70 ਡਿਗਰੀ ਅਤੇ 2006 ਵਿੱਚ 70.7 ਡਿਗਰੀ ਤੱਕ ਪਹੁੰਚ ਗਿਆ ਸੀ। ਦੱਸਿਆ ਜਾਂਦਾ ਹੈ ਕਿ ਲੂਤ ਦੇ ਜ਼ਿਆਦਾਤਰ ਹਿੱਸੇ ਵਿੱਚ ਇੰਨੀ ਗਰਮੀ ਪੈਂਦਾ ਹੈ ਕਿ



**ਕਵੀਨਸਲੈਂਡ, ਆਸਟ੍ਰੇਲੀਆ**

ਆਸਟ੍ਰੇਲੀਆ ਨੂੰ ਦੁਨੀਆਂ ਦਾ ਸਭ ਤੋਂ ਖ਼ੁਸ਼ਕ ਮਹਾਂਦੀਪ ਕਿਹਾ ਜਾਂਦਾ ਹੈ। ਬੈਡਲੈਂਡਸ ਦੇ ਨਾਂ ਨਾਲ ਮਸ਼ਹੂਰ ਇੱਥੇ ਕਵੀਨਸਲੈਂਡ ਆਊਟਬੈਕ ਦਾ ਹਿੱਸਾ ਇੱਕ ਵੱਡਾ ਰੇਗਿਸਤਾਨ ਹੈ। ਸਾਲ 2003 ਵਿੱਚ ਇੱਥੇ ਭਿਆਨਕ ਸੋਕਾ ਪਿਆ ਸੀ, ਉਸ ਵਕਤ ਇੱਥੋਂ ਦਾ ਤਾਪਮਾਨ 69.3 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਸੀ।




**ਫ਼ਲੇਮਿੰਗ ਮਾਊਂਟੇਨ, ਸ਼ਿਨਜਿਆਂਗ,ਚੀਨ**

ਚੀਨ ਦੇ ਸ਼ਿਨਜਿਆਂਗ ਵਿੱਚ ਤਿਆਨ ਸ਼ਾਨ ਪਹਾੜਾਂ ਦੀ ਸੀਰੀਜ਼ ਵਿੱਚ ਆਉਣ ਵਾਲੇ ਫ਼ਲੇਮਿੰਗ ਮਾਊਂਟੇਨ ਨੂੰ ਵੀ ਗਰਮ ਇਲਾਕਿਆਂ ਨਾਲ ਜਾਣਿਆ ਜਾਂਦਾ ਹੈ।2008 ਵਿੱਚ ਇੱਥੇ ਸਮੁੰਦਰੀ ਤਲ ਦਾ ਤਾਪਮਾਨ 66.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਸੀ। ਉਸ ਸਾਲ ਧਰਤੀ ਤੇ ਮਾਪਿਆ ਗਿਆ ਇਹ ਸਭ ਤੋਂ ਜ਼ਿਆਦਾ ਤਾਪਮਾਨ ਸੀ।




**ਕੇਵ ਆਫ਼ ਦਾ ਕ੍ਰਿਸਟਲ, ਮੈਕਸੀਕੋ**

ਮੈਕਸੀਕੋ ਦੇ ਨੈਕਾ ਵਿੱਚ ਇੱਕ ਕ੍ਰਿਸਟਲ ਗੁਫ਼ਾ ਹੈ, ਇਸਨੂੰ ਹੁਣ ਤੱਕ ਸਭ ਤੋਂ ਵੱਡਾ ਕੁਦਰਤੀ ਕ੍ਰਿਸਟਲ ਮੰਨਿਆ ਜਾਂਦਾ ਹੈ। ਇਹ ਗੁਫ਼ਾ ਇੰਨੀ ਗਰਮ ਹੈ ਕਿ ਇੱਥੇ ਹਵਾ ਦਾ ਜ਼ਿਆਦਾਤਰ ਤਾਪਮਾਨ 58 ਡਿਗਰੀ ਸੈਲਸੀਅਸ ਤੱਕ ਦਰਜ ਕੀਤਾ ਗਿਆ ਹੈ। ਜਿਸ ਕਾਰਨ ਅੱਜ ਤੱਕ ਜ਼ਿਆਦਾ ਖੋਜ-ਪੜਤਾਲ ਨਹੀਂ ਕੀਤੀ ਗਈ।




**ਅਲ-ਅਜੀਜੀਆਹ, ਲਿਬੀਆ**

ਲਿਬੀਆ ਦੀ ਰਾਜਧਾਨੀ ਤ੍ਰਿਪੋਲੀ ਤੋਂ 40 ਕਿਲੋਮੀਟਰ ਦੱਖਣਵਿੱਚ ਮੌਜੂਦ ਅਲ-ਅਜੀਜਿਆਹ ਦੀ ਗਿਣਤੀ ਬੇਹੱਦ ਗਰਮ ਸ਼ਹਿਰਾਂ ਵਿੱਚ ਕੀਤੀ ਜਾਂਦੀ ਹੈ। 1922 ਵਿੱਚ ਇੱਥੋਂ ਦਾ ਜ਼ਿਆਦਾਤਰ ਤਾਪਮਾਨ 57.8 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਸੀ। ਆਮ ਤੌਰ ਤੇ ਗਰਮੀ ਵਿੱਚ ਇੱਥੋਂ ਦਾ ਤਾਪਮਾਨ 48 ਡਿਗਰੀ ਸੈਲਸੀਅਸ ਤੱਕ ਜਾਂਦਾ ਹੈ।




**ਡੈਥ ਵੈਲੀ, ਅਮਰੀਕਾ**

ਕੈਲੇਫੋਰਨੀਆ ਦੇ ਮੋਜੇਵ ਰੇਗਿਸਤਾਨ ਵਿੱਚ ਸਥਿਤ ਡੈਥ ਵੈਲੀ ਉਤਰੀ ਅਮਰੀਕਾ ਦੇ ਸਭ ਤੋਂ ਸੁੱਕੇ ਅਤੇ ਗਰਮ ਇਲਾਕਿਆਂ ਵਿੱਚੋਂ ਇੱਕ ਹੈ। ਸਮੁੰਦਰ ਦੇ ਪੱਧਰ ਤੋਂ ਕਾਫ਼ੀ ਹੇਠਾਂ ਹੋਣ ਦੇ ਕਾਰਨ ਇੱਥੇ ਬਹੁਤ ਗਰਮੀ ਪੈਂਦੀ ਹੈ। ਜੁਲਾਈ 1913 ਵਿੱਚ ਇੱਥੋਂ ਦਾ ਤਾਪਮਾਨ 59.7 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਸੀ, ਜੋ ਹੁਣ ਤੱਕ ਦਾ ਰਿਕਾਰਡ ਤਾਪਮਾਨ ਹੈ। ਹਾਲਾਂਕਿ ਆਮ ਤੌਰ ਤੇ ਇੱਥੋਂ ਦਾ ਤਾਪਮਾਨ 47 ਡਿਗਰੀ ਸੈਲਸੀਅਸ ਰਹਿੰਦਾ ਹੈ।



**ਤਿਰਟ ਜਵੀ, ਇਜ਼ਰਾਈਲ**

ਤਿਰਟ ਜਵੀ ਇਜ਼ਰਾਈਲ ਦਾ ਧਾਰਮਿਕ ਸ਼ਹਿਰ ਹੈ, ਜੋ ਬੇਤ ਸ਼ੇਨ ਵੈਲੀ ਦੇ ਕੋਲ ਸਥਿਤ ਹੈ। ਇਹ ਸਮੁੰਦਰ ਤਲ ਤੋਂ 733 ਫ਼ੁੱਟ ਹੇਠਾਂ ਹੈ। 1942 ਵਿੱਚ ਇੱਥੋਂ ਦਾ ਤਾਪਮਾਨ 54 ਡਿਗਰੀ ਤੱਕ ਪਹੁੰਚ ਗਿਆ ਸੀ।



**ਵਾਡੀ, ਹਲਫ਼ਾ, ਸੂਡਾਨ**

ਸੂਡਾਨ ਅਤੇ ਇਜੀਪਟ ਦੇ ਬਾਰਡਰ ਤੇ ਸਥਿਤ ਵਾਡੀ ਹਲਕਾ ਵਿੱਚ ਵੀ ਗਰਮੀ ਰਿਕਾਰਡ ਤੋੜ ਪੈਂਦੀ ਹੈ। 1967 ਵਿੱਚ ਇੱਥੋਂ ਦਾ ਵੱਧ ਤੋਂ ਵੱਧ ਤਾਪਮਾਨ 63 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਸੀ।

# ਸੁਣੇ ਨਹੀਂ ਹੋਣਗੇ ਰੂਸ ਦੇ ਟਾਰਚਰ ਦੇ ਕਿੱਸੇ

ਰੂਸ ਦੇ 2018 ਵਿੱਚ ਹੋਣ ਵਾਲੇ ਫ਼ੀਫ਼ਾ ਵਰਲਡ ਕੱਪ ਨੂੰ ਲੈ ਕੇ ਇੰਗਲੈਂਡ ਦੇ ਫ਼ੈਨਜ਼ ਖੌਫ਼ ਵਿੱਚ ਹਨ। ਉਹਨਾਂ ਨੂੰ ਡਰ ਹੈ



ਕਿ ਸ਼ਰਾਬ ਪੀ ਕੇ ਹੰਗਾਮਾ ਕਰਨ 'ਤੇ ਵੀ ਉਹ ਕਿਤੇ ਰੂਸੀ ਪੁਲਿਸ ਦੇ ਟਾਰਚਰ ਦਾ ਸ਼ਿਕਾਰ ਨਾ ਹੋ ਜਾਣ। ਰੂਸ ਦੇ ਟਾਰਚਰ ਦੇ ਕਿੱਸੇ ਸਭ ਤੋਂ ਜ਼ਿਆਦਾ ਚੇਚਨੀਆ ਦੇ ਲੋਕਾਂ ਦੇ ਨਾਲ ਸਾਹਮਣੇ ਆਏ ਹਨ। ਚੇਚਨ ਵਿਦਰੋਹੀਆਂ ਦੇ ਨਾਂ ਤੇ ਇੱਥੋਂ ਦੇ ਟਾਰਚਰ ਕੈਂਪਾਂ ਵਿੱਚ ਬਿਨਾਂ ਟ੍ਰਾਇਲ ਕੈਦੀਆਂ ਨੂੰ ਟਾਰਚਰ ਕੀਤਾ ਗਿਆ ਤੇ ਮਾਰਿਆ ਗਿਆ। ਉਥੇ ਹੀ ਪਿੰਡਾਂ ਤੇ ਬੰਬ ਸੁੱਟੇ ਗਏ। ਚੇਚਨੀਆ ਰਿਪਬਲਿਕ ਦੀ ਸਰਕਾਰ ਦੇ ਮੁਤਾਬਕ 40 ਹਜ਼ਾਰ ਤੋਂ ਜ਼ਿਆਦਾ ਲੋਕ ਤਾਂ ਸਿਰਫ਼ ਰੂਸ ਦੇ ਟਾਰਚਰ ਕੈਂਪ ਵਿੱਚ ਮਾਰੇ ਗਏ, ਉਥੇ ਹੀ ਵੱਡੀ ਗਿਣਤੀ ਵਿੱਚ ਲੋਕ ਲਾਪਤਾ ਹਨ।

***ਵਿਦਰੋਹੀਆਂ ਦੇ ਸ਼ੱਕ ਵਿੱਚ ਬੰਬ ਸੁੱਟ ਕੇ ਪੂਰਾ ਪਿੰਡ ਕਰ ਦਿੱਤਾ ਸਾਫ਼***

ਚੇਚਨੀਆ ਦਾ ਕੈਤਰ ਯੂਰਤ ਪਿੰਡ ਵਾਰ ਕ੍ਰਾਈਮ ਦਾ ਸਭ ਤੋਂ ਵੱਡਾ ਉਦਾਹਰਣ ਹੈ। 4 ਫ਼ਰਵਰੀ 2000 ਤੱਕ ਇਹ ਰੂਸ ਦੇ ਅਧਿਕਾਰ ਵਾਲੇ ਇਲਾਕੇ ਦਾ ਸਭ ਤੋਂ ਸੁਰੰਖਿਅਤ ਪਿੰਡ ਸੀ। ਇਹ ਵਾਰ ਜੋਨ ਵਿੱਚ ਵੀ ਨਹੀਂ ਸੀ ਪਰ ਰੂਸੀ ਏਅਰਕ੍ਰਾਫ਼ਟ, ਫ਼ਿਊਲ ਏਅਰ ਬੰਬ ਅਤੇ ਗ੍ਰੈਡ ਮਿਜ਼ਾਇਲਾਂ ਨੇ ਬੰਬ ਸੁੱਟ ਕੇ ਪੂਰੇਪਿੰਡ ਨੂੰ ਤਬਾਹ ਕਰ ਦਿੱਤਾ। ਇਸ ਵਿੱਚ ਪਿੰਡ ਦੇ 170 ਲੋਕਾਂ ਦਾ ਸਫ਼ਾਇਆ ਹੋ ਗਿਆ।

ਪਿੰਡ ਵਿੱਚ ਹਰ ਪਾਸੇ ਸਿਰਫ਼ ਲਾਸ਼ਾਂ ਹੀ ਵਿਛੀਆਂ ਸਨ। ਇੱਥੇ ਉਹਨਾਂ ਬੰਬਾਂ ਦਾ ਇਸਤੇਮਾਲ ਕੀਤਾ ਗਿਆ, ਜਿਹਨਾਂ ਦੀ ਵਰਤੋਂ ਸਿਵਲੀਅਜ਼ ਦੇ ਲਈ ਵਰਜਿਤ ਹੈ। ਐਮਨੈਸਟੀ ਇੰਟਰਨੈਸ਼ਨਲ ਦੀ ਰਿਪੋਰਟ ਵਿੱਚ ਵੀ ਇਸਦਾ ਜ਼ਿਕਰ ਕੀਤਾ ਗਿਆ ਸੀ।

**ਔਰਤਾਂ ਨੂੰ ਬਣਾਇਆ ਬਲਾਤਕਾਰ ਦਾ ਸ਼ਿਕਾਰ**

ਐਮਨੈਸਟੀ ਦੀ ਰਿਪੋਰਟ ਵਿੱਚ ਚੇਚਨੀਆ ਵਿੱਚ ਔਰਤਾਂ ਅਤੇ ਪੁਰਸ਼ਾਂ ਦੇ ਨਾਲ ਰੇਪ ਹੋਣ ਦੀ ਗੱਲ ਵੀ ਕਹੀ ਗਈ। 2004 ਵਿੱਚ ਚੇਚਨੀਆ ਸੰਘਰਸ਼ ਨੂੰ ਲੈ ਕੇ ਆਈ ਬ੍ਰਿਟਿਸ਼ ਮੈਡੀਕਲ ਫ਼ਾਊਂਡੇਸ਼ਨ ਦੀ ਰਿਪੋਰਟ ਵਿੱਚ ਇਸ ਨਾਲ ਜੁੜੀਆਂ ਗੱਲਾਂ ਸਾਹਮਣੇ ਆਈਆਂ। ਉਥੋਂ ਦੇ ਟ੍ਰੀਟਮੈਂਟ ਸੈਂਟਰ ਵਿੱਚ ਆਏ 35 ਸ਼ਰਨਾਰਥੀਆਂ ਵਿੱਚੋਂ ਕਰੀਬ 17 ਨੇ ਦੱਸਿਆ ਕਿ ਫ਼ੌਜ ਦੇ ਜਵਾਨਾਂ ਨੇ ਉਹਨਾਂ ਨੂੰ ਆਪਣਾ ਸ਼ਿਕਾਰ ਬਣਾਇਆ। ਚੇਚਨੀਆ ਵਿੱਚ ਰੇਪ ਟੈਬਰੂ ਹੈ, ਇਸ ਕਰਕੇ ਰੇਪ ਦੀ ਘਟਨਾ ਨਾਲ ਜੁੜੀਆਂ ਜਾਣਕਾਰੀਆਂ ਜਲਦੀ ਸਾਹਮਣੇ ਨਹੀਂ ਆਉਂਦੀਆਂ।

ਸਿਵਲੀਅਨਜ਼ ਤੇ ਦਾਗ ਦਿੱਤੀਆਂ ਮਿਜ਼ਾਇਲਾਂ 9 ਫ਼ਰਵਰੀ 2000 ਵਿੱਚ ਵੀ ਚੇਚਨੀਆ ਦੇ ਸ਼ਾਲੀ ਵਿੱਚ ਲੋਕਾਂ ਦੀ ਭੀੜ ਤੇ ਟੈਕਟੀਕਲ ਮਿਜ਼ਾਇਲ ਦਾਗ ਦਿੱਤੀ। ਉਹ ਸ਼ਹਿਰ ਵੀ ਸੁਰੱਖਿਅਤ ਥਾਵਾਂ ਵਿੱਚੋਂ ਇਕ ਸੀ।

**ਚੇਚਨੀਆ ਦਾ ਕੈਤਰ ਯੂਰਤ ਪਿੰਡ ਵਾਰ ਕ੍ਰਾਈਮ ਦਾ ਸਭ ਤੋਂ ਵੱਡਾ ਉਦਾਹਰਣ ਹੈ। 4 ਫ਼ਰਵਰੀ 2000 ਤੱਕ ਇਹ ਰੂਸ ਦੇ ਅਧਿਕਾਰ ਵਾਲੇ ਇਲਾਕੇ ਦਾ ਸਭ ਤੋਂ ਸੁਰੰਖਿਅਤ ਪਿੰਡ ਸੀ। ਇਹ ਵਾਰ ਜੋਨ ਵਿੱਚ ਵੀ ਨਹੀਂ ਸੀ ਪਰ ਰੂਸੀ ਏਅਰਕ੍ਰਾਫ਼ਟ, ਫ਼ਿਊਲ ਏਅਰ ਬੰਬ ਅਤੇ ਗ੍ਰੈਡ ਮਿਜ਼ਾਇਲਾਂ ਨੇ ਬੰਬ ਸੁੱਟ ਕੇ ਪੂਰੇਪਿੰਡ ਨੂੰ ਤਬਾਹ ਕਰ ਦਿੱਤਾ। ਇਸ ਵਿੱਚ ਪਿੰਡ ਦੇ 170 ਲੋਕਾਂ ਦਾ ਸਫ਼ਾਇਆ ਹੋ ਗਿਆ।**

ਬਿਨਾਂ ਕਿਸੇ ਵਾਰਨਿੰਗ ਦੇ ਰੂਸੀ ਸਰਕਾਰ ਦੁਆਰਾ ਕੀਤੇ ਗਏ ਇਸ ਹਮਲੇ ਵਿੱਚ 150 ਸਿਵਲੀਅਨਜ਼ ਮਾਰੇ ਗਏ ਸਨ। ਹਮਲੇ ਨੂੰ ਲੈ ਕੇ ਕਿਹਾ ਗਿਆ ਸੀ ਕਿ ਹਮਲਾ ਚੇਚਨ ਲੜਾਕਿਆਂ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ ਸੀ।

**ਲੋਕਾਂ ਨਾਲ ਜਾਨਵਰਾਂ ਵਰਗਾ ਵਤੀਰਾ**

ਪੱਤਰਕਾਰ ਜੀਨ ਸਵੀਨੇ ਨੇ ਚੇਚਨੀਆ ਵਿੱਚ ਮੌਜੂਦ ਰੂਸੀ ਪ੍ਰਿਜਨ ਕੈਂਪ ਦੇ ਕੈਦੀਆਂ ਨਾਲ ਗੱਲ ਕੀਤੀ ਸੀ। ਉਥੇ ਕੈਦੀਆਂ ਨੇ ਆਪਣੇ ਟਾਰਚਰ ਦੀ ਕਹਾਣੀ ਬਿਆਨ ਕੀਤੀ ਸੀ। ਇਕ ਕੈਦੀ ਨੇ ਦੱਸਿਆ ਸੀ ਕਿ ਪੁੱਛਗਿੱਛ ਦੇ ਲਈ ਉਹਨਾਂ ਨੂੰ ਗੈਸ ਮਾਸਕ ਲਗਾ ਕੇ ਰੱਖਿਆ ਜਾਂਦਾ ਸੀ। ਹਾਲਾਤ ਇਹ ਹੁੰਦੇ ਸਨ ਕਿ ਗਲਾ ਚੀਕ ਹੋਣ ਲੱਗਦਾ ਸੀ ਅਤੇ ਦਮ ਘੁਟਣ ਲੱਗਦਾ ਸੀ। ਕੈਮੀਕਲ ਨਾਲ ਭਰੇ ਟੈਂਕ ਵਿੱਚ ਰੱਖਣਾ, ਇਲੈਕਟ੍ਰਿਕ ਸ਼ਾਕ ਦੇਣਾ ਅਤੇ ਪਾਣੀ ਨਾਲ ਭਰੇ ਕੇਜ ਵਿੱਚ ਰੱਖਣਾ ਤਾਂ ਆਮ ਟਾਰਚਰ ਵਿੱਚ ਸ਼ਾਮਲ ਸੀ। ਦੂਜੇ ਕੈਦੀ ਨੇ ਦੱਸਿਆ ਕਿ ਉਹਨਾਂ ਨੂੰ ਕਈ ਵਾਰ ਇੰਨੇ ਛੋਟੇ ਕੌਫ਼ੀਨ ਵਿੱਚ ਰੱਖਿਆ ਜਾਂਦਾ ਹੈ ਕਿ ਹੱਥ ਪੈਰ ਵੀ ਫ਼ੈਲਾਉਣਾ ਮੁਸ਼ਕਿਲ ਹੋ ਜਾਂਦਾ ਸੀ ਅਤੇ ਪੂਰਾ ਸਰੀਰ ਆਕੜ ਜਾਂਦਾ ਸੀ।

# ਜੰਗਲੀ ਜੀਵਾਂ ਅਤੇ ਜੰਗਲਾਂ ਦੀ ਸਾਂਭ ਸੰਭਾਲ ਪ੍ਰਤੀ ਅਣਗਹਿਲੀ ਕਿਉਂ ?

**ਮੇਜਰ ਸਿੰਘ**



ਕੁਦਰਤੀ ਬਨਸਪਤੀ ਦੀ ਮਨੁੱਖ ਦੇ ਜੀਵਨ ਵਿੱਚ ਬਹੁਤ ਮਹੱਤਤਾ ਹੈ। ਵਾਤਾਵਰਣ ਦਾ ਸੰਤੁਲਨ ਰੱਖਣ ਵਿੱਚ ਇਸ ਦੀ ਅਹਿਮ ਭੂਮਿਕਾ ਹੈ। ਜੰਗਲੀ ਜੀਵਾਂ ਦੇ ਨਾਲ ਇਸ ਦਾ ਡੂੰਘਾ ਰਿਸ਼ਤਾ ਹੈ। ਪੰਜਾਬ ਅੰਦਰ ਬਹੁਤ ਥਾਵਾਂ ਤੇ ਬੀੜਾਂ ਨੂੰ ਸੁਰੱਖਿਅਤ ਰੱਖਿਆ ਗਿਆ ਹੈ। ਇਤਿਹਤਸਕ ਸ਼ਹਿਰ ਨਾਭਾ ਦੇ ਪੂਰਬ ਵੱਲ ਬੀੜ ਦੁਸਾਂਝ ਹੈ ।ਇਸ ਵਿੱਚ ਰੋਜ, ਨੀਲ ਗਊ, ਗਿੱਦੜ, ਬਾਂਦਰ ਅਤੇ ਹੋਰ ਜੰਗਲੀ ਜਾਨਵਰ ਰਹਿੰਦੇ ਹਨ। ਅਵਾਰਾ ਤਿੱਖੇ-ਤਿੱਖੇ ਸਿੰਗਾਂ ਵਾਲੀਆਂ ਗਊਆਂ, ਸਾਨ੍ਹ ਵੀ ਜੰਗਲੀ ਬਣ ਚੁੱਕੇ ਹਨ। ਜੌੜੇਪੁਲਾਂ ਘਣੀਵਾਲ, ਭੋੜੇ ਆਦਿ ਪਿੰਡਾਂ ਨੂੰ ਮਿਲਾਉਂਦੀ ਸੜਕ ਇਸ ਬੀੜ ਵਿੱਚੋਂ ਲੰਘਦੀ ਹੈ। ਇਸੇ ਰੋਡ 'ਤੇ ਨਾਭੇ ਦੇ ਰਾਜੇ ਵਲੋਂ ਬੀੜ 'ਚ ਸ਼ਿਕਾਰ ਕਰਨ ਸਮੇਂ ਠਹਿਰ ਲਈ ਬਣਾਈ ਸ਼ਾਨਦਾਰ ਕਲਾਤਮਿਕ ਕੋਠੀ 'ਚ ਅੱਜਕੱਲ੍ਹ ਫਿਲਮਾਂ ਅਤੇ ਪ੍ਰੀ-ਵੈਡਿੰਗ ਸ਼ੂਟਿੰਗ ਹੁੰਦੀ ਰਹਿੰਦੀ ਹੈ। ਇਸ ਕਰਕੇ ਆਵਾਜਾਈ ਹੋਰ ਵੀ ਵੱਧ ਗਈ ਹੈ। ਸੈਂਕੜੇ ਲੋਕ ਸਵੇਰੇ ਸ਼ਾਮ ਸਰਕਾਰੀ ਮੱਝ ਫਾਰਮ ਜੋ ਇਸੇ ਸੜਕ 'ਤੇ ਸਥਿਤ ਹੈ ਤੋਂ ਦੁੱਧ ਲੈਣ ਜਾਂਦੇ ਹਨ ਜਿਨ੍ਹਾਂ ਨੂੰ ਡੰਗਰਾਂ ਅਤੇ ਬਾਂਦਰਾਂ ਦੇ ਝੁੰਡਾਂ 'ਚੋਂ ਲੰਘਣਾ ਮੁਸ਼ਕਲ ਹੁੰਦਾ ਹੈ। ਇਸੇ ਤਰ੍ਹਾਂ ਇਸ ਸੜਕ 'ਤੇ ਸੈਰ ਕਰਨ ਵਾਲਿਆਂ ਲਈ ਵੀ ਰਸਤਾ ਸੁਰੱਖਿਅਤ ਨਹੀਂ ਹੈ। ਇਸ ਸੜਕ ਤੋਂ ਲੰਘਣ ਵਾਲਿਆਂ ਦੇ ਇਨ੍ਹਾਂ ਅਵਾਰਾ ਡੰਗਰਾਂ, ਬਾਂਦਰਾਂ ਆਦਿ ਨਾਲ ਅਨੇਕਾਂ ਵਾਰੀ ਐਕਸੀਡੈਂਟ ਹੋ ਚੁੱਕੇ ਹਨ ।ਕਈ ਜਾਨਾਂ ਵੀ ਜਾ ਚੁੱਕੀਆਂ ਹਨ। ਸਕੂਲਾਂ, ਕਾਲਜਾਂ ਵਿੱਚ ਪੜ੍ਹਦੇ ਬੱਚੇ ਮਜ਼ਬੂਰੀਵਸ ਰੋਜ਼ਾਨਾ ਇੱਥੋਂ ਦੀ ਡਰ-ਡਰ ਕੇ ਲੰਘਦੇ ਹਨ। ਸਕੂਲ, ਕਾਲਜ/ ਟਿਊਸ਼ਨ ਜਾਣ ਵਾਲੀਆਂ ਇੱਕਲੀਆਂ ਲੜਕੀਆਂ ਲਈ ਇੱਥੋਂ ਦੀ ਲੰਘਣਾ ਹੋਰ ਵੀ ਮੁਸ਼ਕਲ ਹੈ। ਮਾਪਿਆਂ ਦੇ ਆਪਣੇ ਬੱਚਿਆਂ ਦੇ ਸਹੀ ਸਲਾਮਤ ਘਰ ਆਉਣ ਤੱਕ ਸਾਹ ਸੂਤੇ ਰਹਿੰਦੇ ਹਨ। ਭੂਸਰੇ ਸਾਨ੍ਹ ਅਤੇ ਭੁੱਖੇ ਬਾਂਦਰ ਕਈ ਵਾਰ ਲੰਘ ਰਹੇ ਰਾਹੀਆਂ 'ਤੇ ਹਮਲਾ ਕਰਕੇ ਜ਼ਖ਼ਮੀ ਕਰ ਦਿੰਦੇ ਹਨ। ਬਾਂਦਰਾਂ ਨੂੰ ਖਾਣ ਲਈ ਵਸਤਾਂ ਅਤੇ ਡੰਗਰਾਂ ਲਈ ਚਾਰਾ ਅਕਸਰ ਹੀ ਲੋਕ ਸੜਕ ਦੇ ਕਿਨਾਰਿਆਂ 'ਤੇ ਸੁੱਟ ਜਾਂਦੇ ਹਨ ਜਿਸ ਨਾਲ ਕਈ ਵਾਰੀ ਲੰਘ ਰਹੇ ਰਾਹੀਆਂ ਦੇ ਐਕਸੀਡੈਂਟ ਹੋ ਜਾਂਦੇ ਹਨ ਕਿਉਂਕਿ ਦੂਸਰੀ ਸਾਈਡ ਤੋਂ ਭੁੱਖੇ ਬਾਂਦਰ ਅਤੇ ਡੰਗਰ ਦੌੜ ਕੇ ਖਾਣ ਲਈ ਆਉਂਦੇ ਹਨ। ਲੋਕ ਸ਼ਾਇਦ ਦਾਨ ਪੁੰਨ ਦੀ ਭਾਵਨਾ ਨਾਲ ਖਾਣ ਵਾਲੀਆਂ ਵਸਤਾਂ ਪਾ ਕੇ ਜਾਂਦੇ ਹਨ ਪਰ ਉਹ ਇਹ ਨਹੀਂ ਸੋਚਦੇ ਕਿ ਇਸ ਤਰ੍ਹਾਂ ਸੜਕ 'ਤੇ ਗੰਦ ਅਤੇ ਆਵਾਜਾਈ 'ਚ ਵਿਘਨ ਵੀ ਪੈਂਦਾ ਹੈ । ਇਸ ਤਰ੍ਹਾਂ ਅਣਜਾਣ ਰਾਹਗੀਰਾਂ ਲਈ ਇੱਥੋਂ ਲੰਘਣਾ ਖਤਰੇ ਤੋਂ ਬਾਹਰ ਨਹੀਂ। ਬੀੜ ਦੇ ਨਾਲ ਲੱਗਦੇ ਖੇਤਾਂ ਵਾਲੇ ਕਿਸਾਨ ਰਲ ਕੇ 24 ਘੰਟੇ ਡੰਗਰਾਂ ਦੀ ਰਾਖੀ ਤੋਂ ਅੱਤ ਦੀ ਗਰਮੀ ਅਤੇ ਸਰਦੀ ਦੇ ਬਾਵਜੂਦ ਪਹਿਰਾ ਦਿੰਦੇ ਹਨ। ਸਰਕਾਰ ਨੂੰ ਚਾਹੀਦਾ ਤਾਂ ਇਹ ਹੈ ਕਿ ਡੰਗਰਾਂ ਨੂੰ ਫੜ ਕੇ ਗਊਸ਼ਾਲਾ ਵਿੱਚ ਭੇਜੇ ਜੇ ਹੋਰ ਨਹੀਂ ਤਾਂ ਬੀੜ ਦੇ ਅੰਦਰ ਵਧੀਆ ਰਸਤਾ ਬਣਾ ਕੇ ਚਾਰਾ ਪਾਉਣ ਲਈ ਜਗ੍ਹਾ ਬਣਾ ਦੇਵੇ। ਬਾਂਦਰਾਂ ਲਈ ਵੀ ਬੀੜ ਅੰਦਰ ਮੇਨ ਸੜਕ ਤੋਂ ਰਸਤਾ ਦੇ ਕੇ ਸੁਰੱਖਿਅਤ ਥਾਂ ਬਣਾਈ ਜਾਵੇ ਜਿੱਥੇ ਲੋਕ ਆਸਾਨੀ ਨਾਲ ਬੇਖੌਫ਼ ਖਾਣ ਵਾਲੀਆਂ ਵਸਤਾਂ ਪਾ ਸਕਣ। ਭਾਵੇਂ ਸਰਕਾਰ ਨੇ ਪੰਜਾਬ ਗਊ ਸੇਵਾ ਕਮਿਸ਼ਨ ਐਕਟ, 2014 ਅਧੀਨ 'ਪੰਜਾਬ ਗਊ ਸੇਵਾ ਕਮਿਸ਼ਨ' ਦੀ ਸਥਾਪਨਾ ਕੀਤੀ ਗਈ ਹੈ ਜਿਸ ਵਿੱਚ ਗਊ, ਸਾਨ੍ਹ, ਬਲਦ, ਵੱਛੇ-ਵੱਛੜੀਆਂ ਦੀ ਸੁਰੱਖਿਆ ਅਤੇ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਇਸ ਲਈ ਫੰਡ ਲਈ ਬਜਟ ਦੀ ਵਿਵਸਥਾ ਕੀਤੀ ਗਈ ਹੈ ਜਿਸ ਨਾਲ ਗਊ-ਪਰਿਵਾਰ ਦੀ ਸੰਭਾਲ ਕਰਨੀ ਹੈ ਅਤੇ ਮੱਨੁਖੀ ਅੱਤਿਆਚਾਰ ਤੋਂ ਬਚਾਉਣਾ ਹੈ। ਵਧੇਰੇ ਫੰਡ ਲਈ ਸਥਾਨਕ ਸਰਕਾਰਾਂ ਵਲੋਂ ਗਊ ਸੈੱਸ ਵੀ ਲਾ ਰੱਖਿਆ ਹੈ। ਪਰ ਗਊਧਨ ਦੀ ਸੰਭਾਲ ਲਈ ਕੋਈ ਠੋਸ ਨੀਤੀ ਸਾਹਮਣੇ ਨਹੀਂ ਆਈ। ਹਿੰਦੂ ਸੰਗਠਨ ਵੀ ਇਸ ਮਸਲੇ ਪ੍ਰਤੀ ਗੰਭੀਰ ਨਹੀਂ, ਉਨ੍ਹਾਂ ਨੂੰ ਵੀ ਸਰਕਾਰ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ। ਬਹੁਤ ਸਾਰੇ ਦਰੱਖਤ ਸੁੱਕ ਕੇ ਜਾਂ ਹਨੇਰੀ ਆਦਿ ਨਾਲ ਗਿਰੇ ਪਏ ਹਨ ਜਿਨ੍ਹਾਂ ਦੀ ਕੀਮਤੀ ਲਕੜੀ ਖਰਾਬ ਹੋ ਰਹੀ ਹੈ, ਇਸ ਵੱਲ ਵਿਭਾਗ ਦਾ ਕੋਈ ਧਿਆਨ ਨਹੀਂ, ਜਦੋਂ ਕਿ ਲਕੜੀ ਵੇਚ ਕੇ ਸਰਕਾਰ ਦੀ ਆਮਦਨ ਵੱਧ ਸਕਦੀ ਹੈ। ਸੜਕਾਂ 'ਤੇ ਆਮ ਸੁੱਕੇ ਦਰੱਖਤ ਦਿਖਾਈ ਦੇ ਰਹੇ ਹਨ, ਜੋ ਕਿ ਕਿਸੇ ਸਮੇਂ ਵੀ ਅਚਾਨਕ ਗਿਰ ਸਕਦੇ ਹਨ ।ਪਿਛੇ ਜਿਹੇ ਸਰਕੂਲਰ ਰੋਡ ਨਾਭਾ ਵਿਖੇ ਬਾਈਕ 'ਤੇ ਜਾ ਰਹੇ ਟੋਡਰਵਾਲ ਪਿੰਡ ਦੇ ਭੈਣ ਭਰਾ ਉੱਪਰ ਅਚਾਨਕ ਸੁੱਕੇ ਦਰਖੱਤ ਦਾ ਟਾਹਣਾ ਟੁੱਟ ਕੇ ਗਿਰ ਪਿਆ ਜਿਸ ਨਾਲ ਭਰਾ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦੋਂ ਕਿ ਭੈਣ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਈ। ਇਸ ਦੀ ਜ਼ੁੰਮੇਵਾਰੀ ਲੈਣ ਲਈ ਪ੍ਰਸ਼ਾਸਨ ਬਿਲਕੁਲ ਤਿਆਰ ਨਹੀਂ ਹੈ? ਪ੍ਰਸ਼ਾਸਨ ਇਸ ਘਟਨਾ ਦੇ ਬਾਵਜੂਦ ਬਿਲਕੁਲ ਹਰਕਤ 'ਚ ਨਹੀਂ ਆਇਆ। ਸੁੱਕੇ ਦਰਖਤਾਂ ਦੀ ਬੋਲੀ ਕਰਕੇ ਆਮਦਨ ਪ੍ਰਾਪਤ ਹੋ ਸਕਦੀ ਹੈ ਜਦੋਂ ਕਿ ਸਰਕਾਰ ਖਜ਼ਾਨਾ ਖਾਲੀ ਹੋਣ ਦੀ ਦੁਹਾਈ ਪਾ ਰਹੀ ਹੈ। ਪਰ ਜੰਗਲਾਤ ਵਿਭਾਗ ਦਾ ਇਸ ਵੱਲ ਕੋਈ ਧਿਆਨ ਨਹੀਂ। ਬਾਜ਼ਾਰਾਂ ਵਿੱਚ ਆਮ ਆਵਾਰਾ ਡੰਗਰ ਘੁੰਮ ਰਹੇ ਹਨ ਜੋ ਲੋਕਾਂ ਦਾ ਜਾਨ ਅਤੇ ਮਾਲ ਦਾ ਨੁਕਸਾਨ ਅਕਸਰ ਕਰਦੇ ਰਹਿੰਦੇ ਹਨ। ਸ਼ੋਸ਼ਲ ਮੀਡੀਆ 'ਤੇ ਲੜਦੇ ਭਿੜਦੇ ਡੰਗਰਾਂ ਨਾਲ ਰਾਹਗੀਰਾਂ ਦੇ ਹੋਏ ਐਕਸੀਡੈਂਟਾਂ ਦੀਆਂ ਵੀਡੀਓਜ਼ ਅਕਸਰ ਦੇਖਣ ਨੂੰ ਮਿਲਦੀਆਂ ਹਨ। ਲੋਕਾਂ ਦੀ ਸੁਰੱਖਿਆ ਯਕੀਨੀ ਬਨਾਉਣਾ ਸਰਕਾਰ ਦੀ ਮੁੱਢਲੀ ਜ਼ਿੰਮੇਵਾਰੀ ਹੈ। ਇਨ੍ਹਾਂ ਜੰਗਲੀ ਥਾਵਾਂ ਦੀ ਉੱਚਿਤ ਵਰਤੋਂ ਕਰਕੇ ਦੋਵੇਂ ਮਸਲੇ ਹੱਲ ਕੀਤੇ ਜਾ ਸਕਦੇ ਹਨ। ਇਲਾਕੇ ਦੇ ਬੱਚਿਆਂ ਦੇ ਮਨਪ੍ਰਚਾਵੇ ਲਈ ਇਨ੍ਹਾਂ ਥਾਵਾਂ 'ਤੇ 'ਚਿੜੀਆ ਘਰ' ਬਣਾ ਕੇ ਉਨ੍ਹਾਂ ਦੇ ਵਿਹਲੇ ਸਮੇਂ ਨੂੰ ਉਸਾਰੂ ਪਾਸੇ ਲਾਉਣ ਲਈ ਸਮਾਜ ਵਿੱਚ ਪਨਪ ਰਹੀਆਂ ਬੁਰਾਈਆਂ ਤੋਂ ਦੂਰ ਰੱਖਿਆ ਜਾ ਸਕਦਾ ਹੈ ਕਿਉਂਕਿ ਜੰਗਲੀ ਜੀਵ ਅਤੇ ਜੰਗਲਾਤ ਮੰਤਰੀ ਵੀ ਸਬੱਬ ਨਾਲ ਨਾਭਾ ਹਲਕੇ ਦੇ ਹੀ ਹਨ, ਉਹ ਇਸ ਨੇਕ ਕੰਮ ਨੂੰ ਕਰਵਾ ਕੇ ਹਮੇਸ਼ਾਂ ਲਈ ਹਲਕੇ ਦੇ ਲੋਕਾਂ ਦੇ ਮਨਾਂ ਵਿੱਚ ਵੱਸ ਸਕਦੇ ਹਨ। ਮਹਿਕਮੇ ਵੱਲੋਂ ਸੁੱਕੇ ਅਤੇ ਨਿਕੰਮੇ ਦਰਖੱਤਾਂ ਦੀ ਥਾਂ ਨਵੇਂ ਫਲਦਾਰ ਅਤੇ ਕੀਮਤੀ ਲੱਕੜੀ ਵਾਲੇ ਬੂਟੇ ਲਾਏ ਜਾਣ ਤਾਂ ਜੋ ਜੰਗਲੀ ਜਾਨਵਰਾਂ ਲਈ ਖਾਣ ਲਈ ਸਹਾਈ ਹੋਣਗੇ। ਇਸ ਤਰ੍ਹਾਂ ਇਨ੍ਹਾਂ ਜਾਨਵਰਾਂ ਦੀ ਸੰਭਾਲ ਵੀ ਕੀਤੀ ਜਾ ਸਕਦੀ ਹੈ ਅਤੇ ਆਮਦਨ ਦਾ ਸਾਧਨ ਵੀ ਬਣ ਸਕਦੇ ਹਨ।



**ਲੋਕ ਸ਼ਾਇਦ ਦਾਨ ਪੁੰਨ ਦੀ ਭਾਵਨਾ ਨਾਲ ਖਾਣ ਵਾਲੀਆਂ ਵਸਤਾਂ ਪਾ ਕੇ ਜਾਂਦੇ ਹਨ ਪਰ ਉਹ ਇਹ ਨਹੀਂ ਸੋਚਦੇ ਕਿ ਇਸ ਤਰ੍ਹਾਂ ਸੜਕ 'ਤੇ ਗੰਦ ਅਤੇ ਆਵਾਜਾਈ 'ਚ ਵਿਘਨ ਵੀ ਪੈਂਦਾ ਹੈ । ਇਸ ਤਰ੍ਹਾਂ ਅਣਜਾਣ ਰਾਹਗੀਰਾਂ ਲਈ ਇੱਥੋਂ ਲੰਘਣਾ ਖਤਰੇ ਤੋਂ ਬਾਹਰ ਨਹੀਂ। ਬੀੜ ਦੇ ਨਾਲ ਲੱਗਦੇ ਖੇਤਾਂ ਵਾਲੇ ਕਿਸਾਨ ਰਲ ਕੇ 24 ਘੰਟੇ ਡੰਗਰਾਂ ਦੀ ਰਾਖੀ ਤੋਂ ਅੱਤ ਦੀ ਗਰਮੀ ਅਤੇ ਸਰਦੀ ਦੇ ਬਾਵਜੂਦ ਪਹਿਰਾ ਦਿੰਦੇ ਹਨ। ਸਰਕਾਰ ਨੂੰ ਚਾਹੀਦਾ ਤਾਂ ਇਹ ਹੈ ਕਿ ਡੰਗਰਾਂ ਨੂੰ ਫੜ ਕੇ ਗਊਸ਼ਾਲਾ ਵਿੱਚ ਭੇਜੇ ਜੇ ਹੋਰ ਨਹੀਂ ਤਾਂ ਬੀੜ ਦੇ ਅੰਦਰ ਵਧੀਆ ਰਸਤਾ ਬਣਾ ਕੇ ਚਾਰਾ ਪਾਉਣ ਲਈ ਜਗ੍ਹਾ ਬਣਾ ਦੇਵੇ। ਬਾਂਦਰਾਂ ਲਈ ਵੀ ਬੀੜ ਅੰਦਰ ਮੇਨ ਸੜਕ ਤੋਂ ਰਸਤਾ ਦੇ ਕੇ ਸੁਰੱਖਿਅਤ ਥਾਂ ਬਣਾਈ ਜਾਵੇ ਜਿੱਥੇ ਲੋਕ ਆਸਾਨੀ ਨਾਲ ਬੇਖੌਫ਼ ਖਾਣ ਵਾਲੀਆਂ ਵਸਤਾਂ ਪਾ ਸਕਣ।**

# ਲੋਕਾਂ ਦੀਆਂ ਤੰਗ ਜੇਬਾਂ, ਵੱਧਦੀਆਂ ਮੁਸੀਬਤਾਂ ਅਤੇ ਸਰਕਾਰਾਂ ਦੀ ਫ਼ਜ਼ੂਲ ਖਰਚੀ

**ਗੁਰਮੀਤ ਪਲਾਹੀ**



ਦੇਸ਼ ਦੀ ਕੇਂਦਰ ਸਰਕਾਰ ਦੀ 2009-10 ਵਿੱਚ ਟੈਕਸਾਂ ਤੋਂ ਆਮਦਨ 6.24 ਲੱਖ ਕਰੋੜ ਸੀ ਜੋ 2018-19 ਤੱਕ ਵਧਦੇ-ਵਧਦੇ 22.31 ਲੱਖ ਕਰੋੜ ਹੋ ਗਈ ਹੈ। ਦੇਸ਼ ਦੇ ਸਾਰੇ ਰਾਜਾਂ ਨੇ 2009-10 ਵਿੱਚ ਪੰਜ ਲੱਖ ਕਰੋੜ ਰੁਪਏ ਲੋਕਾਂ ਤੋਂ ਟੈਕਸਾਂ ਦੇ ਇੱਕਠੇ ਕੀਤੇ ਸਨ ਜੋ 2018-19 ਵਿੱਚ ਵਧ ਕੇ 20 ਲੱਖ ਕਰੋੜ ਰੁਪਏ ਹੋ ਗਏ ਹਨ। ਪਰ ਇਸ ਵੱਡੇ ਟੈਕਸ ਵਾਧੇ ਅਤੇ ਸਰਕਾਰੀ ਜ਼ਖੀਰੇ 'ਚ ਭਾਰੀ ਭਰਕਮ ਰਕਮਾਂ ਆਉਣ ਦੇ ਬਾਵਜੂਦ ਦੇਸ਼ ਦੀ ਆਮ ਜਨਤਾ ਦੀ ਹਾਲਤ ਵਿੱਚ ਸੁਧਾਰ ਵੇਖਣ ਨੂੰ ਨਹੀਂ ਮਿਲ ਰਿਹਾ। ਸਰਕਾਰ ਦੇ ਖਜ਼ਾਨੇ 'ਚ ਮਾਇਆ ਦੇ ਵੱਡੇ ਗੱਫੇ ਆਉਣ ਨਾਲ ਸੁਭਾਵਕ ਤੌਰ 'ਤੇ ਚੰਗੇ ਸਿੱਟੇ ਨਿਕਲਣੇ ਚਾਹੀਦੇ ਸਨ। ਲੋਕਾਂ ਨੂੰ ਚੰਗੀ ਸਿੱਖਿਆ ਅਤੇ ਸਿਹਤ ਸਹੂਲਤਾਂ ਮਿਲਣੀਆਂ ਚਾਹੀਦੀਆਂ ਸਨ। ਪਰ ਪਿਛਲੇ ਦਿਨੀਂ ਕੇਂਦਰ ਦੇ ਮਨੁੱਖੀ ਵਸੀਲਿਆਂ ਦੇ ਮੰਤਰਾਲੇ ਸਮੇਤ ਕਈ ਹੋਰ ਅਧਿਐਨ ਰਿਪੋਰਟਾਂ ਇਹ ਦੱਸਦੀਆਂ ਹਨ ਕਿ ਸਿਹਤ ਸੁਰੱਖਿਆ ਜਾਂ ਸ਼ਹਿਰੀਕਰਨ ਦੇ ਮਾਮਲੇ 'ਚ ਵੀ ਦੇਸ਼ 'ਚ ਹਾਲਾਤ ਪਹਿਲਾਂ ਨਾਲੋਂ ਕੋਈ ਵੱਖਰੇ ਨਹੀਂ ਹੋਏ। ਜਦਕਿ ਕੇਂਦਰ ਸਰਕਾਰ ਵਲੋਂ ਲਗਾਏ ਗਏ ਨਿਗਮ ਕਰ ਅਤੇ ਆਮਦਨ ਕਰ ਵਿੱਚ ਜੋ ਸਿੱਖਿਆ ਸੈਸ ਪ੍ਰਾਪਤ ਹੁੰਦਾ ਹੈ, ਉਹ 2016-17 ਵਿੱਚ 25353 ਕਰੋੜ ਰੁਪਏ ਤੋਂ ਵੱਧਕੇ ਲਗਭਗ 50,000 ਕਰੋੜ ਰੁਪਏ ਹੋ ਗਿਆ। ਅਸਲ ਵਿੱਚ ਵੱਡਾ ਸਵਾਲ ਸਰਕਾਰਾਂ ਦੇ ਖਰਚੇ ਅਤੇ ਫਜ਼ੂਲ ਖਰਚੀ ਨਾਲ ਜੁੜਿਆ ਹੋਇਆ ਹੈ। ਹਰੇਕ ਆਮ ਚੋਣਾਂ ਤੋਂ ਪਹਿਲਾਂ ਖਰਚੇ ਨੂੰ ਕਾਬੂ ਕਰਨ ਅਤੇ ਘੱਟ ਕਰਨ ਦੀਆਂ ਗੱਲਾਂ ਸ਼ੁਰੂ ਹੁੰਦੀਆਂ ਹਨ ਤੇ ਅਗਲੇ ਪੰਜ ਸਾਲ ਇਸ ਮਾਮਲੇ 'ਤੇ ਚੁੱਪ ਵੱਟ ਲਈ ਜਾਂਦੀ ਹੈ।

ਕੇਂਦਰ ਸਰਕਾਰ ਵਲੋਂ ਆਪਣੇ ਖਜ਼ਾਨੇ ਨੂੰ ਤਰੋ-ਤਾਜ਼ਾ ਅਤੇ ਭਰਪੂਰ ਰੱਖਣ ਲਈ ਕੋਈ ਨਾ ਕੋਈ ਸੈਸ ਲਗਾ ਦਿੱਤਾ ਜਾਂਦਾ ਹੈ, ਤਾਂ ਕਿ ਸਰਕਾਰ ਦੇ ਐਸ਼-ਪ੍ਰਸਤੀ ਵਾਲੇ ਖਰਚੇ ਨਿਰਵਘਨ ਚਲਦੇ ਰਹਿਣ ਅਤੇ ਜੇਕਰ ਲੋਕਾਂ ਨੂੰ ਕਿਸੇ ਬਿਪਤਾ ਵੇਲੇ ਕੋਈ ਰਾਹਤ ਦੇਣੀ ਪਵੇ ਤਾਂ ਉਸਦਾ ਭਾਰ ਲੋਕਾਂ ਉਤੇ ਹੀ ਸੁੱਟ ਦਿੱਤਾ ਜਾਵੇ। ਇਹਨਾ ਦਿਨਾਂ ਵਿੱਚ ਲੋਕਾਂ ਉਤੇ ਇੱਕ ਹੋਰ ਟੈਕਸ ਲੱਦਿਆ ਗਿਆ ਹੈ, ਜਿਸਦਾ ਨਾਮ ਰਾਸ਼ਟਰੀ ਬਿਪਤਾ ਰਾਹਤ ਉਪ ਟੈਕਸ (ਸੈਸ) ਰੱਖਿਆ ਗਿਆ ਹੈ। ਹਾਲਾਂਕਿ ਤੰਬਾਕੂ ਅਤੇ ਕੱਚੇ ਤੇਲ ਉਤੇ ਪਿਛਲੇ ਪੰਦਰਾਂ ਸਾਲਾਂ ਤੋਂ ਰਾਸ਼ਟਰੀ ਬਿਪਤਾ ਟੈਕਸ ਲਾਗੂ ਸੀ ਜੋ ਕਿ ਜੀ ਐਸ ਟੀ 'ਚ ਸ਼ਾਮਲ ਕਰ ਲਿਆ ਗਿਆ। ਟੈਕਸ ਦੇਣ ਵਾਲਿਆਂ ਉਤੇ ਉਪਕਰਾਂ ਅਤੇ ਸਰਚਾਰਜ ਦੇ ਨਾਮ ਉਤੇ ਲਗਾਤਾਰ ਭਾਰ ਲੱਦਿਆ ਗਿਆ ਹੈ। ਕੇਂਦਰ ਸਰਕਾਰ ਵਲੋਂ ਨਿਗਮ ਕਰ ਅਤੇ ਆਮਦਨ ਟੈਕਸ ਉਤੇ ਸਿੱਖਿਆ ਉਪਕਰ ਲਾਇਆ ਗਿਆ ਹੈ, ਜਿਸਦਾ ਲੋਕਾਂ ਉਤੇ ਭਾਰ 1.5 ਲੱਖ ਕਰੋੜ ਹੋਏਗਾ। ਜਿਸ ਵਿੱਚੋਂ 49461 ਕਰੋੜ ਉਪ ਟੈਕਸ ਅਤੇ 1,00,605 ਕਰੋੜ ਸਰਚਾਰਜ ਦੇ ਹੋਣਗੇ। ਇਸ ਨੂੰ ਹੁਣ ਸੋਸ਼ਲ ਵੈਲਫੇਅਰ ਸਰਚਾਰਜ ਕਿਹਾ ਜਾਂਦਾ ਹੈ। ਪਰ ਸਵਾਲ ਪੈਦਾ ਹੁੰਦਾ ਹੈ ਕਿ ਇਹੋ ਜਿਹੀਆਂ ਰਕਮਾਂ ਆਖ਼ਰ ਸਰਕਾਰ ਲੋਕ ਭਲੇ ਹਿੱਤ ਖਰਚਦੀ ਕਿਥੇ ਅਤੇ ਕਿਵੇਂ ਹੈ? ਜਦਕਿ ਕਰਦਾਤਿਆਂ ਉਤੇ ਉਹਨਾਂ ਵਲੋਂ ਪਹਿਲਾਂ ਦਿੱਤੇ ਟੈਕਸ ਉਤੇ 10 ਫੀਸਦੀ ਬੋਝ ਇਹਨਾਂ ਉਪਟੈਕਸਾਂ ਦਾ ਪੈਂਦਾ ਹੈ। ਜਿਵੇਂ ਕਿ ਸਵੱਛ ਭਾਰਤ ਸੈਸ, ਖੇਤੀ ਕਲਿਆਣ ਸੈਸ, ਬੀੜੀ ਸੈਸ, ਆਟੋ ਮੋਬਾਇਲ ਸੈਸ, ਅਤੇ ਕਲੀਨ ਐਨਰਜੀ ਸੈਸ ਅਤੇ ਪਾਨ ਮਸਾਲਾ ਸੈਸ ਸਰਚਾਰਜ ਨੂੰ ਜੀ ਐਸ ਟੀ 'ਚ ਸ਼ਾਮਲ ਕਰ ਦਿੱਤਾ ਗਿਆ ਹੈ। ਪਰ ਕੀ ਇਸ ਨਾਲ ਮਾਮਲਾ ਖਤਮ ਹੋ ਗਿਆ। ਨਹੀਂ, ਇੰਜ ਨਹੀਂ ਹੋਇਆ। ਰਾਜ ਸਰਕਾਰਾਂ ਨੇ ਕੇਂਦਰ ਸਰਕਾਰ ਨੂੰ ਉਚੀਆਂ ਅਤੇ ਬਹੁ-ਸਤਰੀ ਦਰਾਂ ਰੱਖਣ ਦੇ ਨਾਲ-ਨਾਲ ਟੈਕਸ ਦੀ ਘੱਟ ਵਸੂਲੀ ਦੀ ਹਾਲਤ 'ਚ ਘਾਟੇ ਦੀ ਭਰਪਾਈ ਲਈ ਕੇਂਦਰ ਨੂੰ ਰਾਜ਼ੀ ਕਰ ਲਿਆ। ਕੇਂਦਰ ਨੇ ਇਸ ਘਾਟੇ ਦੀ ਭਰਪਾਈ ਦਾ ਨਾਮ ਜੀ ਐਸ ਟੀ ਭਰਪਾਈ ਟੈਕਸ ਰੱਖਿਆ ਹੈ ਅਤੇ ਇਸ ਵਰ੍ਹੇ ਇਹ ਟੈਕਸ 90,000 ਕਰੋੜ ਰੁਪਏ ਦਾ ਹੋਏਗਾ। ਅੰਦਾਜ਼ਾ ਲਗਾਉ ਇਸ ਸਾਲ ਕੇਂਦਰ ਸਰਕਾਰ ਵਲੋਂ ਵਸੂਲਿਆ ਜਾਣ ਵਾਲਾ ਕੁਲ ਸੈਸ ਅਤੇ ਸਰਚਾਰਜ ਤਿੰਨ ਲੱਖ ਕਰੋੜ ਰੁਪਏ ਹੋਏਗਾ ਜਾਣੀ ਹਰ ਰੋਜ਼ 850 ਕਰੋੜ ਰੁਪਏ ਸੈਸ ਦੀ ਵਸੂਲੀ ਆਮ ਲੋਕਾਂ ਦੀਆਂ ਜੇਬਾਂ ਢਿੱਲੀਆਂ ਕਰ ਰਹੀ ਹੈ। ਇਹ ਪ੍ਰਾਪਤ ਰਕਮ ਰਾਜ ਸਰਕਾਰਾਂ ਨਾਲ ਕਿਸੇ ਵੀ ਹਾਲਤ ਵਿੱਚ ਸਾਂਝੀ ਨਹੀਂ ਕੀਤੀ ਜਾ ਰਹੀ। ਪੈਟਰੋਲ ਦਾ ਮੁੱਲ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ 90 ਰੁਪਏ ਪ੍ਰਤੀ ਲਿਟਰ ਹੋ ਚੁੱਕਾ ਹੈ। ਇਸ ਵਿੱਚ 2.5 ਰੁਪਏ ਲਿਟਰ ਦੀ ਕਮੀ ਕਰਕੇ ਸਰਕਾਰ ਵਲੋਂ ਊਠ ਤੋਂ ਛਾਨਣੀ ਲਾਹੁਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਰਕਾਰ ਕੱਚੇ ਤੇਲ ਤੋਂ ਉਪ ਕਰ ਦੇ ਰੂਪ 'ਚ 14850 ਕਰੋੜ ਕਮਾ ਰਹੀ ਹੈ। ਕੱਚੇ ਤੇਲ ਦਾ ਮੁਲ ਹੁਣ 65 ਡਾਲਰ ਪ੍ਰਤੀ ਬੈਰਲ ਤੋਂ ਵਧਕੇ 86 ਡਾਲਰ ਪ੍ਰਤੀ ਲਿਟਰ ਹੋ ਗਿਆ ਹੈ। ਇਸ ਵਾਧੇ ਨਾਲ ਸੈਸ 'ਚ ਵੀ ਵਾਧਾ ਹੋਏਗਾ। ਇਸ ਸੈਸ ਵਿੱਚ ਜੇਕਰ ਪੈਟਰੋਲ ਅਤੇ ਡੀਜ਼ਲ ਉਤੇ ਰੋਡ ਇਨਫਰਾਸਟ੍ਰਕਚਰ ਸੈਸ ਜੋ ਤਕਰੀਬਨ 1,13,00 ਕਰੋੜ ਰੁਪਏ ਹੈ ਵੀ ਜੋੜ ਦਿੱਤਾ ਜਾਵੇ ਤਾਂ 2014 ਤੋਂ 2018 ਤੱਕ ਕੇਂਦਰ ਸਰਕਾਰ ਨੇ 11.71 ਲੱਖ ਕਰੋੜ ਰੁਪਏ ਵਸੂਲੇ ਹਨ ਅਤੇ ਸੂਬਾ ਸਰਕਾਰ ਨੇ 7.19 ਲੱਖ ਕਰੋੜ ਕਮਾਏ ਹਨ। ਭਾਵ ਕੇਂਦਰ ਨੇ ਰੋਜ਼ਾਨਾ 900 ਕਰੋੜ ਤੇ ਰਾਜਾਂ ਨੇ 570 ਕਰੋੜ ਰੋਜ਼ਾਨਾ। ਕੇਂਦਰ ਅਤੇ ਸੂਬਾ ਸਰਕਾਰਾਂ ਆਨੇ-ਬਹਾਨੇ ਕੋਈ ਨਾ ਕੋਈ ਸੈਸ ਲਗਾਉਣ ਲਈ ਤਤਪਰ ਰਹਿੰਦੀਆਂ ਹਨ। ਦੇਸ਼ 'ਚ ਕੋਈ ਬਿਪਤਾ ਆਈ, ਸੈਸ ਲਗਾ ਦਿੱਤਾ ਜਾਂਦਾ ਹੈ। ਬਿਪਤਾ ਤਾਂ ਦੇਸ਼ 'ਚ, ਹਰ ਖੇਤਰ, ਹਰ ਖਿੱਤੇ 'ਚ ਆਈ ਹੀ ਰਹਿੰਦੀ ਹੈ। ਦੇਸ਼ 'ਚ ਸੜਕਾਂ 'ਚ ਵੱਡੇ-ਵੱਡੇ ਖੱਡੇ ਹਨ, ਪਾਣੀ ਦਾ ਵੱਡਾ ਸੰਕਟ ਹੈ, ਆਮ ਹੱਤਿਆ ਦਾ ਦੌਰ ਚੱਲਿਆ ਹੀ ਰਹਿੰਦਾ ਹੈ, ਟਰੈਫਿਕ ਜਾਮ ਤਾਂ ਹਰ ਵੇਲੇ ਦੀ ਗੱਲ ਹੈ ਤੇ ਸੜਕ ਦੁਰਘਟਨਾਵਾਂ ਤਾਂ ਆਮ ਹਨ, ਇਹਨਾਂ ਸਾਰੀਆਂ ਚੀਜ਼ਾਂ ਤੋਂ ਨਿਜਾਤ ਪ੍ਰਾਪਤ ਕਰਨ ਲਈ ਤਾਂ ਸੈਸ ਸਰਕਾਰਾਂ ਨੂੰ ਲਾਉਣੇ ਹੀ ਪੈਣਗੇ ਪਰ ਇਹ ਸੈਸ ਲਗਾਉਣ ਤੋਂ ਬਾਅਦ ਕੀ ਜ਼ਰੂਰੀ ਹੈ ਕਿ ਇਹ ਇੱਕਠਾ ਹੋਇਆ ਕਰ ਲੋਕਾਂ ਤੱਕ ਪੁੱਜੇਗਾ। ਪੰਜਾਬ ਸਮੇਤ ਕੁਝ ਰਾਜਾਂ 'ਚ ਗਊ ਸੈਸ ਲੱਗਿਆ ਹੈ ਜੋ ਬਿਜਲੀ ਦੇ ਬਿੱਲਾਂ ਰਾਹੀਂ ਉਗਰਾਹਿਆ ਜਾਂਦਾ ਰਿਹਾ ਹੈ। ਪਰ ਕੀ ਗਊਸ਼ਾਲਾ ਤੱਕ ਇਹ ਰਕਮ ਪੁੱਜਦੀ ਹੈ ਜਾਂ ਪੁੱਜੀ। ਸਵਾਲ ਇਹ ਵੀ ਹੈ ਕਿ ਆਖਿਰ ਵਸਤੂ ਅਤੇ ਸੇਵਾ ਕਰ ਕਿੰਨੇ ਤਰ੍ਹਾਂ ਨਾਲ ਵਸੂਲਿਆ ਜਾ ਸਕਦਾ ਹੈ ਅਤੇ ਟੈਕਸਾਂ ਦੇ ਇਸ ਪੈਰਾਮਿਡ ਦੀ ਉਚਾਈ ਕਦੋਂ ਥੰਮੇਗੀ? ਜਦ ਇੱਕ ਦੇਸ਼ ਇੱਕ ਕਰ ਰਾਹੀਂ ਦੇਸ਼ ਵਿੱਚ ਜੀ ਐਸ ਟੀ ਲਗਾ ਦਿੱਤੀ ਗਈ ਹੈ ਤਾਂ ਫਿਰ ਸੈਸ, ਸਰਚਾਰਜ ਕਿਉਂ ਲਗਾਏ ਜਾਂਦੇ ਹਨ ਜਾਂ ਸੂਬਿਆਂ ਨੂੰ ਟੈਕਸ ਲਗਾਉਣ ਦਾ ਆਪਹੁਦਰੀ ਨੀਤੀ ਦੀ ਖੁਲ੍ਹ ਕਿਵੇਂ ਹੈ? ਇਸ ਤੋਂ ਵੀ ਅਗਲੀ ਗੱਲ ਜੋ ਆਮ ਲੋਕਾਂ ਅੱਗੇ ਸਵਾਲ ਖੜੇ ਕਰਦੀ ਹੈ ਉਹ ਇਹ ਕਿ ਜਦ ਬਾਕੀ ਸਾਰੀਆਂ ਵਸਤਾਂ ਜੀ ਐਸ ਟੀ ਅਧੀਨ ਹਨ ਤਾਂ ਤੇਲ, ਪੈਟਰੋਲੀਅਮ ਪਦਾਰਥ ਇਸਦੇ ਘੇਰੇ ਤੋਂ ਬਾਹਰ ਕਿਉਂ ਰੱਖੇ ਗਏ ਹਨ? ਜਦਕਿ ਲੋਕ ਤੇਲ ਅਤੇ ਪੈਟਰੋਲੀਅਮ ਪਦਾਰਥਾਂ ਨੂੰ ਜੀ ਐਸ ਟੀ ਘੇਰੇ 'ਚ ਲਿਆਉਣ ਦੀ ਲਗਾਤਾਰ ਮੰਗ ਕਰਦੇ ਹਨ।

ਜਾਪਦਾ ਹੈ ਦੇਸ਼ ਕਲਿਆਣਕਾਰੀ ਰਾਜ ਤੋਂ ਵਿਰਵਾ ਹੋ ਰਿਹਾ ਹੈ। ਹਾਕਮ ਧਿਰ ਤੇ ਬਹੁਤੇ ਸਿਆਸੀ ਲੋਕ ਤੇ ਰਾਜਨੀਤਕ ਪਾਰਟੀਆਂ ਇੱਕ ਧਿਰ ਬਣੇ ਨਜ਼ਰ ਆਉਂਦੇ ਹਨ ਅਤੇ ਪੀੜਤ ਜਨਤਾ ਦੂਜੀ ਧਿਰ! ਲੋਕ ਮਸਲਿਆਂ, ਸਮੱਸਿਆਵਾਂ ਦਾ ਹੱਲ ਅਤੇ ਉਹ ਵੀ ਸਦੀਵੀ ਹੱਲ, ਲੱਭਣ ਲਈ ਹਾਕਮ ਜਮਾਤ ਤਤਪਰ ਨਜ਼ਰ ਨਹੀਂ ਆਉਂਦੀ। ਸਿਰਫ ਵੋਟਾਂ ਦੀ ਸਿਆਸਤ ਕਰਦਿਆਂ, ਡੰਗ ਟਪਾਊ ਨੀਤੀ ਨਾਲ ਕਥਿਤ ਲੋਕ-ਲੁਭਾਉਣੀਆਂ ਯੋਜਨਾਵਾਂ ਨਾਲ ਲੋਕਾਂ ਦਾ ਢਿੱਡ ਭਰਨ ਦੇ ਰਾਹ ਤੁਰੀ ਦਿਸਦੀ ਹੈ ਸਰਕਾਰ! ਨਵੀਆਂ ਬੀਮਾ ਸਿਹਤ ਸਕੀਮਾਂ ਦਾ ਆਖਰ ਉਦੋਂ ਤੱਕ ਕੀ ਲਾਭ, ਜਦੋਂ ਤੱਕ ਇਹ ਲੋਕਾਂ ਦੇ ਦਰੀਂ-ਘਰੀਂ ਨਹੀਂ ਪੁੱਜਦੀਆਂ ਅਤੇ ਲੋਕ ਇਸਦਾ ਲਾਭ ਨਹੀਂ ਚੁੱਕਦੇ। ਆਮ ਤੌਰ 'ਤੇ ਇਹ ਸਕੀਮਾਂ ਬੀਮਾ ਕੰਪਨੀਆਂ ਅਤੇ ਵਚੋਲਿਆਂ ਦਾ ਢਿੱਡ ਭਰਨ ਜੋਗੀਆਂ ਰਹਿ ਗਈਆਂ ਹਨ। ਮਗਨਰੇਗਾ, ਚੰਗੀ ਯੋਜਨਾ ਹੋਣ ਦੇ ਬਾਵਜੂਦ, ਖੇਤ ਮਜ਼ਦੂਰਾਂ, ਮਜ਼ਦੂਰਾਂ, ਗਰੀਬ ਕਿਸਾਨਾਂ ਦਾ ਢਿੱਡ ਨਹੀਂ ਭਰ ਸਕੀ। ਭਲਾ, ਸਾਲ ਦੇ 36 ਜਾਂ 40 ਦਿਨ ਦਾ ਗਰੰਟੀ ਰੁਜ਼ਗਾਰ ਉਹਨਾਂ ਨੂੰ ਕੋਈ ਰੁਜ਼ਗਾਰ ਸੁਰੱਖਿਆ ਨਹੀਂ ਪ੍ਰਦਾਨ ਕਰ ਸਕਦਾ। ਇੱਕ ਰੁਪਏ, ਦੋ ਰੁਪਏ ਕਿਲੋ ਕਣਕ, ਚਾਵਲ, ਲੋੜਵੰਦ ਨੂੰ ਦੇ ਕੇ ਹੀ ਕੀ ਇਹਨਾਂ ਪਰਿਵਾਰਾਂ ਦੀਆਂ ਹੋਰ ਲੋੜਾਂ ਪੂਰੀਆਂ ਹੋ ਸਕਦੀਆਂ ਹਨ? ਥੋੜਾਂ ਨਾਲ ਭਰਿਆ ਆਮ ਆਦਮੀ, ਆਪਣੇ ਖਾਲੀ ਜੇਬ ਕਾਰਨ ਪ੍ਰੇਸ਼ਾਨ ਹੈ। ਅਧੂਰੀਆਂ ਸਰਕਾਰੀ ਭਲਾਈ ਸਕੀਮਾਂ ਉਹਦਾ ਜੀਵਨ ਪੱਧਰ ਚੁੱਕਣ 'ਚ ਸਹਾਈ ਨਹੀਂ ਹੋ ਸਕੀਆਂ ਜਾਂ ਸਕਦੀਆਂ। ਮੰਨਿਆ ਕਿ ਟੈਕਸਾਂ ਬਿਨ੍ਹਾਂ ਸਰਕਾਰਾਂ ਨਹੀਂ ਚੱਲਦੀਆਂ, ਪਰ ਫਜ਼ੂਲ ਖਰਚੀ ਤਾਂ ਘਟਾਈ ਜਾ ਸਕਦੀ ਹੈ। ਸਰਕਾਰੀ ਖਰਚਿਆਂ ਉਤੇ 2015 ਦੀ ਵਿਮਲ ਜਾਲਾਨ ਕਮੇਟੀ ਦੀ ਰਿਪੋਰਟ ਦੇ ਸੁਝਾਵਾਂ ਉਤੇ ਅਮਲ ਨਾਲ ਵੱਡੀ ਬਚਤ ਹੋ ਸਕਦੀ ਹੈ। ਇਸ ਬੱਚਤ ਨੂੰ ਲੋਕਾਂ ਦੇ ਭਲਾਈ ਕਾਰਜਾਂ, ਸਿੱਖਿਆ,ਸਿਹਤ ਸਹੂਲਤਾਂ ਅਤੇ ਵਾਤਾਵਰਨ ਸੁਧਾਰ ਲਈ ਵਰਤਿਆ ਜਾ ਸਕਦਾ ਹੈ।

# ਹੁਣ ਮਨਜੀਤ ਸਿੰਘ ਜੀਕੇ ਨੇ ਖੋਲ੍ਹਿਆ ਅਕਾਲੀ ਦਲ ਵਿਰੁਧ ਮੋਰਚਾ

## ਸ਼੍ਰੋਮਣੀ ਅਕਾਲੀ ਦਲ ਵਿਚ ਪੈਦਾ ਹੋਇਆ ਸੰਕਟ ਹੋਰ ਗਹਿਰਾਉਂਦਾ ਜਾ ਰਿਹਾ ਹੈ। ਪਾਰਟੀ ਤੋਂ ਸੀਨੀਅਰ ਲੀਡਰਾਂ ਦੀ ਨਾਰਾਜ਼ਗੀ ਦੇ ਸੁਰ ਹੁਣ ਪੰਜਾਬ ਤੋਂ ਦਿੱਲੀ ਤਕ ਪਹੁੰਚ ...

ਹਾਲੇ ਕੁੱਝ ਦਿਨ ਪਹਿਲਾਂ ਹੀ ਜੀ.ਕੇ. ਨੂੰ ਹਜ਼ੂਰ ਸਾਹਿਬ, ਨਾਂਦੇੜ ਵਿਖੇ ਹਰਸਿਮਰਤ ਬਾਦਲ ਨਾਲ ਦੇਖਿਆ ਗਿਆ ਸੀ। ਉੱਥੇ ਵੀ ਸਿੱਖਾਂ ਵਲੋਂ ਉਨ੍ਹਾਂ ਦਾ ਕਾਫ਼ੀ ਵਿਰੋਧ ਕੀਤਾ ਗਿਆ ਸੀ। ਉਧਰ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਮੈਂਬਰ ਗੁਰਮੀਤ ਸਿੰਘ ਸ਼ੰਟੀ ਨੇ ਜੀਕੇ 'ਤੇ ਨਿਸ਼ਾਨਾ ਸਾਧਦਿਆਂ ਆਖਿਆ ਕਿ ਉਨ੍ਹਾਂ ਨੇ ਜੀਕੇ ਨੂੰ ਅਸਤੀਫ਼ਾ ਦੇਣ ਦਾ ਅਲਟੀਮੇਟਮ ਦਿਤਾ ਸੀ ਪਰ ਜੀਕੇ 'ਤੇ ਇਸ ਦਾ ਕੋਈ ਅਸਰ ਨਹੀਂ ਹੋਇਆ, ਹੁਣ ਉਹ ਮੀਡੀਆ ਸਾਹਮਣੇ ਜੀਕੇ ਵਲੋਂ ਕੀਤੇ ਗਏ ਘਪਲਿਆਂ ਦਾ ਸਬੂਤਾਂ ਸਮੇਤ ਪਰਦਾਫਾਸ਼ ਕਰਨਗੇ। ਜਿੱਥੇ ਐਤਵਾਰ ਨੂੰ ਪੰਜਾਬ ਦੇ ਬਰਗਾੜੀ ਵਿਖੇ ਹੋਏ ਰੋਸ ਮਾਰਚ ਵਿਚਲੇ ਭਾਰੀ ਇਕੱਠ ਨੇ ਅਕਾਲੀ ਦਲ ਨੂੰ ਧੂੜ ਚਟਾ ਦਿਤੀ ਹੈ। ਉਥੇ ਹੀ ਹੁਣ ਦਿੱਲੀ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਰੀੜ੍ਹ ਦੀ ਹੱਡੀ ਮੰਨੇ ਜਾਂਦੇ ਜੀਕੇ ਵਲੋਂ ਮਿਲੇ ਝਟਕੇ ਤੋਂ ਬਾਅਦ ਅਕਾਲੀ ਦਲ ਵਿਚਲਾ ਸੰਕਟ ਹੋਰ ਜ਼ਿਆਦਾ ਗੰਭੀਰ ਹੋ ਗਿਆ ਹੈ।

# ਸਕਾਟਲੈਂਡ ਦੀਆਂ ਲੋਕ ਹਿਤੂ ਸੰਸਥਾਂਵਾਂ ਨੇ ਭਾਰਤੀ ਹਾਈ ਕਮਿਸ਼ਨਰ ਨੂੰ ਦਿੱਤਾ ਮੰਗ ਪੱਤਰ



ਲੰਡਨ (ਮਨਦੀਪ ਖੁਰਮੀ) ਵਿਦੇਸ਼ਾਂ ਵਿੱਚ ਵਸਦੇ ਭਾਰਤੀ ਮੂਲ ਦੇ ਲੋਕ ਭਾਰਤ ਵਿੱਚ ਆਏ ਦਿਨ ਹੁੰਦੀਆਂ ਅਣਮਨੁੱਖੀ ਘਟਨਾਵਾਂ ਤੋਂ ਚਿੰਤਤ ਨਜ਼ਰ ਆਉਂਦੇ ਹਨ। ਇਸੇ ਚਿੰਤਾ ਤਹਿਤ ਹੀ ਗਲਾਸਗੋ ਦੀਆ ਪ੍ਰਮੁੱਖ ਸੰਸਥਾਵਾਂ ਇੰਡੀਅਨ ਵਰਕਰਜ ਐਸੋਸੀਏਸ਼ਨ ਗਲਾਸਗੋ, ਗੁਰੂ ਗਰੰਥ ਸਾਹਿਬ ਗੁਰਦੁਆਰਾ ਗਲਾਸਗੋ, ਅੰਬੇਦਕਰ ਮਿਸ਼ਨ ਸੋਸਾਇਟੀ ਗਲਾਸਗੋ, ਸ਼੍ਰੀ ਗੁਰੂ ਰਵਿਦਾਸ ਕਮੇਟੀ ਗਲਾਸਗੋ, ਪੰਜਾਬੀ ਸਾਹਿਤ ਸਭਾ ਗਲਾਸਗੋ ਦੇ ਅਹੁਦੇਦਾਰਾਂ ਸਜਿੰਦਰ ਸਿੰਘ, ਪਰਮਜੀਤ ਬਾਸੀ, ਬੀਥਡੀ ਥਗਿੰਡਾ, ਦਲਜੀਤ ਸਿੰਘ ਦਿਲਬਰ, ਹੁਸਨ ਲਾਲ, ਤਰਲੋਚਨ ਮੁਠੱਡਾ ਅਤੇ ਹਰਜੀਤ ਦੁਸਾਂਝ ਨੇ ਸ਼੍ਰੀਮਤੀ ਅੰਜੂ ਰੰਜਨ (ਭਾਰਤੀ ਹਾਈ ਕਮਿਸ਼ਨਰ, ਐਡਨਬਰਾ ਸਕਾਟਲੈਂਡ ) ਨੂੰ ਸਾਂਝੇ ਰੂਪ ਵਿੱਚ ਮੰਗ ਪੱਤਰ ਸੌਂਪਿਆ। ਵੱਖ ਵੱਖ ਸੰਸਥਾਂਵਾਂ ਦੇ ਨੁਮਾਇੰਦਿਆਂ ਨੇ ਮੰਗ ਕੀਤੀ ਕਿ ਭਾਜਪਾ ਸਰਕਾਰ ਨੇ ਝੂਠੇ ਕੇਸਾਂ ਵਿੱਚ ਫਸਾਏ ਸ਼ੁਦਾ ਭਾਰਦਵਾਜ, ਵਰਨਨ ਗੌਂਸਲਵੇਜ, ਗੌਤਮ ਨਵਲਾਖਾ, ਵਰਵਰਾ ਰਾਓ, ਅਰੁਣ ਫਰੇਰਾ ਨੂੰ ਜਲਦ ਤੋਂ ਜਲਦ ਰਿਹਾ ਕੀਤਾ ਜਾਵੇ। ਆਗੂਆਂ ਨੇ ਭਾਰਤੀ ਹਾਈ ਕਮਿਸ਼ਨਰ ਨਾਲ ਕੀਤੀ ਇਸ ਮੁਲਾਕਾਤ ਦੌਰਾਨ ਭਾਰਤ ਵਿੱਚ ਹੋ ਰਹੇ ਅਣਮਨੁੱਖੀ ਵਰਤਾਰਿਆਂ ਦੀ ਖੁੱਲ੍ਹ ਕੇ ਆਲੋਚਨਾ ਕੀਤੀ ਅਤੇ ਉਹਨਾਂ ਦੇ ਰੋਸ ਪੱਤਰ ਨੂੰ ਭਾਰਤ ਸਰਕਾਰ ਤੱਕ ਪਹੁੰਚਦਾ ਹੋਣ ਦੀ ਉਮੀਦ ਪ੍ਰਗਟਾਈ। ਨਾਲ ਹੀ ਉਹਨਾਂ ਮੰਗ ਕੀਤੀ ਕਿ ਇਹ ਗ੍ਰਿਫ਼ਤਾਰੀਆਂ ਭਾਰਤ ਦੇ ਸੰਵਿਧਾਨ ਦਾ ਨਿਰਾਦਰ ਅਤੇ ਅਜ਼ਾਦੀ ਤੇ ਹਮਲਾ ਹਨ। ਪੂਰੀ ਤਰਾਂ ਨਾਲ ਸਿਆਸਤ ਤੋਂ ਪ੍ਰੇਰਿਤ ਅਤੇ ਅਣ↔ਚੱਤ ਕਾਰਵਾਈ ਵਿੱਚ ਸ਼ਾਮਿਲ ਪ੍ਰਸ਼ਾਸਨਿਕ ਤੇ ਪੁਲਿਸ ਅਧਿਕਾਰੀਆਂ ਨੂੰ ਤੁਰੰਤ ਮੁਅੱਤਲ ਕੀਤਾ ਜਾਵੇ। ਭਾਰਤੀ ਹਾਈ ਕਮਿਸ਼ਨਰ ਅੱਗੇ ਆਪਣਾ ਪੱਖ ਪੇਸ਼ ਕਰਦਿਆਂ ਆਗੂਆਂ ਨੇ ਕਿਹਾ ਕਿ ਬੇਸ਼ੱਕ ਭਾਰਤ ਸਰਕਾਰ ਜਿੰਨੀ ਮਰਜ਼ੀ ਤਰੱਕੀ ਦੀਆਂ ਡੀਗਾਂ ਮਾਰੇ ਪਰ ਭਾਰਤ ਵਿੱਚ ਘੱਟ ਗਿਣਤੀ ਫਿਰਕਿਆਂ ਦੇ ਲੋਕ ਸਹਿਮ ਦੇ ਮਾਹੌਲ ਹੇਠ ਜੀਅ ਰਹੇ ਹਨ। ਇਹ ਕਿੱਧਰਲਾ ਲੋਕਤੰਤਰ ਹੈ ਕਿ ਕਿਸੇ ਨੂੰ ਗਊ ਮਾਸ ਖਾਣ ਦੇ ਸ਼ੱਕ ਹੇਠ ਹੀ ਕਤਲ ਕਰ ਦਿੱਤਾ ਜਾਂਦਾ ਹੈ ਤੇ ਸਰਕਾਰ ਦੀ ਸ਼ਹਿ ਹੇਠ ਕਿਸੇ ਨੂੰ ਵੀ ਬੇਇੱਜਤ ਕਰਨ, ਕੁੱਟਮਾਰ ਕਰਨ, ਵੱਖ ਵੱਖ ਦਲਾਂ ਦੇ ਨਾਂਵਾਂ ਹੇਠ ਗੁੰਡਾਗਰਦੀ ਕਰਨ ਨੂੰ ਹੀ ਦੇਸ਼ ਭਗਤੀ ਦਾ ਨਾਮ ਦਿੱਤਾ ਜਾ ਰਿਹਾ ਹੈ। ਆਗੂਆਂ ਨੇ ਭਾਰਤੀ ਹਾਈ ਕਮਿਸ਼ਨਰ ਨੂੰ ਸਪੱਸ਼ਟ ਲਫ਼ਜ਼ਾਂ ਵਿੱਚ ਕਿਹਾ ਕਿ ਅਜਿਹੇ ਗੁੰਡਾ ਅਨਸਰਾਂ ਨੂੰ ਖੁੱਲ੍ਹ ਦੇ ਕੇ ਸਰਕਾਰ ਪ੍ਰਵਾਸੀ ਭਾਰਤੀਆਂ ਦੀਆਂ ਨਜ਼ਰਾਂ ਵਿੱਚ ਆਪਣੀ ਛਵੀ ਖਰਾਬ ਕਰਨ ਦੇ ਰਾਹ ਹੀ ਤੁਰੀ ਹੋਈ ਹੈ।

# ...ਤਾਂ ਇਸ ਲਈ ਟਰੂਡੋ ਦੀ ਥਾਂ ਐਂਡਰਿਊ ਸ਼ੀਅਰ ਨੂੰ ਦਿੱਤੀ ਜਾ ਰਹੀ ਹੈ ਜ਼ਿਆਦਾ ਤਵੱਜੋਂ

ਇਸ ਦਾ ਕਾਰਨ ਇਹ ਸੀ ਕਿ ਟਰੂਡੋ ਦਾ ਕੈਨੇਡਾ ਵਿਚ ਕਟੜਪੰਥੀ ਸਿੱਖ ਨੇਤਾਵਾਂ ਨਾਲ ਨੇੜਤਾ ਅਤੇ ਸਹਿਯੋਗ ਕਰਨਾ ਸੀ। ਸ਼ਾਇਦ ਇਸ ਲਈ ਵਿਰੋਧੀ ਧਿਰ ਦੇ ਨੇਤਾ ਐਂਡਰਿਊ ਸ਼ੀਅਰ ਨੂੰ ਭਾਰਤ 'ਚ ਜ਼ਿਆਦਾ ਤਵੱਜੋਂ ਦਿੱਤੀ ਜਾ ਰਹੀ ਹੈ। ਓਧਰ ਐਂਡਰਿਊ ਸ਼ੀਅਰ ਨੇ ਪੀ. ਐੱਮ. ਮੋਦੀ ਅਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਭਰੋਸਾ ਦਿਵਾਇਆ ਕਿ ਕੰਜ਼ਰਵੇਟਿਵ ਪਾਰਟੀ ਦਾ ਸਿਆਸੀ ਏਜੰਡਾ ਹਿੰਸਾ ਦੀ ਚੋਣ ਕਰਨਾ ਨਹੀਂ ਹੈ। ਉਨ੍ਹਾਂ ਕਿਹਾ ਕਿ ਅਸੀਂ ਕਿਸੇ ਵਿਅਕਤੀ ਜਾਂ ਸਮੂਹ ਨਾਲ ਨਹੀਂ ਜੁੜੇ ਹਾਂ, ਜੋ ਕਿਸੇ ਹੋਰ ਦੇਸ਼ ਦੀ ਏਕਤਾ ਨੂੰ ਤੋੜਦਾ ਹੋਵੇ। ਸ਼ੀਅਰ ਨੇ ਕਿਹਾ ਕਿ ਉਨ੍ਹਾਂ ਨੇ ਕੈਨੇਡਾ ਦੇ ਵੈਸਟ ਕੋਸਟ 'ਤੇ ਪਾਈਪ ਲਾਈਨ ਬਣਾਉਣ ਦੀ ਆਪਣੀ ਪਾਰਟੀ ਦੀ ਯੋਜਨਾ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਕੀਤੀ ਸੀ, ਜੋ ਕਿ ਭਾਰਤ ਨੂੰ ਤੇਲ ਅਤੇ ਗੈਸ ਦੀ ਸਪਲਾਈ ਕਰਨ ਵਿਚ ਮਦਦ ਕਰੇਗਾ। ਇੱਥੇ ਕੈਨੇਡਾ 'ਚ 2019 'ਚ ਫੈਡਰਲ ਚੋਣਾਂ ਹੋਣੀਆਂ ਹਨ, ਜਿਸ ਵਿਚ ਐਂਡਰਿਊ, ਪ੍ਰਧਾਨ ਮੰਤਰੀ ਟਰੂਡੋ ਨੂੰ ਟੱਕਰ ਦੇਣਗੇ। ਸ਼ੀਅਰ ਦਾ ਭਾਰਤ ਦੌਰੇ ਦਾ ਮਕਸਦ ਵੀ ਸ਼ਾਇਦ ਇਹ ਹੀ ਹੈ ਕਿ ਉਹ ਭਾਰਤੀ-ਪੰਜਾਬੀਆਂ ਦਾ ਦਿਲ ਜਿੱਤ ਸਕਣ।

# ਅਮਰੀਕਾ ਨੇ ਚੀਨੀ ਖੁਫੀਆ ਅਧਿਕਾਰੀ ਨੂੰ ਕੀਤਾ ਗ੍ਰਿਫਤਾਰ, ਲੱਗੇ ਕਈ ਦੋਸ਼

ਉਸ ਨੇ ਇਸ ਕੰਪਨੀਆਂ 'ਚ ਕੰਮ ਕਰ ਰਹੇ ਮਾਹਿਰ ਕਰਮੀਆਂ ਨਾਲ ਗੱਲਬਾਤ ਕਰ ਉਨ੍ਹਾਂ ਨੂੰ ਚੀਨ ਦੀਆਂ ਕੰਪਨੀਆਂ ਲਈ ਕੰਮ ਕਰਨ ਲਈ ਉਕਸਾਇਆ ਸੀ। ਜਸਿਟਨ ਡਿਪਾਰਟਮੈਂਟ ਨੇ ਅੱਗੇ ਆਖਿਆ ਕਿ ਮਈ 2017 ਨੂੰ ਜੀ. ਈ. ਐਵੀਏਸ਼ਨ ਦੇ ਕਰਮਚਾਰੀ ਸ਼ੂ ਨੂੰ ਮਿਲਣ ਲਈ ਚੀਨ ਗਏ ਸਨ ਅਤੇ ਫਰਵਰੀ 2018 'ਚ ਐਵੀਏਸ਼ਨ ਦੇ ਕਰਮਚਾਰੀਆਂ ਨੇ ਕੰਪਨੀ ਦੀਆਂ ਕਈ ਜਾਣਕਾਰੀ ਉਸ ਨਾਲ ਸਾਂਝੀਆਂ ਕੀਤੀਆਂ ਸਨ। ਅਧਿਕਾਰੀਆਂ ਮੁਤਾਬਕ ਉਹ ਡਾਟਾ ਚੀਨੀ ਅਧਿਕਾਰੀਆਂ ਨੂੰ ਭੇਜਦਾ ਸੀ। ਸ਼ੂ ਨੂੰ 1 ਅਪ੍ਰੈਲ, 2018 'ਚ ਬੈਲਜ਼ੀਅਮ 'ਚ ਗ੍ਰਿਫਤਾਰ ਕਰ ਲਿਆ ਗਿਆ ਸੀ, ਜਿਸ ਤੋਂ ਬਾਅਦ ਮੰਗਲਵਾਰ ਨੂੰ ਅਮਰੀਕਾ ਲਿਆਂਦਾ ਗਿਆ। ਐਫ. ਬੀ. ਆਈ. ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ੂ ਦੀਆਂ ਚੀਨੀ ਸਰਕਾਰ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੇ ਜਾਣ ਅਤੇ ਹੋਰ ਕਈ ਸਬੂਤ ਵੀ ਮਿਲੇ ਹਨ, ਜਿਸ ਤੋਂ ਪਤਾ ਲੱਗਦਾ ਹੈ ਕਿ ਉਹ ਅਮਰੀਕਾ ਖਿਲਾਫ ਕੋਈ ਚਾਲ ਚੱਲ ਰਿਹਾ ਸੀ। ਦੱਸ ਦਈਏ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਈ ਵਾਰ ਆਖਿਆ ਹੈ ਕਿ ਚੀਨ ਅਮਰੀਕਾ 'ਚ ਨਵੰਬਰ 'ਚ ਹੋਣ ਜਾ ਰਹੀਆਂ ਚੋਣਾਂ ਕੋਈ ਗੜਬੜੀ ਕਰ ਸਕਦਾ ਹੈ ਅਤੇ ਹੁਣ ਇਸ ਚੀਨੀ ਖੁਫੀਆ ਫੌਜੀ ਨੂੰ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਟਰੰਪ ਵੱਲੋਂ ਕਹੀਆਂ ਗਈਆਂ ਗੱਲਾਂ ਸੱਚ ਸਾਬਤ ਹੋ ਰਹੀਆਂ ਕਿਉਂਕਿ ਅਮਰੀਕਾ-ਚੀਨ ਵਿਚਾਲੇ ਟ੍ਰੇਡ ਵਾਰ ਛਿੜੀ ਹੋਈ ਹੈ।







ਆਗਾਮੀ ਲੋਕ ਸਭਾ ਚੋਣਾਂ 2019

# ਚੰਡੀਗੜ੍ਹ ਤੋਂ ਕਾਂਗਰਸ ਟਿਕਟ ਪ੍ਰਾਪਤੀ ਲਈ ਦੋ ਦਿੱਗਜ ਆਹਮਣੇ-ਸਾਹਮਣੇ

## ਬਾਂਸਲ, ਤਿਵਾੜੀ : ਕੌਈ ਨਿਤਰੂ ਬੜੇਵੇਂ ਖਾਣੀ, ਕੁੰਡੀਆਂ ਦੇ ਸਿੰਗ ਫਸ ਗਏ.....



ਕਾਂਗਰਸ ਪ੍ਰਧਾਨ
ਰਾਹੁਲ ਗਾਂਧੀ



ਭਾਜਪਾ ਪ੍ਰਧਾਨ
ਅਮਿਤ ਸ਼ਾਹ



ਸਾਬਕਾ ਕੇਂਦਰੀ ਮੰਤਰੀ
ਪਵਨ ਬਾਂਸਲ



ਸਾਬਕਾ ਕੇਂਦਰੀ ਮੰਤਰੀ
ਮੁਨੀਸ਼ ਤਿਵਾੜੀ



ਲੋਕ ਸਭਾ ਮੈਂਬਰ
ਕਿਰਨ ਖੇਰ

ਚੰਡੀਗੜ ਆਗਾਮੀ ਲੋਕ ਸਭਾ ਚੋਣਾਂ 2019 ਨੂੰ ਲੈ ਕੇ ਜਿਥੇ ਨੈਸ਼ਨਲ ਡੈਮੋਕਰੈਟਿਕ ਅਲਾਇੰਸ (ਐਨ.ਡੀ.ਏ) ਵੱਲੋਂ ਭਾਜਪਾ ਦੀ ਅਗਵਾਈ ਹੇਠ ਹੋਰਨਾਂ ਖੇਤਰੀ ਪਾਰਟੀਆਂ ਵੱਲੋਂ ਵਿਸ਼ੇਸ਼ ਰਣਨਿਤੀ ਦੇ ਤਹਿਤ ਦੇਸ਼ ਭਰ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਰੈਲੀਆਂ ਕਰਵਾਈਆਂ ਜਾ ਰਹੀਆਂ ਹਨ ਉੱਥੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਵੱਲੋਂ ਵੱਡੀਆਂ ਜਨ ਸਭਾਵਾਂ ਨੂੰ ਸੰਬੋਧਨ ਕਰਨ ਦੇ ਨਾਲ ਨਾਲ ਦੂਸਰੀਆਂ ਹਮਖਿਆਲੀ ਰਾਜਨੀਤਿਕ ਪਾਰਟੀਆਂ ਦੇ ਅਹਿਮ ਨੇਤਾਵਾਂ ਦੇ ਨਾਲ ਨੁੱਕੜ ਮੀਟਿੰਗਾਂ ਦਾ ਆਰੰਭਿਆ ਹੋਇਆ ਹੈ। ਦੂਸਰੇ ਪਾਸੇ ਯੂ.ਪੀ.ਏ. (ਯੂਨਾਈਟਡ ਪ੍ਰੋਗਰੈਸਿਵ ਅਲਾਇੰਸ) ਵੱਲੋਂ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਅਤੇ ਪਾਰਟੀ ਸਰਪ੍ਰਸਤ ਸੋਨੀਆ ਗਾਂਧੀ ਵੱਲੋਂ ਸਾਬਕਾ ਪ੍ਰਧਾਨ ਮੰਤਰੀ ਅਤੇ ਪ੍ਰਸਿੱਧ ਇਕਨੋਮਿਸਟ ਡਾ.ਮਨਮੋਹਨ ਸਿੰਘ ਦੇ ਨਾਲ ਮਿਲਕੇ ਮੌਜੂਦਾ ਕੇਂਦਰ ਸਰਕਾਰ ਦੀਆਂ ਨਾਕਾਮੀਆਂ ਨੂੰ ਉਛਾਲ ਕੇ ਲੋਕਾਂ ਵਿੱਚ ਦਸਤਕ ਦਿੱਤੀ ਜਾ ਰਹੀ ਹੈ। ਯੂ.ਪੀ.ਏ. ਦੀ ਵੱਡੀ ਭਾਈਵਾਲ ਸਮਝੀ ਜਾਂਦੀ ਬਹੁਜਨ ਸਮਾਜ ਪਾਰਟੀ ਸੁਪਰੀਮੋ ਮਾਇਆਵਤੀ ਵੱਲੋਂ ਮੱਧ ਪ੍ਰਦੇਸ਼ ਕਈ ਸੂਬਿਆ ਵਿੱਚ ਕਾਂਗਰਸ ਨਾਲ ਰਾਜਨੀਤਿਕ ਗੱਠਜੋੜ ਤੋਂ ਕਿਨਾਰਾ ਕਰਦਿਆਂ ਆਪਣੇ ਤੋਰ ਤੇ ਚੋਣ ਲੜਨ ਦੇ ਐਲਾਨ ਕਰਨ ਦੇ ਨਾਲ ਯੂ.ਪੀ.ਏ. ਸਭ ਅੱਛਾ ਹੈ ਨਹੀ ਹੈ ਵਾਲੀ ਸਥਿਤੀ ਬਣੀ ਹੋਈ ਹੈ ਜਦਕਿ ਕਾਂਗਰਸ ਵੱਲੋਂ ਕਈ ਕਮੇਟੀਆਂ ਬਣਾਕੇ ਕਈ ਸੂਬਿਆਂ ਦੇ ਮਹੱਤਵਪੂਰਨ ਨੇਤਾਵਾਂ ਨੂੰ ਅਹਿਮ ਜਿੰਮੇਵਾਰੀਆਂ ਸੌਂਪੀਆਂ ਗਈਆਂ ਹਨ। ਕਾਂਗਰਸ ਦੇ ਸੀਨੀਅਰ ਨੇਤਾ, ਬੁਲਾਰੇ ਅਤੇ ਸਾਬਕਾ ਕੇਂਦਰੀ ਮੰਤਰੀ ਮੁਨੀਸ਼ ਤਿਵਾੜੀ ਵੱਲੋਂ ਚੰਡੀਗੜ੍ਹ ਲੋਕ ਸਭਾ ਹਲਕੇ ਵਿੱਚ ਸਿਆਸੀ ਗਤੀਵਿਧੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਸ਼ੁਰੂਆਤੀ ਦੌਰ ਵਿੱਚ ਮੁਨੀਸ਼ ਤਿਵਾੜੀ ਨੂੰ ਜਿੱਥੇ ਭਾਜਪਾ ਦੇ ਮੌਜੂਦਾ ਲੋਕ ਸਭਾ ਮੈਂਬਰ ਅਤੇ ਫਿਲਮੀ ਹਸਤੀ ਕਿਰਨ ਖੇਰ ਦੇ ਵੋਟ ਬੈਂਕ ਨੂੰ ਸੰਨ੍ਹ ਲਗਾਉਣ ਲਈ ਦੋਹਰੀ ਮੁਸ਼ੱਕਤ ਕਰਨੀ ਪਵੇਗੀ, ਉੱਥੇ ਕਾਂਗਰਸ ਦੀ ਟਿਕਟ ਨੂੰ ਪੱਕਿਆਂ ਕਰਨ ਦੇ ਲਈ ਸਾਬਕਾ ਰੇਲਵੇ ਮੰਤਰੀ ਪਵਨ ਬਾਂਸਲ ਨਾਲ ਸਿਆਸੀ ਤਿਕੜਮ ਬਾਜੀ ਦੇ ਦੌਰ ਵਿੱਚੋਂ ਵੀ ਨਿਕਲਣਾ ਪਵੇਗਾ। ਕਿਉਂਕਿ ਪਵਨ ਬਾਂਸਲ ਦਾ ਵੀ ਕਾਂਗਰਸ ਹਾਈ ਕਮਾਂਡ ਵਿੱਚ ਜਿੱਥੇ ਚੰਗਾ ਆਧਾਰ ਹੈ ਉਥੇ ਟਕਸਾਲੀ ਕਾਂਗਰਸੀਆਂ ਨੂੰ ਆਪਣੇ ਖੇਮੇ ਵਿੱਚ ਹੀ ਰੱਖਣ ਲਈ ਮਾਹਿਰ ਸਮਝੇ ਜਾਂਦੇ ਹਨ। ਹਰ ਕਾਂਗਰਸੀ ਦੇ ਦੁੱਖ ਸੁੱਖ ਵਿੱਚ ਖੜਨਾ ਅਤੇ ਚੰਡੀਗੜ੍ਹ ਦੇ ਅਹਿਮ ਵੋਟ ਬੈਂਕ ਝੁੱਗੀਆਂ ਵਿਚਲੇ ਵਸਿੰਦਿਆਂ ਦੇ ਨਾਲ ਨਾਲ ਪੋਸ਼ ਏਰੀਏ ਵਿੱਚ ਵੀ ਮਹੱਤਵਪੂਰਨ ਮੌਕਿਆਂ ਉਤੇ ਆਪਣੀ ਹਾਜਰੀ ਯਕੀਨੀ ਬਨਾਉਣਾ ਜਰੂਰੀ ਸਮਝਦੇ ਹਨ। ਦੋ ਦਿੱਗਜ ਕਾਂਗਰਸੀ ਨੇਤਾਵਾਂ ਬਾਂਸਲ ਅਤੇ ਤਿਵਾੜੀ ਵੱਲੋਂ ਆਪੋ ਆਪਣੀ ਹੋਂਦ ਦਾ ਪ੍ਰਗਟਾਵਾ ਕਰਨ ਦੇ ਲਈ ਵੱਖੋ ਵੱਖਰੇ ਤੌਰ 'ਤੇ ਸ਼ੁਰੂ ਕੀਤੀਆਂ ਗਈਆਂ ਰਾਜਨੀਤਿਕ ਸਰਗਰਮੀਆਂ ਤੋਂ ਕਾਂਗਰਸੀ ਚਿੰਤਕ ਡਾਹਢੇ ਪਰੇਸ਼ਾਨ ਦਿਖਾਈ ਦੇ ਰਹੇ ਹਨ। ਚੰਡੀਗੜ੍ਹ ਦੇ ਵੋਟਰ ਅਤੇ ਪੁਰਾਣੇ ਕਾਂਗਰਸੀ ਰਮਨਦੀਪ ਸਿੰਘ ਗਰੇਵਾਲ ਅਤੇ ਪ੍ਰਸਿੱਧ ਵਪਾਰੀ ਅਤੇ ਕਾਂਗਰਸੀ ਚਿੰਤਕ ਮੁਨੀਸ਼ ਹਰੀ ਮਹਾਜਨ ਅਨੁਸਾਰ ਸਾਬਕਾ ਕੇਂਦਰੀ ਨੇਤਾਵਾਂ ਪਵਨ ਬਾਂਸਲ ਅਤੇ ਮੁਨੀਸ਼ ਤਿਵਾੜੀ ਵੱਲੋਂ ਅਲੱਗ ਅਲੱਗ ਤੋਰ ਤੇ ਸ਼ੁਰੂ ਕੀਤੀਆਂ ਗਈਆਂ ਸਰਗਰਮੀਆਂ ਸਿਰਫ ਟਿਕਟ ਪ੍ਰਾਪਤੀ ਲਈ ਹੀ ਕਸ਼ਮਕਸ਼ ਕਹੀ ਜਾ ਸਕਦੀ ਹੈ। ਇਸ ਨਾਲ ਜਿੱਥੇ ਕਾਂਗਰਸ ਪਾਰਟੀ ਦਾ ਜੰਨਤਾ-ਜਨਾਰਧਨ ਵਿੱਚ ਸੁਨੇਹਾ ਠੀਕ ਨਹੀ ਜਾ ਰਿਹਾ ਉੱਥੇ ਟਕਸਾਲੀ ਅਤੇ ਕਾਫੀ ਸਮੇਂ ਤੋਂ ਚੁੱਪ ਬੈਠੇ ਕਾਂਗਰਸੀ ਵੀ ਭੰਬਲਭੂਸੇ ਵਾਲੀ ਸਥਿਤੀ ਵਿੱਚੋਂ ਗੁਜ਼ਰ ਰਹੇ ਹਨ ਕਿ ਉਹ ਆਖਰ ਕਿਸ ਨੇਤਾ ਨਾਲ ਚੱਲਣ। ਮੁਨੀਸ਼ ਹਰੀ ਮਹਾਜਨ ਹੋਰਾਂ ਕਿਹਾ ਕਿ ਬੇਸ਼ੱਕ ਚੋਣਾਂ ਵਿੱਚ ਹਾਲੇ ਕਾਫੀ ਸਮਾਂ ਹੈ ਪ੍ਰੰਤੂ ਕਾਂਗਰਸ ਹਾਈ ਕਮਾਂਡ ਨੂੰ ਚੰਡੀਗੜ੍ਹ ਦੇ ਲਈ ਇਸ ਨਾਜ਼ੁਕ ਸਥਿਤੀ ਨੂੰ ਸਮਾਂ ਰਹਿੰਦਿਆਂ ਸੰਭਾਲਦਿਆਂ ਕਿਸੇ ਵੀ ਇਕ ਨੇਤਾ ਨੂੰ ਚੋਣ ਪਿੜ ਵਿੱਚ ਵਿਚਰਨ ਦੇ ਲਈ ਹਰੀ ਝੰਡੀ ਦੇਣੀ ਚਾਹੀਦੀ ਹੈ ਤਾਂ ਕਿ ਪੁਰਾਣੇ ਕਾਂਗਰਸੀ ਇਸ ਭੰਬਲਭੂਸੇ ਵਾਲੀ ਸਥਿਤੀ ਵਿੱਚੋਂ ਸਮੇਂ ਸਿਰ ਨਿਕਲ ਸਕਣ ਅਤੇ ਕਾਂਗਰਸ ਹਾਈ ਕਮਾਂਡ ਨੂੰ ਅਗਾਮੀ ਲੋਕ ਸਭਾ ਚੋਣਾਂ ਨੂੰ ਲੈ ਕੇ ਸਹੀ ਫੀਡ ਬੈਕ ਮਿਲ ਸਕੇ। ਪਵਨ ਬਾਂਸਲ ਅਤੇ ਮੁਨੀਸ਼ ਤਿਵਾੜੀ ਦੇ ਸਿਆਸੀ ਬਾਣਾ ਸੰਬੰਧੀ ਰਾਜਨੀਤਿਕ ਮਾਹਰਾਂ ਦਾ ਸਪੱਸਟ ਕਹਿਣਾ ਹੈ ਕਿ ਇਸ ਸਭ ਕਾਸੇ ਤੋਂ ਕਾਂਗਰਸ ਹਾਈ ਕਮਾਂਡ ਭਲੀ ਭਾਂਤ ਵਾਕਿਫ ਹੈ

# ਕੈਨੇਡਾ 'ਚ ਗੈਂਗਸਟਰਾਂ ਦੇ ਜਾਲ 'ਚ ਲਗਾਤਾਰ ਫਸ ਰਹੇ ਨੇ ਪੰਜਾਬੀ ਨੌਜਵਾਨ

## ਗੈਂਗਸਟਰ ਆਪਣੀ ਗੈਂਗ 'ਚ ਨੌਜਵਾਨਾਂ ਨੂੰ ਸ਼ਾਮਲ ਕਰ ਕੇ ਉਨ੍ਹਾਂ ਦੀ ਕਰ ਰਹੇ ਹਨ ਦੁਰਵਰਤੋਂ



ਵੈਨਕੂਵਰ, ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ 'ਚ ਰਹਿ ਰਹੇ ਪੰਜਾਬੀਆਂ 'ਚੋਂ ਕਈ ਨੌਜਵਾਨ ਨਸ਼ਿਆਂ ਅਤੇ ਹਥਿਆਰਾਂ ਦੀ ਦਲਦਲ 'ਚ ਫਸ ਕੇ ਆਪਣੀ ਜਾਨ ਗੁਆ ਰਹੇ ਹਨ। ਇਨ੍ਹਾਂ ਨੌਜਵਾਨਾਂ ਦੇ ਪਰਿਵਾਰਾਂ ਵਲੋਂ ਅਤੇ ਭਾਈਚਾਰੇ ਵਲੋਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ ਕਿ ਉਹ ਉਨ੍ਹਾਂ ਨੂੰ ਰੋਕ ਲੈਣ ਪਰ ਫਿਰ ਵੀ ਕਈ ਨੌਜਵਾਨ ਕੁਰਾਹੇ ਪੈ ਰਹੇ ਹਨ। ਗੈਂਗਵਾਰਾਂ ਕਾਰਨ ਸੈਂਕੜੇ ਘਰ ਬਰਬਾਦ ਹੋ ਚੁੱਕੇ ਹਨ, ਇਸ ਲਈ ਅਜੇ ਵੀ ਨੌਜਵਾਨਾਂ ਨੂੰ ਸਮਝ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਗਲਤੀ ਕਾਰਨ ਵੱਡਾ ਨੁਕਸਾਨ ਹੋ ਰਿਹਾ ਹੈ, ਜਿਸ ਨੂੰ ਭਰਨਾ ਮੁਸ਼ਕਲ ਹੈ। ਬਹੁਤ ਸਾਰੇ ਨੌਜਵਾਨ ਤਾਂ ਆਪਣੇ ਨਾਂਵਾਂ ਨਾਲ ਗੈਂਗਸਟਰ ਲਿਖਵਾਉਣ ਦੇ ਗਲਤ ਸ਼ੌਂਕ 'ਚ ਹੀ ਜ਼ਿੰਦਗੀ ਬਰਬਾਦ ਕਰ ਰਹੇ ਹਨ ਪਰ ਉਹ ਕਦੇ ਇਹ ਨਹੀਂ ਸੋਚਦੇ ਕਿ ਉਨ੍ਹਾਂ ਕਾਰਨ ਉਨ੍ਹਾਂ ਦੇ ਪਰਿਵਾਰਾਂ ਨੂੰ ਕਿੰਨੀ ਨਮੋਸ਼ੀ ਝੱਲਣੀ ਪੈ ਰਹੀ ਹੈ। ਇਕ ਰਿਪੋਰਟ ਮੁਤਾਬਕ ਵੱਡੇ ਗੈਂਗਸਟਰ ਆਪਣੀ ਗੈਂਗ 'ਚ ਪੰਜਾਬੀ ਨੌਜਵਾਨਾਂ ਨੂੰ ਸ਼ਾਮਲ ਕਰ ਕੇ ਉਨ੍ਹਾਂ ਦੀ ਦੁਰਵਰਤੋਂ ਕਰ ਰਹੇ ਹਨ ਪਰ ਸਾਡੇ ਪੰਜਾਬੀ ਨੌਜਵਾਨ ਇਸ ਗੱਲ ਨੂੰ ਸਮਝ ਹੀ ਨਹੀਂ ਰਹੇ। ਇੱਥੇ ਰੈੱਡ ਸਕਾਰਪੀਅਨਜ਼, ਦਿ ਯੂਨਾਈਟਡ ਨੇਸ਼ਨਜ਼, ਹੈਲਜ਼ ਏਂਜਲਸ ਅਤੇ ਇੰਡੀਪੈਂਡਟ ਸੋਲਜ਼ਰਜ਼ ਦੇ ਨਾਂ ਹੇਠ ਵੱਡੇ ਗੈਂਗਸਟਰਾਂ ਦੇ ਗਰੁੱਪ ਬਣੇ ਹਨ, ਜੋ ਹਜ਼ਾਰਾਂ ਨੌਜਵਾਨਾਂ ਦੀਆਂ ਜ਼ਿੰਦਗੀਆਂ ਨਾਲ ਖੇਡ ਰਹੇ ਹਨ। ਰਾਇਲ ਕੈਨੇਡੀਅਨ ਮਾਊਂਟਡ ਪੁਲਸ (ਸਰੀ) 'ਚ ਕਮਿਊਨਿਟੀ ਸਰਵਿਸ ਅਫਸਰ ਸ਼ਾਉਨ ਗਿੱਲ ਨੇ ਇਸ 'ਤੇ ਗੱਲ ਕਰਦਿਆਂ ਕਿਹਾ ਕਿ ਨੌਜਵਾਨਾਂ ਨੂੰ ਆਪ ਹੀ ਇੰਨੀ ਕੁ ਸਮਝ ਰੱਖਣੀ ਚਾਹੀਦੀ ਹੈ ਕਿ ਉਹ ਕਿਸੇ ਗਲਤ ਕੰਮ 'ਚ ਨਾ ਪੈਣ ਪਰ ਦਿਨੋਂ-ਦਿਨ ਕੈਨੇਡਾ 'ਚ ਗੈਂਗਸਟਰਾਂ ਦੀ ਗਿਣਤੀ 'ਚ ਵਾਧਾ ਹੋ ਰਿਹਾ ਹੈ ਜੋ ਮੰਦਭਾਗੀ ਗੱਲ ਹੈ। ਬ੍ਰਿਟਿਸ਼ ਕੋਲੰਬੀਆ ਦੀ ਪੁਲਸ ਵਲੋਂ ਜਾਰੀ ਇਕ ਰਿਪੋਰਟ 'ਚ ਦੱਸਿਆ ਗਿਆ ਸੀ ਕਿ ਵੈਨਕੂਵਰ 'ਚ ਹੋਣ ਵਾਲੀਆਂ ਹਿੰਸਕ ਘਟਨਾਵਾਂ 'ਚ 33 ਫੀਸਦੀ ਪੰਜਾਬੀ ਗੈਂਗਸਟਰਾਂ ਦਾ ਹੱਥ ਹੈ। ਉਹ ਕੁਰਾਹੇ ਪੈ ਕੇ ਆਪਣੀ ਅਤੇ ਆਪਣੇ ਪਰਿਵਾਰ ਦੀ ਜ਼ਿੰਦਗੀ ਦਾਅ 'ਤੇ ਲਗਾ ਰਹੇ ਹਨ। ਬਹੁਤ ਸਾਰੇ ਨੌਜਵਾਨ ਗੈਂਗਸਟਰਾਂ ਦੀ ਜ਼ਿੰਦਗੀ ਨੂੰ ਛੱਡ ਕੇ ਸਾਧਾਰਣ ਜ਼ਿੰਦਗੀ ਜੀਅ ਰਹੇ ਹਨ। ਉਨ੍ਹਾਂ 'ਚੋਂ ਇਕ ਨੇ ਦੱਸਿਆ ਕਿ ਵਧੇਰੇ ਨੌਜਵਾਨ ਹਿੰਸਾ ਪਸੰਦ ਨਹੀਂ ਕਰਦੇ ਪਰ ਉਹ ਸਿਰਫ ਖੁਦ ਨੂੰ ਤਾਕਤਵਰ ਦਿਖਾਉਣ ਲਈ ਹੀ ਇਸ ਨਰਕ 'ਚ ਜਾਂਦੇ ਹਨ। ਭਟਕੇ ਹੋਏ ਨੌਜਵਾਨਾਂ ਕੋਲ ਅਜੇ ਵੀ ਸਮਾਂ ਹੈ ਕਿ ਉਹ ਸੁਧਰ ਜਾਣ ਅਤੇ ਆਪਣੀ, ਆਪਣੇ ਪਰਿਵਾਰ ਤੇ ਭਾਈਚਾਰੇ ਦੀ ਬੇਇੱਜ਼ਤੀ ਨਾ ਕਰਵਾਉਣ।

# ਭਾਰਤ 'ਚ ਔਰਤਾਂ ਦੀ ਹਾਲਦ ਕੀਨੀਆ ਨਾਲੋਂ ਵੀ ਖਰਾਬ



ਨਵੀਂ ਦਿੱਲੀ, : ਭਾਰਤ 'ਚ ਭਾਵੇਂ ਔਰਤਾਂ ਦੀ ਸੁਰੱਖਿਆ ਸਬੰਧੀ ਸਰਕਾਰਾਂ ਕਈ ਕਦਮ ਉਠਾ ਰਹੀਆਂ ਹਨ ਪਰ ਹਕੀਕਤ ਇਹ ਹੈ ਕਿ ਭਾਰਤ 'ਚ ਇਸ ਸਮੇਂ ਔਰਤਾਂ ਦੀ ਸਥਿਤੀ ਕੀਨੀਆ ਨਾਲੋਂ ਵੀ ਖਰਾਬ ਹੈ। ਲੈਂਗਿਕ ਸਮਾਨਤਾ ਦੇ ਸਬੰਧ 'ਚ ਆਈ ਇਕ ਰਿਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ 'ਚ ਔਰਤਾਂ ਦੀ ਹਾਲਤ ਇੰਡੋਨੇਸ਼ੀਆ, ਕੀਨੀਆ, ਸ਼ੈਨੇਗਲ, ਕੋਲੰਬੀਆ ਅਤੇ ਅਲ ਸਲਵਾਡੋਰ ਨਾਲੋਂ ਵੀ ਖਰਾਬ ਹੈ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂ.ਐੱਨ.ਡੀ.ਪੀ.) ਵਲੋਂ ਤਿਆਰ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਭਾਰਤ 'ਚ ਆਰਥਿਕ ਤਰੱਕੀ ਦੇ ਨਾਲ-ਨਾਲ ਔਰਤਾਂ ਦੇ ਖਿਲਾਫ ਅਪਰਾਧ 'ਚ ਵੀ ਤੇਜ਼ੀ ਆਈ ਹੈ। ਭਾਰਤੀ ਔਰਤਾਂ 'ਚ ਕੁਪੋਸ਼ਣ ਦਾ ਪੱਧਰ ਬਹੁਤ ਜ਼ਿਆਦਾ ਹੈ। ਇੰਨਾ ਹੀ ਨਹੀਂ ਬਾਲ ਵਿਆਹ ਅਤੇ 18 ਸਾਲ ਦੀ ਉਮਰ ਤੋਂ ਪਹਿਲਾਂ ਜ਼ਬਰਦਸਤੀ ਵਿਆਹ ਦੇ ਮਾਮਲੇ 'ਚ ਭਾਰਤ ਦੂਸਰੇ ਨੰਬਰ 'ਤੇ ਹੈ। ਰਿਪੋਰਟ ਦੀ ਮੰਨੀਏ ਤਾਂ ਭਾਰਤ 'ਚ ਐਨੀਮੀਆ ਨਾਲ ਪੀੜਤ ਔਰਤਾਂ ਦੀ ਗਿਣਤੀ ਇੰਡੋਨੇਸ਼ੀਆ, ਕੀਨੀਆ, ਸ਼ੈਨੇਗਲ, ਕੋਲੰਬੀਆ ਅਤੇ ਅਲ ਸਲਵਾਡੋਰ ਦੇ ਮੁਕਾਬਲੇ ਦੁੱਗਣੀ ਹੈ। ਪ੍ਰਜਨਨ ਸਬੰਧੀ ਸਿਹਤ ਸਹੂਲਤਾਂ ਦੀ ਗੁਣਵੱਤਾ ਅਤੇ ਔਰਤਾਂ ਦੀ ਆਰਥਿਕ ਸਥਿਤੀ ਦਾ ਪੈਮਾਨੇ ਨੂੰ ਆਧਾਰ ਬਣਾਉਂਦੇ ਹੋਏ ਭਾਰਤ, ਇੰਡੋਨੇਸ਼ੀਆ, ਕੀਨੀਆ, ਸ਼ੈਨੇਗਲ, ਅਲ ਸਲਵਾਡੋਰ ਅਤੇ ਕੋਲੰਬੀਆ 'ਚ ਸਰਵੇ ਕਰਵਾਇਆ ਗਿਆ। ਸਰਵੇਖਣ 'ਚ ਕਿਹਾ ਗਿਆ ਹੈ ਕਿ ਲੈਂਗਿਕ ਸਮਾਨਤਾ ਦੇ ਲਿਹਾਜ ਨਾਲ ਦੇਖੀਏ ਤਾਂ 2018 'ਚ ਭਾਰਤੀ ਸੰਸਦ 'ਚ ਔਰਤਾਂ ਦੀ ਗਿਣਤੀ ਸਭ ਤੋਂ ਘੱਟ, ਸਿਰਫ 12 ਫੀਸਦੀ ਹੈ। ਸ਼ੈਨੇਗਲ ਦੀ ਸੰਸਦ 'ਚ ਮਹਿਲਾ ਪ੍ਰਤੀਨੀਧੀਆਂ ਦੀ ਗਿਣਤੀ 42 ਫੀਸਦੀ ਹੈ।


# 150 ਕਰੋੜ ਦੀ ਟੈਕਸ ਚੋਰੀ, 141 ਕਾਰੋਬਾਰੀਆਂ ਨੂੰ ਨੋਟਿਸ ਜਾਰੀ!

ਨਵੀਂ ਦਿੱਲੀ : ਦਿੱਲੀ ਸਰਕਾਰ ਨੇ ਡੂੰਘੀ ਜਾਂਚ ਤੋਂ ਬਾਅਦ 150 ਕਰੋੜ ਰੁਪਏ ਦੀ ਟੈਕਸ ਚੋਰੀ ਫੜੀ ਹੈ। ਇਸ 'ਚ 141 ਵਪਾਰੀਆਂ ਨੂੰ ਸ਼ਾਮਲ ਦੱਸਿਆ ਜਾ ਰਿਹਾ ਹੈ। ਵਿਕਰੀ ਅਤੇ ਟੈਕਸ ਵਿਭਾਗ ਨੇ ਇਨ੍ਹਾਂ ਵਪਾਰੀਆਂ ਦੇ ਖਿਲਾਫ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਹ ਮਾਮਲਾ ਵਿੱਤੀ ਸਾਲ 2015-16 ਦਾ ਹੈ ਜੋ ਹੁਣ ਪ੍ਰਕਾਸ਼ 'ਚ ਆਇਆ ਹੈ। ਇਸ ਨੂੰ ਦੇਖਦੇ ਹੋਏ 1938 ਕਰੋੜ ਰੁਪਏ ਦੇ ਸੀ ਅਤੇ ਐੱਫ ਫਾਰਮ ਤੱਤਕਾਲ ਪ੍ਰਭਾਵ ਨਾਲ ਰੱਦ ਕਰ ਦਿੱਤੇ ਗਏ ਹਨ। ਵਿਭਾਗ ਨੇ ਟੈਕਸ ਚੋਰੀ ਕਰਨ ਵਾਲੇ ਵਪਾਰੀਆਂ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਦੱਸ ਦੇਈਏ ਕਿ ਵਰਤਮਾਨ 'ਚ 6.5 ਲੱਖ ਵਪਾਰੀ ਦਿੱਲੀ 'ਚ ਜੀ.ਐੱਸ.ਟੀ. ਦੇ ਅਧੀਨ ਪੰਜੀਕ੍ਰਿਤ ਹਨ। ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਕੌਮਾਂਤਰੀ ਖਰੀਦ ਵਿਕਰੀ 'ਚ ਘਪਲਾ ਫੜਿਆ ਗਿਆ ਹੈ। ਦਿੱਲੀ ਸਰਕਾਰ ਦੇ ਜੀ.ਐੱਸ.ਟੀ. ਕਮਿਸ਼ਨ ਐੱਚ. ਰਾਜੇਸ਼ ਪ੍ਰਸਾਦ ਦੇ ਨਿਰਦੇਸ਼ਕ 'ਤੇ ਇਹ ਕਾਰਵਾਈ ਕੀਤੀ ਗਈ ਹੈ। ਡੂੰਘੀ ਜਾਂਚ ਤੋਂ ਬਾਅਦ ਜੀ.ਐੱਸ.ਟੀ. ਕਮਿਸ਼ਨ ਨੇ ਵਪਾਰੀਆਂ ਤੋਂ ਇਹ ਰਾਸ਼ੀ ਵਸੂਲਣ ਦੀ ਪ੍ਰਕਿਰਿਆ ਸ਼ੁਰੂ ਕਰਨ ਦਾ ਆਦੇਸ਼ ਦਿੱਤਾ ਹੈ। ਇਸ ਨਾਲ ਦਿੱਲੀ ਸਰਕਾਰ ਦੇ ਰਾਜਸਵ 'ਚ ਵੀ ਵਾਧਾ ਹੋਵੇਗਾ। ਜਾਂਚ 'ਚ ਪਤਾ ਚੱਲਿਆ ਹੈ ਕਿ 141 ਵਪਾਰੀਆਂ ਨੇ ਆਨਲਾਈਨ ਫਾਰਮ ਭਰਨ ਦੀ ਪ੍ਰਕਿਰਿਆ 'ਚ ਭਾਰੀ ਗਲਤ ਵਰਤੋਂ ਕੀਤੀ ਹੈ। ਆਨਲਾਈਨ ਸਿਸਟਮ ਵਲੋਂ ਕਈ ਵਪਾਰੀਆਂ ਨੇ ਗਲਤ ਜਾਣਕਾਰੀ ਦਿੱਤੀ ਹੈ। ਵਪਾਰੀਆਂ ਨੇ ਭਾਰੀ ਮਾਤਰਾ 'ਚ ਖਰੀਦ ਦਰਸਾਈ, ਪਰ ਮਾਲ ਕਿਥੇ ਵੇਚਿਆ ਅਤੇ ਟੈਕਸ ਕਿੰਝ ਚੁਕਾਇਆ, ਇਸ 'ਤੇ ਚੁੱਪੀ ਰੱਖੀ। ਕਈ ਮਾਮਲਿਆਂ 'ਚ ਨਿਯਮਾਂ



ਨੂੰ ਤਾਕ 'ਚ ਰੱਖ ਕੇ ਆਨਲਾਈਨ ਪ੍ਰਕਿਰਿਆ 'ਚ ਹੇਰਾਫੇਰੀ ਕੀਤੀ ਗਈ ਹੈ। 1234.55 ਕਰੋੜ ਦੇ ਸੀ ਫਾਰਮ ਅਤੇ 703.65 ਕਰੋੜ ਰੁਪਏ ਦੇ ਐੱਫ ਫਾਰਮ ਦੀ ਡੂੰਘੀ ਜਾਂਚ ਸ਼ੁਰੂ ਕੀਤੀ ਗਈ। ਟੈਕਸ ਚੋਰੀ ਫੜੇ ਜਾਣ 'ਤੇ ਇਸ ਫਾਰਮ ਨੂੰ ਰੱਦ ਕਰ ਦਿੱਤਾ ਗਿਆ ਹੈ। ਜਿਨ੍ਹਾਂ ਡੀਲਰਾਂ ਦੇ ਫਾਰਮ ਰੱਦ ਕੀਤੇ ਗਏ ਹਨ ਉਨ੍ਹਾਂ ਨੂੰ ਕੌਮਾਂਤਰੀ ਪੱਧਰ 'ਤੇ ਖਰੀਦ ਕੀਤੀ ਹੈ। ਅਜਿਹੇ ਵਪਾਰੀਆਂ ਨੇ ਆਪਣੀ ਰਿਟਰਨ ਵੀ ਨਹੀਂ ਭਰੀ। ਹੁਣ ਨਿਯਮਾਨੁਸਾਰ ਉਨ੍ਹਾਂ ਨੂੰ 150 ਕਰੋੜ ਰੁਪਏ ਦੀ ਟੈਕਸ ਚੋਰੀ ਚੁਕਾਉਣੀ ਹੋਵੇਗੀ। ਦੱਸ ਦੇਈਏ ਕਿ ਐੱਫ ਫਾਰਮ ਦੀ ਵਰਤੋਂ ਇਕ ਕੰਪਨੀ ਵਲੋਂ ਸਟਾਕ ਟਰਾਂਸਫਰ ਦੇ ਲਈ ਕੀਤੀ ਜਾਂਦਾ ਹੈ, ਜਦੋਂ ਕਿ ਸੀ ਫਾਰਮ ਦੀ ਵਰਤੋਂ ਕੌਮਾਂਤਰੀ ਖਰੀਦ ਵਿਕਰੀ 'ਚ ਕੀਤੀ ਜਾਂਦੀ ਹੈ।

# ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓਢੀ ਨੂੰ ਲਾਏ ਨਵੇਂ ਦਰਵਾਜ਼ੇ





ਅੰਮ੍ਰਿਤਸਰ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓਢੀ ਦੇ ਨਵੇਂ ਦਰਵਾਜ਼ਿਆਂ ਨੂੰ ਪੰਥਕ ਮਰਿਆਦਾ ਅਨੁਸਾਰ ਤੇ ਅਰਦਾਸ ਉਪਰੰਤ ਅੱਜ ਸਥਾਪਤ ਕਰ ਦਿੱਤਾ ਗਿਆ ਹੈ। ਪੁਰਾਣੇ ਦਰਵਾਜ਼ਿਆਂ ਦੀ ਹਾਲਤ ਖਸਤਾ ਹੋਣ ਕਾਰਨ ਉਤਾਰ ਦਿੱਤੇ ਗਏ ਸਨ ਅਤੇ ਹੁਣ ਨਵੇਂ ਦਰਵਾਜ਼ੇ ਲਾਏ ਗਏ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਸਾਲ 2010 ਵਿੱਚ ਇਹ ਦਰਵਾਜ਼ੇ ਉਤਾਰੇ ਗਏ ਸਨ ਤੇ ਮੁਰੰਮਤ ਦੀ ਹਾਲਤ ਵਿੱਚ ਨਾ ਹੋਣ ਕਾਰਨ ਨਵੇਂ ਦਰਵਾਜ਼ੇ ਲਗਾਏ ਗਏ ਸਨ। ਇਨ੍ਹਾਂ ਦਰਵਾਜ਼ਿਆਂ ਵਿੱਚ 6 ਕੁਇੰਟਲ ਟਾਹਲੀ ਦੀ ਲੱਕੜ ਤੇ ਸਵਾ ਕੁਇੰਟਲ ਚਾਂਦੀ ਤੇ ਸਮੁੰਦਰੀ ਸਿੱਪੀ ਦੀ ਵਰਤੋਂ ਕੀਤੀ ਗਈ ਹੈ। ਹਾਲਾਂਕਿ, ਸੋਸ਼ਲ ਮੀਡਿਆ ਤੇ ਇਹ ਪ੍ਰਚਾਰ ਕੀਤਾ ਜਾ ਰਿਹਾ ਸੀ ਕਿ ਪੁਰਾਣੇ ਦਰਵਾਜਿਆਂ ਨੂੰ ਸੋਮਨਾਥ ਮੰਦਿਰ ਭੇਜਿਆ ਜਾਵੇਗਾ ਪਰ ਐਸਜੀਪੀਸੀ ਨੇ ਇਸ ਦਾ ਖੰਡਨ ਕਰਦਿਆਂ ਕਿਹਾ ਕਿ ਇਨ੍ਹਾਂ ਦਰਵਾਜ਼ਿਆਂ ਨੂੰ ਸ਼ੀਸ਼ੇ ਦਾ ਫਰੇਮ ਕਰਕੇ ਸੰਗਤਾਂ ਦੇ ਦਰਸ਼ਨ ਵਾਸਤੇ ਰੱਖਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪੁਰਾਣੇ ਦਰਵਾਜ਼ੇ ਤਕਰੀਬਨ 200 ਸਾਲ ਪੁਰਾਣੇ ਤੇ ਇਤਿਹਾਸਿਕ ਸਨ, ਉਨ੍ਹਾਂ ਦਰਵਾਜ਼ਿਆਂ ਨੂੰ ਸੀਸ਼ੇ ਦੇ ਫਰੇਮ ਵਿੱਚ ਕਰਵਾ ਕੇ ਸੰਗਤਾਂ ਦੇ ਦਰਸ਼ਨਾਂ ਵਾਸਤੇ ਰੱਖੇ ਜਾਣਗੇ। ਦਰਵਾਜ਼ਿਆਂ ਦੀ ਕਾਰ ਸੇਵਾ ਕਰਨ ਵਾਲੇ ਸੰਤ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨੇ ਦੱਸਿਆ ਕਿ ਇਨ੍ਹਾਂ ਦਰਵਾਜ਼ਿਆਂ ਨੂੰ 20 ਕਾਰੀਗਰਾਂ ਨੇ ਕਰੀਬ ਇੱਕ ਸਾਲ ਵਿੱਚ ਤਿਆਰ ਕੀਤੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ 2010 ਹਾਥੀ ਦੰਦ ਨਾ ਮਿਲਣ ਕਾਰਨ ਇਹ ਨਵੇਂ ਦਰਵਾਜ਼ੇ ਲੱਗਣ ਵਿੱਚ ਦੇਰੀ ਹੋਈ ਹੈ। ਉਨ੍ਹਾਂ ਕਰਨਾਲ ਦੇ ਗੁਰਦੁਆਰਾ ਸਾਹਿਬ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਤਸਵੀਰ ਲੱਗੀ ਹੋਣ ਕਾਰਨ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਵੱਲੋਂ ਉੱਥੇ ਜਾਣ ਤੋਂ ਇਨਕਾਰ ਕਰਨ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਇਹੋ ਜਿਹੀ ਸੌੜੀ ਸੋਚ ਵਾਲੇ ਵਿਅਕਤੀ ਨੂੰ ਮੁੱਖ ਮੰਤਰੀ ਬਣਾਉਣਾ ਹੀ ਨਹੀਂ ਚਾਹੀਦਾ ਹੈ ਅਤੇ ਖੱਟਰ ਨੂੰ ਸਿੱਖ ਕੌਮ ਤੋਂ ਮਾਫੀ ਮੰਗਣੀ ਚਾਹੀਦੀ ਹੈ।

# ਮਾਇਆਵਤੀ ਦੇ 'ਹਾਥੀ' ਬ਼ਗੈਰ ਕਾਂਗਰਸ ਦਾ 'ਹੱਥ' ਕਮਜ਼ੋਰ

ਭੋਪਾਲ, 4 ਅਕਤੂਬਰ (ਚ.ਨ.ਸ.): ਦਸ ਦਿਨਾਂ ਦੇ ਅੰਦਰ ਬਸਪਾ ਨੇ ਕਾਂਗਰਸ ਨੂੰ ਦੂਜਾ ਵੱਡਾ ਝਟਕਾ ਦੇ ਕੇ ਪਾਰਟੀ ਦੀ ਚੋਣ ਰਣਨੀਤੀ ਨੂੰ ਖਰਾਬ ਕਰ ਦਿੱਤਾ ਹੈ। ਹੁਣ ਇਕ ਨਵੀਂ ਰਣਨੀਤੀ ਨਾਲ ਕਾਂਗਰਸ ਪਾਰਟੀ ਨੂੰ ਮੱਧ ਪ੍ਰਦੇਸ਼ ਤੇ ਰਾਜਸਥਾਨ ਵਿੱਚ ਭਾਜਪਾ ਨੂੰ ਟੱਕਰ ਦੇਣੀ ਪਵੇਗੀ। ਪਰ ਪਾਰਟੀ ਨੇ ਅਜੇ ਬਸਪਾ ਸੁਪਰੀਮੋ ਮਾਇਆਵਤੀ ਦੇ ਬਿਆਨ ਬਾਰੇ ਬਹੁਤ ਨਰਮ ਹੁੰਗਾਰਾ ਦਿੱਤਾ ਹੈ। ਕਾਂਗਰਸ ਲਈ ਲੋਕ ਸਭਾ ਚੋਣਾਂ ਦੌਰਾਨ ਉੱਤਰ ਪ੍ਰਦੇਸ਼ ਵਿੱਚ ਸਮਾਜਵਾਦੀ ਪਾਰਟੀ ਤੇ ਬਸਪਾ ਨਾਲ ਗੱਠਜੋੜ ਦਾ ਵਿਕਲਪ ਅਜੇ ਵੀ ਖੁੱਲ੍ਹਿਆ ਹੈ। ਸੀਨੀਅਰ ਪਾਰਟੀ ਨੇਤਾ ਰਣਦੀਪ ਸੂਰਜੇਵਾਲਾ ਨੇ ਕਿਹਾ ਕਿ ਬਸਪਾ ਸੁਪਰੀਮੋ ਨੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਤੇ ਸੀਨੀਅਰ ਆਗੂ ਸੋਨੀਆ ਗਾਂਧੀ ਵਿੱਚ ਆਪਣਾ ਵਿਸ਼ਵਾਸ ਪ੍ਰਗਟਾਇਆ ਹੈ। ਕੋਈ ਵੀ ਚੌਥਾ ਵਿਅਕਤੀ ਵਿਚਾਲੇ ਨਹੀਂ ਆ ਸਕਦਾ ਉਸ ਨੇ ਕਿਹਾ ਕਿ ਜੇ ਕੱਪੜੇ ਵਿੱਚ ਵੱਟ ਪੈ ਗਏ ਹਨ ਤਾਂ ਪਿਆਰ ਨਾਲ ਉਨ੍ਹਾਂ ਨੂੰ ਦੂਰ ਕਰ ਲਵਾਂਗੇ। ਸੁਰਜੇਵਾਲਾ ਨੇ ਇਹ ਵੀ ਕਿਹਾ ਕਿ ਇਨ੍ਹਾਂ ਰਾਜਾਂ ਵਿਚ ਭਾਜਪਾ ਦੀ ਤਬਾਹੀ ਲਈ ਜੋ ਸਾਡੇ ਨਾਲ ਚੱਲੂ ਉਸਦਾ ਦਾ ਸਵਾਗਤ ਹੈ। ਜੋ ਨਹੀਂ ਚੱਲ ਸਕਦਾ, ਉਹ ਆਪਣੇ ਰਾਹ ਤੇ ਤੁਰ ਸਕਦਾ ਹੈ।



**ਐਮਪੀ ਵਿੱਚ ਛੇ ਫੀਸਦੀ ਵੋਟਾਂ**

ਮੱਧ ਪ੍ਰਦੇਸ਼ ਵਿੱਚ ਬਸਪਾ ਦੇ ਚਾਰ ਵਿਧਾਇਕ ਹਨ ਤੇ ਸਾਢੇ ਛੇ ਫੀਸਦੀ ਵੋਟਾਂ ਹਨ। 2008 ਦੀਆਂ ਚੋਣਾਂ ਵਿਚ ਬਸਪਾ ਨੇ ਸੱਤ ਸੀਟਾਂ ਜਿੱਤੀਆਂ ਸਨ 2013 ਦੇ ਅੰਕੜੇ ਦਰਸਾਉਂਦੇ ਹਨ ਕਿ ਕਾਂਗਰਸ ਤੇ ਭਾਜਪਾ ਵਿੱਚ ਸਿਰਫ ਅੱਠ ਫੀਸਦੀ ਵੋਟਾਂ ਦਾ ਫਰਕ ਹੀ ਹੈ। ਮੱਧ ਪ੍ਰਦੇਸ਼ ਵਿਚ ਦਲਿਤਾਂ ਦੀ ਆਬਾਦੀ 15.2 ਫੀਸਦੀ ਹੈ। ਬਸਪਾ ਦਾ ਗ੍ਰਾਫ ਵਧ ਸਕਦਾ ਹੈ ਇਕ ਸੀਨੀਅਰ ਕਾਂਗਰਸ ਨੇਤਾ ਨੇ ਕਿਹਾ ਕਿ ਬਸਪਾ ਦੀ ਕਾਰਨ ਮੁਸ਼ਕਲਾਂ ਵਧਣਗੀਆਂ। ਕਿਉਂਕਿ ਪਿਛਲੀਆਂ ਚੋਣਾਂ ਵਿੱਚ ਬਸਪਾ ਨੇ ਇੱਕ ਦਰਜਨ ਸੀਟਾਂ ਉੱਤੇ ਕਾਂਗਰਸ-ਭਾਜਪਾ ਵਿਚਾਲੇ ਜਿੱਤ ਦੇ ਫਰਕ ਨਾਲੋਂ ਜ਼ਿਆਦਾ ਵੋਟਾਂ ਖਿੱਚੀਆਂ ਸਨ। ਐਸਸੀ/ਐਸਟੀ ਵਿਵਾਦ ਕਾਰਨ ਬਸਪਾ ਲਈ ਸਮਰਥਨ ਵਧ ਸਕਦਾ ਹੈ।

# ਮੈਂ ਸਿਆਸਤ 'ਚ ਆਈ ਤਾਂ ਤੀਜਾ ਵਿਸ਼ਵ ਯੁੱਧ ਸ਼ੁਰੂ ਹੋ ਜਾਵੇਗਾ : ਇੰਦਰਾ ਨੂਈ

ਨਿਊਯਾਰਕ — ਪੈਪਸੀਕੋ ਦੀ ਸਾਬਕਾ ਡਾਇਰੈਕਟਰ ਇੰਦਰਾ ਨੂਈ ਨੂੰ ਗੇਮ ਚੇਂਜਰ ਅਵਾਰਡ ਨਾਲ ਨਵਾਜਿਆ ਗਿਆ ਅਤੇ ਉਸ ਦੌਰਾਨ ਉਸ ਨੇ ਆਖਿਆ ਕਿ ਉਸ ਦੇ ਸਿਆਸਤ 'ਚ ਸ਼ਾਮਲ ਹੋਣ 'ਤੇ ਤੀਜਾ ਵਿਸ਼ਵ ਯੁੱਧ ਛਿੜ ਸਕਦਾ ਹੈ। ਏਸ਼ੀਆ 'ਚ ਸਿੱਖਿਆ 'ਤੇ ਫੋਕਸ ਕਰਨ ਵਾਲੇ ਐਨ. ਜੀ. ਓ. ਏਸ਼ੀਆ ਸੋਸਾਇਟੀ ਨੇ ਨੂਈ ਨੂੰ ਉਨ੍ਹਾਂ ਦੇ ਬਿਜਨੈੱਸ ਅਚੀਵਮੈਂਟ, ਮਨੁੱਖਤਾਵਾਦੀ ਰਿਕਾਰਡ ਅਤੇ ਦੁਨੀਆ 'ਚ ਔਰਤਾਂ ਅਤੇ ਕੁੜੀਆਂ ਲਈ ਅਕਸਰ ਵਕਾਲਤ ਕਰਨ ਲਈ ਉਨ੍ਹਾਂ ਨੂੰ ਇਸ ਅਵਾਰਡ ਨਾਲ ਨਵਾਜਿਆ ਗਿਆ। ਇਸ ਸਾਲ ਫਰਵਰੀ 'ਚ ਨੂਈ ਨੂੰ ਆਈ. ਸੀ. ਸੀ. ਦੀ ਪਹਿਲੀ ਮਹਿਲਾ ਡਾਇਰੈਕਟਰ ਦੇ ਰੂਪ 'ਚ ਨਿਯੁਕਤ ਕੀਤਾ ਗਿਆ ਸੀ। ਪ੍ਰੋਗਰਾਮ 'ਚ ਸਵਾਲ-ਜਵਾਬ ਦੌਰਾਨ ਭਾਰਤੀ ਮੂਲ ਦੀ ਅਮਰੀਕੀ ਬਿਜਨੈੱਸ ਵੁਮੈਨ ਇੰਦਰਾ ਨੂਈ ਤੋਂ ਜਦੋਂ ਪੁਛਿਆ ਗਿਆ ਕਿ ਕੀ ਤੁਸੀਂ ਟਰੰਪ ਕੈਬਨਿਟ 'ਚ ਸ਼ਾਮਲ ਹੋਵੋਗੇ ? ਨੂਈ ਨੇ ਆਪਣੇ ਜਵਾਬ 'ਚ ਕਿਹਾ ਕਿ ਮੇਰਾ ਸਿਆਸਤ ਨਾਲ ਕੋਈ ਮੇਲ-ਜੋਲ ਨਹੀਂ ਹੈ। ਮੈਂ ਬਹੁਤ ਹੀ ਬੇਬਾਕ ਹਾਂ, ਮੈਂ ਡਿਪਲੋਮੈਟਿਕ ਨਹੀਂ ਹਾਂ। ਮੈਨੂੰ ਪਤਾ ਤੱਕ ਨਹੀਂ ਹੈ ਕਿ ਡਿਪਲੋਮੈਸੀ ਹੁੰਦੀ ਕੀ ਹੈ। ਮੈਂ ਤੀਜੇ ਵਿਸ਼ਵ ਯੁੱਧ ਦਾ ਕਾਰਨ ਬਣ ਜਾਵਾਂਗੀ। ਮੈਂ ਇਹ ਨਹੀਂ ਕਰਾਂਗੀ। ਨੂਈ ਨੇ 2 ਅਕਤੂਬਰ ਨੂੰ ਅਧਿਕਾਰਕ ਰੂਪ ਤੋਂ ਪੈਪਸੀਕੋ ਦੇ ਸੀ. ਈ. ਓ. ਦੇ ਰੂਪ 'ਚ ਅਹੁਦਾ ਛੱਡ ਦਿੱਤਾ ਸੀ ਪਰ ਉਹ 2019 ਦੀ ਸ਼ੁਰੂਆਤ ਤੱਕ ਚੇਅਰਮੈਨ ਬਣੀ ਰਹੇਗੀ।








# The Association of Indians in America, Inc

*Proudly Celebrates* *(NY Chapter)*

# 31st Deepavali




## Sunday October 7, 2018

South Street Seaport, NY

200 Water Street, New York NY 10038

12:30 PM to 7 PM

(Subway 2 3 4 5 J M Z to Fulton Street)

**FREE ADMISSION**

Sponsored by:

cheapOair.com QATAR AIRWAYS

www. theaiany.org theaiany

**Come Celebrate Over**
**30 years of Deepavali**
**50 years of AIA**




*Register NOW: naachinferno@gmail.com*





## Jaz Dhami LIVE




**VENDORS: EARLY BIRD DISCOUNT - FOOD & RETAIL**
**ALL WELCOME! PLEASE REGISTER NOW**

i'm lovin' it pepsi NEW YORK LIFE SONY ENTERTAINMENT TELEVISION HD kotak NAVIKA GROUP OF COMPANIES

HAB BANK PARIKH WORLDWIDE MEDIA ITV GOLD VOICE OF THE COMMUNITY India Abroad 8K Radio 8K Miles Media jus punjabi

The South Asian Times excellence in journalism TV ASIA HD The INDIAN PANORAMA The Indian EXPRESS INSIDER #desi in nyc PTC PUNJABI RADIO DIL

**ATTRACTIONS:**

Art Exhibition
Health Kiosk
Children's Fair
Corporate Fair
Performances
Shopping Bonanza
Delicious Food
Free Gifts & Raffles
EXCLUSIVE FASHION SHOW

**SPONSORSHIPS:**
GOBIND MUNJAL - 646.209.8244
PRESIDENT@THEAIANY.ORG
PRESIDENT: GOBIND MUNJAL
DEEPAVALI CHAIR: HARISH THAKKAR - 917.301.9333
MEDIA CHAIR: SHYAM GAJWANI - 646.541.5859

**VENDOR CONTACTS: FOOD & RETAIL | WWW.THEAIANY.ORG**
USHA KAPOOR - 914.826.5376
GITANJLI ANAND - 631.747.5681
AVINASH SURI - 631.269.7247
ANITA THAKKAR - 347.804.7119
GOBIND BATHIJA - 631.748.9333
SUMAN MUNJAL - 917.371.2777
VIMAL GOYAL - 516.978.7125

**CULTURAL/ PERFORMERS:**
INDU GAJWANI - 646.620.0074
NEELAM MODI - 516.484.8561
SWATI VAISHNAV - 516.395.1209
JYOTI GUPTA - 516.984.5220
BROCHURE: BEENA KOTHARI - 631.586.1579

### ਮਾਮਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਬਦੀ ਦਾ

# ਬਰਗਾੜੀ ਮੋਰਚੇ ਦੇ ਆਗੂ ਆਰ-ਪਾਰ ਦੀ ਲੜਾਈ ਲੜਨ ਕੇ ਰੌਅ 'ਚ

## "ਪੰਥਕ ਪਾਰਟੀ" ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਸਰਕਾਰ ਲਈ ਹੋਵੇਗੀ ਪ੍ਰੀਖਿਆ ਦੀ ਘੜੀ


ਕੈਪਟਨ ਅਮਰਿੰਦਰ ਸਿੰਘ


ਸੁਖਬੀਰ ਸਿੰਘ ਬਾਦਲ


ਭਾਈ ਧਿਆਨ ਸਿੰਘ ਮੰਡ


ਸੁਖਪਾਲ ਸਿੰਘ ਖਹਿਰਾ


ਸਿਮਰਜੀਤ ਸਿੰਘ ਬੈਂਸ


ਬਾਬਾ ਬਲਜੀਤ ਸਿੰਘ ਦਾਦੂਵਾਲ

ਚੰਡੀਗੜ੍ਹ- ਪੰਥਕ ਜਥੇਬੰਦੀਆਂ ਵੱਲੋਂ ਸਾਬਕਾ ਮੈਂਬਰ ਪਾਰਲੀਮੈਂਟ ਅਤੇ ਸਰਬੱਤ ਖਾਲਸਾ ਵੱਲੋਂ ਸ਼੍ਰੀ ਅਕਾਲ ਤਖਤ ਸਾਹਿਬ ਦੇ ਐਲਾਨੇ ਗਏ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਪਿਛਲੇ 129 ਦਿਨਾਂ ਤੋਂ ਭੁੱਖ ਹੜਤਾਲ ਅਤੇ ਬਰਗਾੜੀ ਵਿਖੇ ਬੈਠੇ ਹਨ। ਜਿੱਥੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਸਜ਼ਾ ਦੇਣ ਦੀ ਮੰਗ ਕੀਤੀ ਜਾ ਰਹੀ ਹੈ, ਇਸ ਸ਼ੁਰੂ ਹੋਏ ਸੰਘਰਸ਼ ਨੂੰ ਆਮ ਆਦਮੀ ਪਾਰਟੀ ਵੱਲੋਂ ਭਗਵੰਤ ਮਾਨ-ਮੈਂਬਰ ਲੋਕ ਸਭਾ, ਸਾਬਕਾ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ-ਬੀਰਦਵਿੰਦਰ ਸਿੰਘ, ਇਨਸਾਫ਼ ਪਾਰਟੀ ਦੇ ਸਿਮਰਨਜੀਤ ਸਿੰਘ ਬੈਂਸ, ਬਲਵਿੰਦਰ ਸਿੰਘ ਬੈਂਸ-ਵਿਧਾਇਕ, ਆਪ ਤੋਂ ਵੱਖ ਹੋਏ ਨੇਤਾ ਸੁਖਪਾਲ ਸਿੰਘ ਖਹਿਰਾ ਆਦਿ ਵੱਲੋਂ ਵੀ ਬਰਗਾੜੀ ਮੋਰਚੇ ਵਿੱਚ ਹਾਜ਼ਰੀ ਲਗਵਾ ਕੇ ਆਪਣਾ ਸਮਰਥਨ ਦਿੱਤਾ ਜਾ ਚੁੱਕਾ ਹੈ ਪ੍ਰੰਤੂ ਆਉਣ ਵਾਲੇ ਦਿਨਾਂ ਵਿੱਚ ਇਸ ਮੋਰਚੇ ਦੇ ਆਗੂ ਆਰ-ਪਾਰ ਦੀ ਲੜਾਈ ਲੜਨ ਦੇ ਰੋਅ ਵਿੱਚ ਹਨ। ਬੀਤੇ ਕੱਲ ਸਰਬੱਤ ਖਾਲਸਾ ਵੱਲੋਂ ਐਲਾਨੇ ਜਥੇ ਧਿਆਨ ਸਿੰਘ ਮੰਡ ਵੱਲੋਂ ਬਰਗਾੜੀ ਮੋਰਚੇ ਨੂੰ ਸਫਲ ਕਰਨ ਦੀ ਅਪੀਲ ਸੰਗਤਾਂ ਨੂੰ ਕਰਦਿਆਂ ਸਪੱਸ਼ਟ ਕਿਹਾ ਸੀ ਕਿ ਹਰ ਸਿੱਖ ਜੋ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਦਾ ਹੈ ਉਹ ਹਰ ਪਿੰਡ ਵਿੱਚ ਬਰਗਾੜੀ ਮੋਰਚੇ ਦੇ ਨਾਂ ਹੇਠ 21 ਮੈਂਬਰੀ ਕਮੇਟੀ ਬਣਾ ਕੇ ਸੰਘਰਸ਼ ਤੇਜ਼ ਕਰਨਗੇ। ਜਥੇ. ਮੰਡ ਹੋਰਾਂ ਨੇ ਵੀ ਸਪੱਸ਼ਟ ਕਿਹਾ ਸੀ ਕਿ ਹੁਣ ਪਾਣੀ ਸਿਰ ਤੋਂ ਉੱਪਰ ਲੰਘ ਚੁੱਕਾ ਹੈ। ਭਾਂਵੇ ਕੁਝ ਵੀ ਹੋਏ ਪ੍ਰੰਤੂ ਪੰਥਕ ਪਾਰਟੀ ਜਿਸ ਦੀ ਅਗਵਾਈ ਭਾਈ ਧਿਆਨ ਸਿੰਘ ਮੰਡ ਅਤੇ ਸੰਤ ਬਾਬਾ ਬਲਜੀਤ ਸਿੰਘ ਦਾਦੂਵਾਲ ਵੱਲੋਂ ਕੀਤੀ ਜਾ ਰਹੀ ਹੈ। ਅਤੇ ਸੰਘਰਸ਼ ਨੂੰ ਬਰਗਾੜੀ ਮੋਰਚਾ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਸ਼ੁਰੂ ਹੋਇਆ ਸੰਘਰਸ਼ ਕਿਹਾ ਜਾ ਰਿਹਾ ਹੈ। ਆਉਣ ਵਾਲੇ ਸਮੇਂ ਵਿੱਚ ਪੰਜਾਬ ਭਰ ਦੇ ਪਿੰਡਾਂ ਬਰਗਾੜੀ ਮੋਰਚਾ-ਨਾਂ ਹੇਠ 21 ਮੈਂਬਰੀ ਕਮੇਟੀਆਂ ਬਨਣ ਨਾਲ ਇਸ ਮੋਰਚੇ ਦਾ ਸੇਕ ਬਰਗਾੜੀ ਦੀ ਹੱਦ ਟੱਪ ਕੇ ਪੰਜਾਬ ਭਰ ਦੇ ਪਿੰਡਾਂ ਤੱਕ ਅੱਪੜ ਜਾਵੇਗਾ ਅਤੇ ਇਸ ਸੰਘਰਸ਼ ਨੂੰ ਦਬਾਉਣਾ ਜਾਂ ਫਿਰ ਹੱਲ ਕਰਨਾ ਜਿੱਥੇ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲਈ ਪ੍ਰੀਖਿਆ ਦੀ ਘੜੀ ਹੋਵੇਗੀ ਉੱਥੇ ਪੰਜਾਬ ਵਿੱਚ ਸਿੱਖਾਂ ਦੀ ਨੁਮਾਇਦਾ ਪਾਰਟੀ ਅਖਵਾਉਣ ਵਾਲੀ ਅਕਾਲੀ ਦਲ ਲਈ ਵੀ ਬੇਹੱਦ ਦੁਚਿੱਤੀ ਵਾਲੀ ਸਥਿਤੀ ਹੋ ਨਿਬੜੇਗੀ ਕਿ ਉਹ ਕਿਸ ਤਰ੍ਹਾਂ ਭਾਈ ਧਿਆਨ ਸਿੰਘ ਮੰਡ, ਭਾਈ ਬਲਜੀਤ ਦਾਦੂਵਾਲ ਵੱਲੋਂ ਵਿਢੇ

## "ਹਰ ਪਿੰਡ 'ਚ ਬਣੇਗੀ 21 ਮੈਂਬਰੀ ਇਨਸਾਫ਼ ਮੋਰਚਾ ਕਮੇਟੀ"

ਸੰਘਰਸ਼ ਦੀ ਹਮਾਇਤ ਕਰਨਗੇ। ਧਾਰਮਿਕ ਅਤੇ ਸਿਆਸੀ ਮਾਹਿਰਾਂ ਦਾ ਵੀ ਇਸ ਸਬੰਧੀ ਤਰਕ ਸਪੱਸ਼ਟ ਹੈ ਕਿ ਬੀਤੇ ਕੱਲ ਬਰਗਾੜੀ ਮੋਰਚੇ ਵਿੱਚ ਦਿੱਤੇ ਆਪਣੇ ਸੰਬੋਧਨ ਵਿੱਚ ਭਾਈ ਧਿਆਨ ਸਿੰਘ ਮੰਡ, ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ ਕਾਂਗਰਸ ਪਾਰਟੀ, ਲਾਲ ਕ੍ਰਿਸ਼ਨ ਅਡਵਾਨੀ ਸਮੇਤ ਨਰਿੰਦਰ ਮੋਦੀ ਨੂੰ ਪੰਜਾਬ ਦੇ ਅਮਨ ਕਾਨੂੰਨ ਦੀ ਸਥਿਤੀ ਬਣਾਏ ਰੱਖਣ ਦੇ ਨਾਂ ਹੇਠ ਸਿੱਖਾਂ ਨੂੰ ਅੱਤਵਾਦੀ,ਰੈਡੀਕਲ ਗਰੁੱਪ ਕਹਿ ਕੇ ਮਸਲਿਆ ਜਾ ਰਿਹਾ ਹੈ। ਆਉਂਣ ਵਾਲੇ ਸਮੇਂ ਵਿੱਚ ਪੰਜਾਬ ਵਿਚ ਖਾਲਸਾ ਪੰਥ ਦੀ ਸਰਕਾਰ ਬਣੇਗੀ। ਭਾਈ ਧਿਆਨ ਸਿੰਘ ਮੰਡ ਵੱਲੋਂ ਬਿਆਨ ਦੇਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਅਤੇ ਕੈਪਟਨ ਅਮਰਿੰਦਰ ਸਿੰਘ ਕਿੰਝ ਰਾਜਸੀ ਤੌਰ 'ਤੇ ਆਪਣੇ ਆਪ ਨੂੰ ਬਰਗਾੜੀ ਮੋਰਚੇ ਤੋਂ ਦੂਰ ਰੱਖ ਸਕਣਗੇ। ਕਿਉਂਕਿ ਬਰਗਾੜੀ ਮੋਰਚੇ ਦੇ ਨੇਤਾਵਾਂ ਵੱਲੋਂ ਇਸ ਮੋਰਚੇ ਦੀ ਸ਼ੁਰੂਆਤ ਅਤੇ 129 ਦਿਨ ਬੀਤ ਜਾਣ ਤੱਕ ਇੱਕ ਪ੍ਰਮੁੱਖ ਮੰਗ ਸਪੱਸ਼ਟ ਹੈ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਗ੍ਰਿਫਤਾਰ ਕਰਕੇ ਸਜਾਵਾਂ ਦਿੱਤੀਆਂ ਜਾਣ। ਇਸ ਮੋਰਚੇ ਵੱਲੋਂ ਵਿੱਢੀ ਮੁਹਿਮ ਅਤੇ ਮੋਰਚੇ ਵੱਲੋਂ ਸੰਭਾਲੀ ਆਗਾਮੀ ਸਥਿਤੀ ਨਾਲ ਨਿਪਟਣ ਲਈ ਅਕਾਲੀਦਲ ਦੀ ਉੱਚ ਪੱਧਰੀ ਕਮੇਟੀ ਵੱਲੋਂ ਵਿਚਾਰ ਕੀਤੀ ਜਾ ਰਹੀ ਹੈ। ਉੱਥੇ ਕੈਪਟਨ ਅਮਰਿੰਦਰ ਸਿੰਘ ਵੱਲੋਂ ਵੀ ਬਰਗਾੜੀ ਮੋਰਚੇ ਦੇ ਪੰਥਕ ਨੇਤਾਵਾਂ ਨੂੰ ਸ਼ਾਂਤ ਕਰਨ ਲਈ ਵਿਸ਼ੇਸ਼ ਰਣਨੀਤੀ ਤੇ ਕੰਮ ਕਰ ਰਹੇ ਹਨ। ਪੰਜਾਬ ਦੇ ਅਮਨ ਕਾਨੂੰਨ ਪ੍ਰਤੀ ਚਿੰਤਕਾਂ ਦਾ ਇਸ ਸੰਬੰਧੀ ਇਹ ਵੀ ਕਹਿਣਾ ਹੈ ਕਿ ਜਿਹੜੇ ਨੇਤਾ ਲੋਕ ਹੁਣ ਤੱਕ ਬਰਗਾੜੀ ਮੋਰਚੇ ਵਿੱਚ ਹਾਜ਼ਰੀ ਲਗਵਾ ਸਿਆਸੀ ਲਾਹਾ ਖੱਟਣ ਦੀ ਫਿਰਾਕ ਵਿੱਚ ਸਨ ਕੀ ਉਹ ਭਵਿੱਖ ਵਿੱਚ ਪੰਜਾਬ ਭਰ ਦੇ ਪਿੰਡਾਂ ਵਿਚ ਫੈਲਣ ਵਾਲੇ ਬਰਗਾੜੀ ਮੋਰਚੇ ਦਾ ਸਮਰੱਥਨ ਜਾਰੀ ਰੱਖ ਸਕਣਗੇ।

# ਕੈਨੇਡਾ ਦੇ ਵੀਜ਼ਾ ਨਿਯਮਾਂ 'ਚ ਵੱਡਾ ਬਦਲਾਅ, ਇੰਨਾ ਵਧੇਗਾ ਖਰਚਾ




ਟੋਰਾਂਟੋ : ਕੈਨੇਡਾ ਸਰਕਾਰ ਆਪਣੇ ਵੀਜ਼ਾ ਨਿਯਮਾਂ 'ਚ ਭਾਰਤੀਆਂ ਲਈ ਵੱਡਾ ਬਦਲਾਅ ਕਰਨ ਜਾ ਰਹੀ ਹੈ। ਇਸ ਬਦਲਾਅ ਤਹਿਤ ਹੁਣ 2019 ਤੋਂ ਕੈਨੇਡਾ ਵੀਜ਼ਾ ਲਈ ਅਪਲਾਈ ਕਰਨ ਵਾਲੇ ਭਾਰਤੀਆਂ ਲਈ ਬਾਇਓਮੈਟ੍ਰਿਕ ਪ੍ਰਣਾਲੀ ਲਾਜ਼ਮੀ ਹੋ ਜਾਵੇਗੀ। ਇਸ ਤੋਂ ਪਹਿਲਾਂ ਇਹ ਪ੍ਰਣਾਲੀ ਸਿਰਫ ਯੂ. ਐੱਸ., ਯੂ. ਕੇ ਅਤੇ ਹੋਰ ਸ਼ਨਗਨ ਸੂਬਿਆ ਦੀ ਵੀਜ਼ਾ ਅਰਜ਼ੀਆਂ ਦੇਣ ਵੇਲੇ ਹੀ ਲਾਜ਼ਮੀ ਸੀ। ਕੈਨੇਡਾ ਸਰਕਾਰ ਦੇ ਨਵੇਂ ਫੈਸਲੇ ਮੁਤਾਬਕ ਕੈਨੇਡਾ 'ਚ ਸਿੱਖਿਆ ਹਾਸਲ ਕਰਨ ਲਈ ਆਉਣ ਵਾਲੇ ਭਾਰਤੀ ਵਿਦਿਆਰਥੀਆਂ, ਸੈਲਾਨੀਆਂ, ਵਰਕ ਪਰਮਿਟ ਅਤੇ ਪੀ. ਆਰ. ਅਪਲਾਈ ਕਰਨ ਵੇਲੇ ਬਾਇਓਮੈਟ੍ਰਿਕ ਪ੍ਰਣਾਲੀ ਲਾਜ਼ਮੀ ਹੋਵੇਗੀ। ਕੇਨੇਡਾ ਆਉਣ ਵਾਲੇ ਹਰ 14 ਸਾਲ ਤੋਂ ਵੱਡੇ ਬੱਚੇ ਅਤੇ 79 ਸਾਲ ਤਕ ਦੇ ਬਜ਼ੁਰਗ ਨੂੰ ਆਪਣੇ ਫਿੰਗਰ ਪ੍ਰਿੰਟ ਕਰਵਾਉਣੇ ਪੈਣਗੇ। ਇਹ ਨਵਾਂ ਨਿਯਮ 31 ਦਸੰਬਰ 2018 ਤੋਂ ਹੀ ਲਾਗੂ ਹੋ ਜਾਵੇਗਾ। ਵੀਜ਼ਾ ਅਰਜ਼ੀਆਂ ਦੇਣ ਵਾਲਿਆ ਨੂੰ ਇਸ ਪ੍ਰਕਿਰਿਆ 'ਚੋਂ 10 ਸਾਲਾਂ 'ਚ ਇਕ ਵਾਰ ਲੰਘਣਾ ਪਵੇਗਾ। ਇਸ ਤਕਨੀਕ 'ਤੋਂ ਲੰਘਣ ਵੇਲੇ ਅਰਜ਼ੀਕਰਤਾ ਨੂੰ ਵੀਜ਼ਾ ਫੀਸ ਤੋਂ ਇਲਾਵਾ 85 ਕੈਨੇਡੀਅਨ ਡਾਲਰ (ਲਗਭਗ 4,860 ਰੁਪਏ) ਪ੍ਰਤੀ ਵਿਅਕਤੀ ਅਤੇ ਸਾਂਝੇ ਪਰਿਵਾਰ ਵਲੋਂ ਅਪਲਾਈ 'ਤੇ ਇਹ ਫੀਸ 179 ਕੈਨੇਡੀਅਨ ਡਾਲਰ (ਲਗਭਗ 9,738 ਰੁਪਏ) ਵੱਖਰੇ ਤੌਰ 'ਤੇ ਦੇਣੇ ਪੈਣਗੇ। ਸੌਖੇ ਸ਼ਬਦਾਂ 'ਚ ਇਹ ਖਰਚ ਵੀਜ਼ਾ ਖਰਚੀਆਂ ਦੇ ਨਾਲ ਜੁੜ ਜਾਵੇਗਾ ਤੇ ਕੈਨੇਡਾ ਜਾਣ ਦੇ ਚਾਹਵਾਨਾਂ ਨੂੰ ਇਹ ਰਕਮ ਵਾਧੂ ਦੇਣੀ ਪਵੇਗੀ। ਬਾਇਓਮੈਟ੍ਰਿਕਸ ਲਾਜ਼ਮੀ ਕਰਨ 'ਤੇ ਕੈਨੇਡਾ ਦਾ ਤਰਕ ਹੈ ਕਿ ਇਹ ਇਕ ਆਸਾਨ ਤੇ ਸੌਖਾਲਾ ਕੰਮ ਹੈ, ਜਿਸ ਆਧਾਰ 'ਤੇ ਕਿਸੇ ਵੀ ਵਿਅਕਤੀ ਦੀ ਪਹਿਚਾਣ ਆਸਾਨੀ ਨਾਲ ਕੀਤੀ ਜਾ ਸਕੇਗੀ। 70 ਤੋਂ ਵੱਧ ਦੇਸ਼ ਇਸ ਤਕਨੀਕ ਦਾ ਇਸਤੇਮਾਲ ਵੀਜ਼ਾ ਪ੍ਰਣਾਲੀ ਲਈ ਕਰ ਰਹੇ ਹਨ।

# ਖ਼ਾਸ ਕੰਪਨੀ ਦੀ ਦਵਾਈ ਲਿਖ-ਲਿਖ ਡਾਕਟਰ ਨੇ ਲਾਏ ਕੈਨੇਡਾ ਦੇ ਟੂਰ



ਚੰਡੀਗੜ੍ਹ, 6 ਅਕਤੂਬਰ (ਚ.ਨ.ਸ.): ਹਰਿਆਣਾ ਦੇ ਸਿਹਤ ਮੰਤਰੀ ਅਨਿਲ ਵਿਜ ਨੇ ਦਵਾਈ ਲਿਖਣ ਬਦਲੇ ਹਵਾਈ ਟਿਕਟ ਲੈਣ ਦੇ ਇਲਜ਼ਾਮ ਵਿੱਚ ਪੀਜੀਆਈ ਰੋਹਤਕ ਦੇ ਨਿਰਦੇਸ਼ਕ ਡਾ. ਨਿਤਿਆਨੰਦ ਨੂੰ ਮੁਅੱਤਲ ਕਰ ਦਿੱਤਾ ਹੈ। ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਡਾ. ਨਿਤਿਆਨੰਦ ਨੇ ਕਿਸੇ ਨਿੱਜੀ ਕੰਪਨੀ ਨੂੰ ਫਾਇਦਾ ਦੇਣ ਲਈ ਬਾਹਰ ਤੋਂ ਦਵਾਈਆਂ ਲਿਖੀਆਂ ਤੇ ਮੰਗਵਾਈਆਂ ਸਨ। ਇਸ ਬਦਲੇ ਉਨ੍ਹਾਂ ਕੰਪਨੀ ਤੋਂ ਕੈਨੇਡਾ ਦੌਰੇ ਲਈ ਹਵਾਈ ਸਫ਼ਰ ਲਈ ਟਿਕਟਾਂ ਬੁੱਕ ਕਰਾਈਆਂ ਸਨ। ਮਾਮਲਾ 2013 ਦਾ ਹੈ ਜੋ ਹੁਣ ਸਿਹਤ ਮੰਤਰੀ ਤਕ ਪਹੁੰਚ ਗਿਆ ਹੈ। ਸਿਹਤ ਮੰਤਰੀ ਨੇ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ ਡਿਪਾਰਟਮੈਂਟ ਦੇ ਏਸੀਐਸ ਅਮਿਤ ਝਾਅ ਨੂੰ ਇਸ ਮਾਮਲੇ ਦੀ ਜਾਂਚ ਸੌਂਪੀ ਹੈ। ਦਰਅਸਲ, ਸਿਹਤ ਵਿਭਾਗ ਵੱਲੋਂ ਸੂਬੇ ਦੇ ਸਾਰੇ ਹਸਪਤਾਲਾਂ ਵਿੱਚ ਸਿਰਫ ਵਿਸ਼ਵ ਸਿਹਤ ਸੰਗਠਨ ਪ੍ਰਮਾਣਿਤ ਦਵਾਈਆਂ, ਉਹ ਵੀ ਸਰਕਾਰੀ ਵੇਅਰ ਹਾਊਸ ਤੋਂ ਲੈਣ ਦਾ ਪ੍ਰਬੰਧ ਹੈ, ਪਰ ਪੀਜੀਆਈ ਰੋਹਤਕ ਦੇ ਨਿਰਦੇਸ਼ਕ ਡਾ. ਨਿਤਿਆਨੰਦ ਕਿਸੇ ਨਿੱਜੀ ਕੰਪਨੀ ਨੂੰ ਫਾਇਦਾ ਪਹੁੰਚਾਉਣ ਲਈ ਬਾਹਰੋਂ ਦਵਾਈਆਂ ਮੰਗਵਾ ਰਹੇ ਸਨ। ਸਿਹਤ ਮੰਤਰੀ ਤਕ ਪੁੱਜੇ ਦਸਤਾਵੇਜ਼ਾਂ ਵਿੱਚ ਡਾ. ਨਿਤਿਆਨੰਦ ਵੱਲੋਂ ਕੀਤੀਆਂ ਹਵਾਈ ਯਾਤਰਾਵਾਂ ਦਾ ਪੂਰਾ ਬਿਓਰਾ ਦਰਜ ਹੈ। ਦਸਤਾਵੇਜ਼ਾਂ ਮੁਤਾਬਕ ਡਾ. ਨਿਤਿਆਨੰਦ ਨੇ 2013 ਵਿੱਚ ਦਿੱਲੀ ਤੋਂ ਵੈਨਕੂਵਰ (ਕੈਨੇਡਾ) ਦੀ ਯਾਤਰਾ ਕੀਤੀ। ਉਨ੍ਹਾਂ ਪਹਿਲੀ ਜੂਨ, 2013 ਨੂੰ ਮਾਈਕ੍ਰੋ ਲੈਬ ਫਾਰਮਾ ਨੂੰ 18ਵੀਂ ਵਰਲਡ ਕਾਂਗਰਸ ਵਿੱਚ ਕੈਨੇਡਾ ਜਾਣ ਲਈ ਟਿਕਟ ਕਰਾਉਣ ਵਾਸਤੇ ਚਿੱਠੀ ਲਿਖੀ ਸੀ। ਇਸਤੋਂ ਬਾਅਦ ਉਨ੍ਹਾਂ 4 ਜੁਲਾਈ ਨੂੰ ਫਿਰ ਦਿੱਲੀ ਤੋਂ ਵੈਂਕੂਵਰ ਜਾਣ ਲਈ ਟਿਕਟ ਮੰਗਵਾਈ ਸੀ। ਵਾਪਸੀ ਲਈ 2 ਸਤੰਬਰ ਨੂੰ ਵੀ ਬੁਕਿੰਗ ਕਰਾਉਣ ਲਈ ਕਿਹਾ। ਆਪਣੀ ਸਫ਼ਾਈ ਵਿੱਚ ਮੁਲਜ਼ਮ ਡਾ. ਨਿਤਿਆਨੰਦ ਨੇ ਕਿਹਾ ਕਿ ਕੁਝ ਲੋਕਾਂ ਨੇ ਉਨ੍ਹਾਂ ਨੂੰ ਬਦਨਾਮ ਕਰਨ ਲਈ ਸਾਜ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਕਈ ਮਾਮਲਿਆਂ ਦੀ ਜਾਂਚ ਕੀਤੀ ਹੈ, ਜਿਸ ਵਿੱਚ ਕਈ ਡਾਕਟਰਾਂ 'ਤੇ ਕਾਰਵਾਈ ਤੈਅ ਹੈ, ਪਰ ਅਜੇ ਤਕ ਉਨ੍ਹਾਂ ਵਿਰੁੱਧ ਐਕਸ਼ਨ ਨਹੀਂ ਲਿਆ ਗਿਆ। ਉਨ੍ਹਾਂ ਕਿਹਾ ਕਿ ਉਨ੍ਹਾਂ 'ਤੇ ਲਾਏ ਗਏ ਸਾਰੇ ਇਲਜ਼ਾਮ ਬੇਬੁਨਿਆਦ ਹਨ।

# ਖਲਨਾਇਕ ਬਣ ਲੋਕਾਂ ਨੂੰ 'ਰਾਂਝਾ ਰਫਿਊਜੀ' 'ਚ ਡਰਾਉਣਗੇ ਕਰਮਜੀਤ ਅਨਮੋਲ



ਜਲੰਧਰ, : 26 ਅਕਤੂਬਰ ਨੂੰ ਸਿਨੇਮਾਘਰਾਂ ਦਾ ਸ਼ਿੰਗਾਰ ਬਣਨ ਨੂੰ ਤਿਆਰ ਹੈ ਪੰਜਾਬੀ ਫਿਲਮ 'ਰਾਂਝਾ ਰਫਿਊਜੀ'। ਇਸ ਫਿਲਮ 'ਚ ਪੰਜਾਬੀ ਗਾਇਕ ਤੇ ਅਦਾਕਾਰ ਰੌਸ਼ਨ ਪ੍ਰਿੰਸ ਮੁੱਖ ਭੂਮਿਕਾ 'ਚ ਨਜ਼ਰ ਆਉਣ ਵਾਲੇ ਹਨ। ਆਪਣੀ ਅਦਾਕਾਰੀ ਅਤੇ ਕਾਮੇਡੀ ਦੇ ਕਿੰਗ ਕਰਮਜੀਤ ਅਨਮੋਲ ਪਹਿਲੀ ਵਾਰ ਕਿਸੇ ਫਿਲਮ 'ਚ ਦਰਸ਼ਕਾਂ ਨੂੰ ਹਸਾਉਣ ਦੇ ਨਾਲ-ਨਾਲ ਆਪਣੇ ਗੁੱਸੇ ਨਾਲ ਡਰਾਉਂਦੇ ਨਜ਼ਰ ਆਉਣਗੇ। ਜੀ ਹਾਂ, ਪੰਜਾਬੀ ਫਿਲਮ 'ਰਾਂਝਾ ਰਫਿਊਜੀ' 'ਚ ਕਰਮਜੀਤ ਅਨਮੋਲ ਪਹਿਲੀ ਵਾਰ ਖਲਨਾਇਕ ਦੇ ਕਿਰਦਾਰ 'ਚ ਨਜ਼ਰ ਆਉਣ ਵਾਲੇ ਹਨ। ਨਿਰਦੇਸ਼ਕ ਅਵਤਾਰ ਸਿੰਘ ਦੀ ਇਸ ਫਿਲਮ 'ਚ ਪਹਿਲੀ ਵਾਰ ਕਰਮਜੀਤ ਅਨਮੋਲ ਤੋਂ ਲੀਕ ਤੋਂ ਹਟਕੇ ਕੰਮ ਲਿਆ ਗਿਆ ਹੈ। ਦੱਸ ਦੇਈਏ ਕਿ ਇਸ ਫਿਲਮ 'ਚ ਕਰਮਜੀਤ ਅਨਮੋਲ ਦੇਸੀ ਸਟਾਈਲ 'ਚ ਨਜ਼ਰ ਆਉਣਗੇ। 'ਜੇ ਬੀ ਪ੍ਰੋਡਕਸ਼ਨ' ਦੇ ਬੈਨਰ ਹੇਠ ਬਣੀ ਇਸ ਫਿਲਮ ਦਾ ਟਰੇਲਰ 5 ਅਕਤੂਬਰ ਨੂੰ ਰਿਲੀਜ਼ ਹੋ ਚੁੱਕਾ ਹੈ। ਫਿਲਮ ਦੇ ਟਰੇਲਰ ਨੂੰ ਦਰਸ਼ਕਾਂ ਵਲੋਂ ਕਾਫੀ ਪਸੰਦ ਕੀਤਾ ਜਾ ਰਿਹਾ ਹੈ। ਦੱਸਣਯੋਗ ਹੈ ਕਿ ਇਸ ਫਿਲਮ ਦੇ ਜ਼ਰੀਏ ਰੌਸ਼ਨ ਪ੍ਰਿੰਸ ਪਹਿਲੀ ਵਾਰ ਦੋਹਰੀ ਭੂਮਿਕਾ 'ਚ ਨਜ਼ਰ ਆਉਣਗੇ। ਕਰਮਜੀਤ ਅਨਮੋਲ ਬਤੌਰ ਗਾਇਕ ਵੀ ਆਪਣੀ ਵੱਖਰੀ ਪਛਾਣ ਰੱਖਦੇ ਹਨ। ਇਨ੍ਹੀਂ ਦਿਨੀਂ ਪੰਜਾਬੀ ਇੰਡਸਟਰੀ ਦੇ ਸਭ ਤੋਂ ਸਰਗਰਮ ਕਲਾਕਾਰਾਂ 'ਚ ਸ਼ਾਮਲ ਕਰਮਜੀਤ ਅਨਮੋਲ ਇਸ ਫਿਲਮ ਦੇ ਜ਼ਰੀਏ ਆਪਣੀ ਅਦਾਕਾਰੀ ਦਾ ਲੋਹਾ ਮੰਨਵਾਉਣਗੇ। ਕਰਜਮੀਤ ਅਨਮੋਲ ਮੁਤਾਬਕ ਉਨ੍ਹਾਂ ਦੀ ਇਹ ਫਿਲਮ ਕਈਆਂ ਚੀਜਾਂ ਕਾਰਨ ਵੱਖਰੀ ਹੈ। ਦਰਸ਼ਕ ਉਸ ਨੂੰ ਇਸ ਤਰ੍ਹਾਂ ਦੇ ਕਿਰਦਾਰ 'ਚ ਜ਼ਰੂਰ ਪਸੰਦ ਕਰਨਗੇ।

# ਚੋਣਾਂ ਅਤੇ ਭ੍ਰਿਸ਼ਟਾਚਾਰ : ਭਾਰਤ ਦੇ ਸੰਦਰਭ ਵਿੱਚ

ਯੂ.ਕੇ. ਦੇ ਸਾਬਕਾ ਪ੍ਰਧਾਨ ਮੰਤਰੀ ਸਰ ਐਨਥਨੀ ਈਡਨ ਅਨੁਸਾਰ ਸੰਸਾਰ ਦੇ ਵੱਖ-ਵੱਖ ਹਿੱਸਿਆਂ ਵਿਚ ਸਰਕਾਰਾਂ ਚਲਾਉਣ ਅਤੇ ਤਜਰਬਿਆਂ ਦੀਆਂ ਕੋਸ਼ਿਸ਼ਾਂ 'ਚੋਂ ਭਾਰਤ ਦੀ ਪਾਰਲੀਮਾਨੀ ਸਰਕਾਰ ਚਲਾਉਣਾ ਸਭ ਤੋਂ ਵੱਧ (ਉਤੇਜਕ) ਹੈ। ਇਹ ਬਿਲਕੁਲ ਠੀਕ ਹੈ ਕਿ ਭਾਰਤ ਨੇ ਲੋਕਤੰਤਰ ਵਾਲਾ ਬੜਾ ਔਖਾ ਰਾਹ ਚੁਣਿਆ ਅਤੇ ਸਫਲਤਾ ਪ੍ਰਾਪਤ ਕੀਤੀ। ਇਹ ਭਾਰਤ ਲਈ ਹੀ ਨਹੀਂ ਸਗੋਂ ਸਾਰੀ ਦੁਨੀਆਂ ਵਾਸਤੇ ਇੱਕ ਮਹੱਤਵਪੂਰਨ ਤਜਰਬਾ ਰਿਹਾ। ਲੇਕਿਨ ਹੁਣ ਇਹਨਾਂ ਚੋਣਾਂ ਵਿਚ ਪੈਸੇ ਦੀ ਤਾਕਤ ਦੀ ਦੁਰਵਰਤੋਂ ਕਾਰਨ ਚੋਣ ਪ੍ਰਕਿਰਿਆ ਨੇ ਇੱਕ ਬੜਾ ਹੀ ਹਾਨੀਕਾਰਕ ਮੋੜ ਅਖ਼ਤਿਆਰ ਕਰ ਲਿਆ ਹੈ। ਭਾਵੇਂ ਵੋਟਰਾਂ ਨੂੰ ਡਰਾਉਣ-ਧਮਕਾਉਣ ਦੀ ਸਮੱਸਿਆ ਕਾਫ਼ੀ ਹੱਦ ਤੱਕ ਠੀਕ ਹੋਈ ਹੈ ਪ੍ਰੰਤੂ ਪੈਸੇ ਦੀ ਤਾਕਤ ਚੋਣ ਪ੍ਰਕਿਰਿਆ ਨੂੰ ਦੂਸ਼ਿਤ ਕਰੀ ਜਾ ਰਹੀ ਹੈ। ਨੇਕ ਨੀਤੀ ਅਤੇ ਦਿਆਨਤਦਾਰੀ ਚੋਣਾਂ ਵਿੱਚੋਂ ਦੂਰ ਭਜਦੀ ਦਿਖਾਈ ਦੇ ਰਹੀ ਹੈ।

ਅਸਲ ਵਿਚ ਚੋਣ ਭ੍ਰਿਸ਼ਟਾਚਾਰ ਦਾ ਮੁੱਖ ਕਾਰਨ ਬਣਿਆ, ਸਿਆਸੀ ਪਾਰਟੀਆਂ ਦਾ ਚੋਣਾਂ ਵਿਚ ਬੇਹਿਸਾਬਾ ਪੈਸਾ ਖ਼ਰਚ ਕਰਨਾ। ਜੇ ਕਿਸੇ ਤਰ੍ਹਾਂ ਇਸ 'ਤੇ ਲਗਾਮ ਲਗਾਈ ਜਾ ਸਕੇ ਤਾਂ ਬਹੁਤ ਹੱਦ ਤੱਕ ਇਸ ਮਸਲੇ ਦਾ ਹੱਲ ਹੋ ਸਕਦਾ ਜਾਪਦਾ ਹੈ। ਸਾਫ਼-ਸੁਥਰੀਆਂ ਚੋਣਾਂ ਕਰਵਾਉਣ ਵਿਚ ਸਿਆਸੀ ਪਾਰਟੀਆਂ ਦਾ ਬਹੁਡ ਵੱਡਾ ਯੋਗਦਾਨ ਹੋ ਸਕਦਾ ਹੈ। 1964 ਵਿਚ 'ਸਨਥਨਮ ਕਮੇਟੀ' ਚੋਣ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਬਣੀ ਸੀ। ਉਹਨਾਂ ਦੀ ਦ੍ਰਿਸ਼ਟੀ ਅਨੁਸਾਰ ਜਿਹੜੇ ਫੰਡ ਸਿਆਸੀ ਪਾਰਟੀਆਂ ਜਿਸ ਢੰਗ ਨਾਲ ਇਕੱਠੇ ਕਰਦੀਆਂ ਹਨ, ਵਿਸ਼ੇਸ਼ ਤੌਰ 'ਤੇ ਚੋਣਾਂ ਸਮੇਂ ਉਸ ਨਾਲ ਭ੍ਰਿਸ਼ਟਾਚਾਰ ਦਾ ਹੋਣਾ ਸੁਭਾਵਕ ਹੀ ਹੈ। ਇਸ ਕਰਕੇ ਸਿਆਸੀ ਪਾਰਟੀਆਂ ਦੇ ਫੰਡ ਨੂੰ ਇਸ ਤਰ੍ਹਾਂ ਨਿਯਮਤ ਕੀਤਾ ਜਾਵੇ ਕਿ ਉਹਨਾਂ ਵਿਚ ਦੂਰ ਤੱਕ ਪਾਰਦਰਸ਼ਤਾ ਹੋਵੇ। ਉਹਨਾਂ ਆਪਣੀ ਰਿਪੋਰਟ ਵਿਚ ਇਹ ਵੀ ਕਿਹਾ ਕਿ ਇਹ ਫੰਡ ਖੁੱਲ੍ਹਮ-ਖੁੱਲ੍ਹਾ ਸਿਰਫ ਆਪਣੇ ਹਿਮਾਇਤੀਆਂ ਅਤੇ ਹਮਦਰਦੀਆਂ ਪਾਸੋਂ ਹੀ ਲਏ ਜਾਣ। ਸੁਪਰੀਮ ਕੋਰਟ ਨੇ (ਕੇਸ-AIR1996SC3081) ਚੋਣਾਂ ਵਿਚ ਹੋਣ ਵਾਲੇ ਖ਼ਰਚੇ ਬਾਰੇ ਟਿੱਪਣੀ ਕਰਦਿਆਂ ਕਿਹਾ ਸੀ ਚੋਣਾਂ ਦੀ ਪਵਿੱਤਰਤਾ ਰੱਖਣਾ ਲੋਕਤੰਤਰ ਦਾ ਮੂਲ ਤੱਤ ਹੈ ਅਤੇ ਚੋਣ ਕਮਿਸ਼ਨ ਉਮੀਦਵਾਰਾਂ ਅਤੇ ਸਿਆਸੀ ਪਾਰਟੀਆਂ ਤੋਂ ਪੁੱਛ ਸਕਦੀ ਹੈ ਕਿ ਚੋਣਾਂ ਵਿਚ ਕਿੰਨ ਖ਼ਰਚ ਹੋਇਆ ਹੈ, ਜਦੋਂ ਚੋਣਾਂ ਬੇ-ਹਿਸਾਬੇ ਪੈਸੇ ਨਾਲ ਲੜੀਆਂ ਜਾਂਦੀਆਂ ਹਨ, ਜਿੱਤਣ ਵਾਲੇ ਨੁਮਾਇੰਦੇ ਨੂੰ ਸਿਵਾਏ ਕਾਲੇ-ਧਨ ਨੂੰ ਇਕੱਠੇ ਕਰਕੇ ਅਮੀਰ ਹੋਣ ਤੋਂ ਇਲਾਵਾ ਹੋਰ ਕੁਝ ਸੁਝਦਾ ਹੀ ਨਹੀਂ।

ਭ੍ਰਿਸ਼ਟ ਰਾਜਨੀਤੀਵਾਨ ਕਾਲੇ-ਧਨ ਨਾਲ ਤਾਕਤ ਹਸਲ ਕਰੀ ਰੱਖਦੇ ਹਨ ਅਤੇ ਆਪਣੇ ਸਮੇਂ ਵਿੱਚ ਵੱਧ ਤੋਂ ਵੱਧ ਪੈਸੇ ਇਕੱਠੇ ਇਸ ਲਈ ਕਰਦੇ ਹਨ ਤਾਂ ਜੋ ਅਗਲੀ ਚੋਣ ਵਿਚ ਖਰਚ ਕਰਕੇ ਸੱਤਾ ਬਣਾਈ ਰੱਖੀ ਜਾ ਸਕੇ। ਜਦੋਂ ਤੱਕ ਇਹੋ ਜਿਹੇ ਕਾਨੂੰਨ ਨਹੀਂ ਬਣਾਏ ਜਾਂਦੇ ਜਿਸ ਨਾਲ ਲੋਕਤੰਤਰ ਵਿੱਚ ਪਾਰਦਰਸ਼ਤਾ ਆਵੇ, ਉਹਨਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ ਅਤੇ ਚੋਣ ਖ਼ਰਚੇ ਪਾਰਦਰਸ਼ੀ ਨਹੀਂ ਬਣਾਏ ਜਾਂਦੇ ਤਦ ਤੱਕ ਦੇਸ਼ ਵਿੱਚੋਂ ਭ੍ਰਿਸ਼ਟਾਚਾਰ ਸਮਾਪਤ ਨਹੀਂ ਕੀਤਾ ਜਾ ਸਕਦਾ। ਡਾ. ਐਸ.ਵਾਈ ਕੁਰੈਸ਼ੀ ਨੇ ਇੱਕ ਇੰਟਰਵਿਊ ਵਿਚ ਐਨਡੀਟੀਵੀ ਦੇ ਸਿਰੀਨਿਵਾਸਨ ਜੈਨ ਨੇ ਆਖਿਆ ਸੀ, ਚੋਣਾਂ ਸਭ ਤੋਂ ਵੱਧ ਭ੍ਰਿਸ਼ਟਾਚਾਰ ਦਾ ਸਾਧਨ ਹੈ ਕਿਉਂਕਿ ਜਿਹੜੇ ਪੈਸੇ ਚੋਣਾਂ 'ਤੇ ਖ਼ਰਚ ਕੀਤੇ ਜਾਂਦੇ ਹਨ ਉਹ ਕਾਨੂੰਨੀ ਹੱਦਾਂ ਤੋਂ ਬਹੁਤ ਵੱਧ ਹੁੰਦੇ ਹਨ। ਇਸ ਕਰਕੇ ਜਿਹੜੇ ਉਮੀਦਵਾਰ ਜਿੱਤ ਜਾਂਦੇ ਹਨ, ਉਹ ਬਹੁਤ ਕਾਹਲੀ ਵਿੱਚ ਹੁੰਦੇ ਹਨ ਕਿ ਖ਼ਰਚ ਕੀਤੇ ਗਏ ਸਾਧਨ ਸੂਦ ਸਮੇਤ ਛੇਤੀ ਮੁੜਨ। ਇਸ ਤਰ੍ਹਾਂ ਭ੍ਰਿਸ਼ਟਾਚਾਰ ਸ਼ੁਰੂ ਹੁੰਦਾ ਹੈ। ਜੇਕਰ ਇੱਕ ਉਮੀਦਵਾਰ ਬਹੁਤ ਪੈਸੇ ਖ਼ਰਚ ਕਰਦਾ ਹੈ ਤਾਂ ਫਿਰ ਦੂਸਰੇ ਨੂੰ ਮੁਕਾਬਲੇ ਵਿੱਚ ਉਸ ਤੋਂ ਵੱਧ ਖਰਚ ਕਰਨੇ ਪੈਂਦੇ ਹਨ। ਇਹ ਮੁਕਾਬਲਾ ਪੈਸੇ ਦਾ ਵੀ ਹੁੰਦਾ ਹੈ ਤੇ ਕਰਿਮਿਨਲਸ ਦਾ ਵੀ। ਜੇਕਰ ਇੱਕ ਗੁੱਟ ਕਿਸੇ ਮੁਜ਼ਰਮ ਨੂੰ ਉਮੀਦਵਾਰ ਬਣਾਉਂਦਾ ਹੈ ਤਾਂ ਦੂਸਰੀ ਪਾਰਟੀ ਉਸ ਤੋਂ ਵੱਡਾ ਦਾਦਾ ਲੱਭਣ ਲੱਗ ਜਾਂਦੀ ਹੈ ਤਾਂ ਜੋ ਜਿੱਤ ਹੋ ਸਕੇ।




ਭਾਰਤ ਦੇ ਪਹਿਲੇ ਗਵਰਨਰ ਜਨਰਲ ਸ੍ਰੀ ਸੀ. ਰਾਜਾ ਗੋਪਾਲਾਚਾਰੀ ਜੀ ਨੇ ਆਜ਼ਾਦੀ ਮਿਲਣ ਤੋਂ ਕਰੀਬ 25 ਸਾਲ ਪਹਿਲਾਂ ਇੱਕ ਲੇਖ ਵਿੱਚ ਲਿਖਿਆ ਸੀ ਕਿ ਚੋਣਾਂ ਤੇ ਉਹਦੇ ਵਿਚ ਭ੍ਰਿਸ਼ਟਾਚਾਰ, ਅਨਿਆਂ, ਪੈਸੇ ਦੀ ਤਾਕਤ, ਅਤਿਆਚਾਰ, ਅਯੋਗ ਅਫ਼ਸਰਸ਼ਾਹੀ ਜੀਵਨ ਨੂੰ ਨਰਕ ਬਣਾ ਦੇਣਗੇ ਜਿਸ ਤਰ੍ਹਾਂ ਦੀ ਸਾਨੂੰ ਆਜ਼ਾਦੀ ਮਿਲੇਗੀ। ਲੋਕ ਪਛਤਾਵਾ ਕਰਕੇ ਪਿੱਛਾਂ ਨੂੰ ਝਾਤ ਮਾਰਨਗੇ ਕਿ ਇਸ ਨਾਲੋਂ ਤਾਂ ਪਿਛਲਾ ਰਾਜ ਹੀ ਮੁਕਾਬਲੇ ਵਿੱਚ ਸ਼ਾਂਤੀ ਵਾਲਾ ਤੇ ਇਮਾਨਦਾਰ ਸੀ। ਉਮੀਦ ਕੀਤੀ ਜਾ ਸਕਦੀ ਹੈ ਜੇਕਰ ਵਿਆਪਕ ਸ਼ਿਕਸ਼ਾ ਨਾਲ ਚੰਗਾ ਆਚਰਨ, ਰੱਬ ਦਾ ਡਰ ਅਤੇ ਆਪਸੀ ਪਿਆਰ ਬਚਪਨ ਤੋਂ ਪਨਪ ਜਾਵੇ, ਨਹੀਂ ਤਾਂ ਜ਼ੁਲਮ ਕਰਨ ਵਾਲਿਆਂ ਵੱਲੋਂ ਅਨਿਆਂ ਅਤੇ ਧਨ ਦੇ ਜ਼ੋਰ ਨਾਲ ਧੱਕੇਸ਼ਾਹੀ ਹੋਵੇਗੀ। ਅਫ਼ਸੋਸ ਵਾਲੀ ਗੱਲ ਹੈ ਜੋ ਰਾਜਾ ਜੀ ਨੇ ਲਿਖਿਆ ਸੀ, ਉਹ ਅੱਜ ਦੁੱਖਦਾਈ ਸੱਚਾਈ ਸਾਹਿਬ ਹੋ ਰਹੀ ਹੈ। ਆਜ਼ਾਦੀ ਦੇ 70 ਸਾਲ ਬਾਅਦ ਵੀ ਅੱਜ ਭ੍ਰਿਸ਼ਟਾਚਾਰ ਨੇ ਪੈਸੇ ਦੇ ਜ਼ੋਰ 'ਤੇ ਭਾਰਤ ਨੂੰ ਨਿਤਾਣਾ ਬਣਾ ਦਿੱਤਾ ਹੈ। ਚੋਣਾਂ ਨੂੰ ਇਸ ਜ਼ਹਿਰ ਨੇ ਨਿਰਬਲ ਅਤੇ ਇੱਕ ਮਖ਼ੌਲ ਬਣਾ ਦਿੱਤਾ ਹੈ। ਜੇਕਰ ਵੋਟਰ ਦੀ ਦਿਆਨਤਦਾਰੀ ਨੂੰ ਕਿਸੇ ਤਰ੍ਹਾਂ ਅਨੁਕੂਲ ਸਥਿਤੀ ਪੈਦਾ ਕਰਕੇ ਬਚਾ ਲਿਆ ਜਾਵੇ ਤਾਂ ਹੀ ਚੁਣੇ ਹੋਏ ਨੁਮਾਇੰਦਿਆਂ ਦੀ ਨੇਕ-ਨੀਤੀ ਨੂੰ ਸੁਰੱਖਿਅਤ ਰੱਖਿਆ ਜਾ ਸਕਦਾ ਹੈ ਜਿਸ ਨਾਲ ਚੋਣ ਪ੍ਰਕਿਰਿਆ ਵੀ ਸੁਰੱਖਿਅਤ ਰਹਿ ਸਕੇਗੀ। ਚੋਣਾਂ ਸਮੇਂ ਕੀਤੇ ਖ਼ਰਚੇ ਜੇਕਰ ਭ੍ਰਿਸ਼ਟਾਚਾਰ ਦਾ ਕਾਰਨ ਹਨ, ਫਿਰ ਬੜੀ ਤੀਬਰ ਲੋੜ ਉਹ ਸਰੋਤ ਲੱਭਣ ਦੀ ਹੈ ਜਿੱਥੋਂ ਇਹ ਮਨਹੂਸ ਧਨ-ਸ਼ਕਤੀ ਨਿਕਲਦੀ ਹੈ, ਤਾਂ ਹੀ ਦੇਸ਼ ਵਿੱਚੋਂ ਭ੍ਰਿਸ਼ਟਾਚਾਰ ਸਮਾਪਤ ਕੀਤਾ ਜਾ ਸਕਦਾ ਹੈ। 1990 ਵਿੱਚ ਦਿਨੇਸ਼ ਗੋਸਵਾਮੀ ਕਮੇਟੀ ਨੇ ਆਪਣੀ ਰਿਪੋਰਟ ਵਿੱਚ ਲਿਖਿਆ ਸੀ ਕੰਪਨੀਆਂ ਤੋਂ ਆਉਣ ਵਾਲੇ ਦਾਨ, ਭੇਟਾ, ਚੰਦੇ 'ਤੇ ਪੂਰੀ ਤਰ੍ਹਾਂ ਦੀ ਕਾਨੂੰਨੀ ਬੰਦਿਸ਼ ਹੋਣੀ ਚਾਹੀਦੀ ਹੈ ਅਤੇ ਲੋੜ ਅਨੁਸਾਰ ਕਾਨੂੰਨ ਵਿਚ ਸੁਧਾਈ ਕੀਤੀ ਜਾਵੇ। ਉਹਨਾਂ ਆਪਣੀ ਰਿਪੋਰਟ ਵਿੱਚ ਇਹ ਵੀ ਕਿਹਾ ਕਿ ਗਲਤ ਹਿਸਾਬ-ਕਿਤਾਬ ਲੇਖਾ ਦੇਣ ਵਾਲਿਆਂ ਨੂੰ ਚੋਣ ਅਪਰਾਧੀ ਮੰਨ ਕੇ ਘੱਟੋ-ਘੱਟ ਦੋ ਸਾਲ ਦੀ ਸਜ਼ਾ ਦਿੱਤੀ ਜਾਵੇ। ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ Confederation of India Industries (399) ਦੀ ਇੱਕ ਮੀਟਿੰਗ ਵਿਚ ਬੋਲਦਿਆਂ ਕਿਹਾ ਸੀ ਜੇਕਰ ਕਿਸੇ ਵਪਾਰੀ ਨੇ ਸਿਆਸਤ ਵਿੱਚ ਆਉਣਾ ਹੈ ਤਾਂ ਉਸ ਨੂੰ ਆਪਣੇ ਵਪਾਰ ਅਤੇ ਸਿਆਸਤ ਵਿਚਕਾਰ ਚੀਨ ਦੀ ਦੀਵਾਰ ਬਣਾ ਕੇ ਰੱਖਣਾ ਚਾਹੀਦੀ ਹੈ।

Representation of Peoples Act 1951 ਅਨੁਸਾਰ ਕਿਸੇ ਵੀ ਸਿਆਸੀ ਪਾਰਟੀ ਨੂੰ 20 ਹਜ਼ਾਰ ਤੋਂ ਘੱਟ ਲਏ ਚੰਦੇ ਦਾ ਵੇਰਵਾ ਚੋਣ ਕਮਿਸ਼ਨ ਨੂੰ ਦੱਸਣ ਦੀ ਲੋੜ ਨਹੀਂ ਹੁੰਦੀ ਕਿ ਉਹ ਚੰਦਾ ਕਿੱਥੋਂ ਆਇਆ ਹੈ। ਇਸ ਐਕਟ ਦਾ ਆਸਰਾ ਲੈ ਕੇ ਕਰੀਬ ਸਾਰੀਆਂ ਸਿਆਸੀ ਪਾਰਟੀਆਂ ਆਪਣਾ-ਆਪਣਾ ਹਿਸਾਬ, ਇਹ ਆਖ ਕੇ ਕਿ ਸਾਨੂੰ ਚੰਦੇ 20 ਹਜ਼ਾਰ ਤੋਂ ਘੱਟ-ਘੱਟ ਹੀ ਆਏ, ਮੂਰਖ ਬਣਾਉਂਦੀਆਂ ਹਨ ਅਤੇ ਚੋਣ ਕਮਿਸ਼ਨ ਨੂੰ ਹਿਸਾਬ ਕਿਤਾਬ ਜਮ੍ਹਾਂ ਕਰਵਾ ਦਿੰਦੀਆਂ ਹਨ। ਲੋੜ ਹੈ ਇਸ ਲਈ ਕਰੜੇ ਕਾਨੂੰਨ ਬਣਾਏ ਜਾਣ ਤਾਂ ਜੋ ਸਿਆਸੀ ਪਾਰਟੀਆਂ ਨੂੰ ਇਹ ਦੱਸਣਾ ਜ਼ਰੂਰੀ ਹੋ ਜਾਵੇ ਕਿ ਛੋਟੀਆਂ-ਵੱਡੀਆਂ ਸਾਰੀਆਂ ਰਕਮਾਂ ਕਿੱਥੋਂ-ਕਿੱਥੋਂ ਆਈਆਂ ਹਨ। ਇੱਕ-ਇੱਕ ਪੈਸੇ ਦਾ ਹਿਸਾਬ ਚੋਣ ਕਮਿਸ਼ਨ ਨੂੰ ਦਿੱਤਾ ਜਾਵੇ। ਇਹ ਬੇਹੱਦ ਜ਼ਰੂਰੀ ਹੈ। ਇਹ ਕਾਨੂੰਨ ਤਾਂ ਹੈ ਅਤੇ ਖ਼ਰਚਿਆਂ 'ਤੇ ਪਾਬੰਦੀ ਵੀ ਹੈ ਕਿ ਕਿਸ ਉਮੀਦਵਾਰ ਨੇ ਚੋਣ ਪ੍ਰਚਾਰ 'ਤੇ ਕਿੰਨੇ ਰੁਪਏ ਖ਼ਰਚ ਕੀਤੇ ਹਨ। ਪਰ ਇਹ ਕਾਨੂੰਨ ਨਹੀਂ ਹੈ ਕਿ ਸਿਆਸੀ ਪਾਰਟੀਆਂ ਨੇ ਚੋਣਾਂ 'ਤੇ ਕੀ ਖ਼ਰਚ ਕੀਤਾ ਹੈ। ਨਤੀਜੇ ਵਜੋਂ 21ਵੀਂ ਸਦੀ ਵਿੱਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਵੱਧਦਾ ਹੀ ਜਾ ਰਿਹਾ ਹੈ। ਇਸ ਕਰਕੇ ਇਹ ਜ਼ਰੂਰੀ ਹੋ ਗਿਆ ਹੈ ਚੋਣਾਂ ਵਿੱਚ ਪੈਸੇ ਦੀ ਸ਼ਕਤੀ ਦੀ ਦੁਰਵਰਤੋਂ ਨੂੰ ਰੋਕਣ ਲਈ ਖ਼ਾਸ ਕਰਕੇ ਕਾਲੇ-ਧਨ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਏ ਜਾਣ। ਸਾਰੀਆਂ ਸਿਆਸੀ ਪਾਰਟੀਆਂ ਦੇ ਮੁਖੀ ਵੱਖ-ਵੱਖ ਸਮੇਂ ਇਹ ਮੰਨਦੇ ਰਹੇ ਹਨ ਕਿ ਚੋਣ-ਸੁਧਾਰ ਬਾਰੇ ਬੜੀ ਸੰਜੀਦਗੀ ਨਾਲ ਸੋਚ ਵਿਚਾਰ ਕਰਨ ਦੀ ਲੋੜ ਹੈ। ਸਿਆਸੀ ਪਾਰਟੀਆਂ ਦੇ ਖ਼ਰਚੇ 'ਤੇ ਸੀਲਿੰਗ ਲਾਉਣ ਵਾਲੇ ਖ਼ਲਾਅ ਨੂੰ ਠੀਕ ਕੀਤਾ ਜਾਵੇ। ਵਿਡੰਬਨਾ ਇਹ ਹੈ ਕਿ ਉਮੀਦਵਾਰ 'ਤੇ ਪਾਬੰਦੀਆਂ ਹਨ ਪਰ ਸਿਆਸੀ ਪਾਰਟੀਆਂ 'ਤੇ ਨਹੀਂ। ਇਹ ਬੜੀ ਨਾਮੁਨਾਸਬ ਸਥਿਤੀ ਹੈ। ਜਦੋਂ ਤੱਕ ਇਸ ਨੂੰ ਠੀਕ ਨਹੀਂ ਕੀਤਾ ਜਾਂਦਾ ਧਨ ਦੀ ਤਾਕਤ ਦੇਸ਼ ਵਿਚ ਡੈਮੋਕਰੇਸੀ ਨੂੰ ਵਿਕ੍ਰਿਤ ਕਰੀ ਜਾਵੇਗੀ। ਜੇਗਰ ਸਿਆਸੀ ਪਾਰਟੀਆਂ ਨੂੰ ਵੀ ਸੂਚਨਾ ਦੇ ਅਧਿਕਾਰ ਕਾਨੂੰਨ (Right to information Act) ਹੇਠ ਲਿਆਂਦਾ ਜਾਵੇ ਤਾਂ ਭ੍ਰਿਸ਼ਟਾਚਾਰ ਦੇ ਮਸਲੇ ਨੂੰ ਬਹੁਤ ਹੱਦ ਤੱਕ ਨੱਥ ਪਾਈ ਜਾ ਸਕਦੀ ਹੈ। ਇਸ ਨਾਲ ਪਾਰਟੀਆਂ ਦਾ ਹਿਸਾਬ ਕਿਤਾਬ ਲੋਕਾਂ ਦੀ ਤੇਜ਼ ਨਿਗਾਹ ਹੇਠ ਵੀ ਆ ਜਾਵੇਗਾ ਅਤੇ ਇਸ ਮਸਲੇ ਦਾ ਬਹੁਤ ਹੱਦ ਤੱਕ ਹੱਲ ਹੋ ਸਕਦਾ ਹੈ। ਸਭ ਤੋਂ ਅਹਿਮ ਸਵਾਲ ਇਹੀ ਹੈ ਕਿ ਅਜਿਹਾ ਕੀਤਾ ਕਿਉਂ ਨਹੀਂ ਜਾਂਦਾ। ਅਸੀਂ ਭਾਰਤ ਦੀਆਂ ਚੋਣਾਂ ਵਿੱਚ ਬਹੁਤ ਹੱਦ ਤੱਕ ਬਾਹੂਬਲ ਦੀ ਤਾਕਤ ਨੂੰ ਰੋਕਣ ਵਿਚ ਸਫ਼ਲ ਹੋਏ ਹਾਂ। ਜਿਸ ਨਾਲ ਅੱਗੇ ਬਹੁਤ ਸਾਰੇ ਵੋਟਰ ਖ਼ਾਸ ਕਰਕੇ ਕਮਜ਼ੋਰ ਤਬਕੇ ਦੇ ਲੋਕ ਵੋਟ ਪਾਉਣ ਤੋਂ ਪਰਹੇਜ਼ ਕਰ ਜਾਂਦੇ ਸਨ। ਜੇਕਰ ਬਾਹੂਬਲੀਆਂ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ ਤਾਂ ਫਿਰ ਅਸੀਂ ਕਾਲੇ ਧਨ ਨੂੰ ਵੀ ਰੋਕ ਸਕਦੇ ਹਾਂ। ਬਹੁਤ ਸਾਰੀਆਂ ਤਜਵੀਜ਼ਾਂ ਉਤਸ਼ਾਹੀ ਅਫ਼ਸਰਾਂ ਨੇ ਸਰਕਾਰ ਨੂੰ ਭੇਜੀਆਂ ਹਨ ਜਿਹਨਾਂ ਨਾਲ ਧਨ ਦੀ ਤਾਕਤ ਨੂੰ ਰੋਕਿਆ ਜਾ ਸਕਦਾ ਹੈ। ਚੋਣ ਕਮਿਸ਼ਨ ਨੇ ਬਾਹੂਬਲੀਆਂ ਨੂੰ ਰੋਕਣ ਵਿੱਚ ਬਹੁਤ ਅੱਛਾ ਕੰਮ ਕੀਤਾ ਹੈ। ਕੋਈ ਵਜ੍ਹਾ ਨਹੀਂ ਕਿ ਹੁਣ ਚੋਣ ਕਮਿਸ਼ਨ ਧਨ ਦੀ ਤਾਕਤ ਨੂੰ ਰੋਕ ਨਾ ਸਕੇ ਅਤੇ ਚੋਣਾਂ ਦੀ ਨਿਰਪੱਖਤਾ ਅਤੇ ਨਿਰਮਲਤਾ ਕਾਇਮ ਨਾ ਰੱਖ ਸਕੇ। ਭਾਰਤ ਦੇ ਨਾਗਰਿਕਾਂ ਦੀ ਤੀਬਰ ਇੱਛਾ ਹੈ ਖ਼ਾਸ ਕਰ ਨੌਜਵਾਨ ਪੀੜ੍ਹੀ ਦੀ ਕਿ ਚੋਣਾਂ ਵਿੱਚੋਂ ਪੈਸੇ ਦੀ ਤਾਕਤ ਦਾ ਖਾਤਮਾ ਛੇਤੀ ਤੋਂ ਛੇਤੀ ਹੋਵੇ। ਉਹ ਚਾਹੁੰਦੇ ਹਨ ਇਹ ਕਾਰਜ ਜਲਦ ਹੋਵੇ, ਜਿਸ ਨਾਲ ਦੇਸ਼ ਦਾ ਲੋਕਤੰਤਰ ਉਹਨਾਂ ਵਾਸਤੇ ਵੀ ਅਰਥਪੂਰਣ ਹੋਵੇ। ਭਾਰਤ ਵਾਸੀਆਂ ਦੀ ਇਹ ਤਾਂਘ ਰੱਖਣ ਵਾਲੇ ਵਿਸ਼ੇਸ਼ ਤੌਰ 'ਤੇ ਨੌਜਵਾਨਾਂ ਦੀਆਂ ਅਭਿਲਾਸ਼ਾਵਾਂ ਨੂੰ ਅੱਖੋਂ ਪਰੋਖਿਆ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਸਮਾਜ ਦਾ ਅੱਜ ਬਹੁਤ ਵੱਡਾ ਹਿੱਸਾ ਹਨ। ਇਹਨਾਂ ਦੀ ਯੋਗਤਾ ਅਤੇ ਊਰਜਾ ਦੀ ਵਰਤੋਂ ਨਾਲ ਦੇਸ਼ ਨੂੰ ਬਹੁਤ ਵੱਡਾ ਲਾਭ ਹੋਵੇਗਾ। ਪੈਸੇ ਦੀ ਚੋਣਾਂ ਵਿੱਚ ਦੁਰਵਰਤੋਂ ਰੋਕਣ ਨਾਲ ਦੇਸ਼ ਦੀ ਨੌਜਵਾਨ ਪੀੜ੍ਹੀ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਤੀਬਰ ਇੱਛਾ ਨੂੰ ਬੂਰ ਪਵੇਗਾ ਅਤੇ ਉਨ੍ਹਾਂ ਨੂੰ ਸਾਫ਼-ਸੁਥਰੀ ਰਾਜਨੀਤੀ ਦਾ ਲਾਭ ਵੀ ਪ੍ਰਾਪਤ ਹੋਵੇਗਾ। ਸ੍ਰੀ ਐਸ.ਐਨ. ਸਾਹੂ, ਜਿਨ੍ਹਾਂ ਨੇ ਰਾਸ਼ਟਰਪਤੀ ਕੇ.ਆਰ. ਨਰਾਇਣਨ ਅਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਨਾਲ ਕੰਮ ਕੀਤਾ ਹੈ, ਦਾ ਕਹਿਣਾ ਹੈ ਭ੍ਰਿਸ਼ਟਾਚਾਰ ਦੇ ਕਾਰਨ ਲੱਭੇ ਜਾ ਸਕਦੇ ਹਨ, ਚੋਣਾਂ ਵਿੱਚ ਸਿਆਸੀ ਪਾਰਟੀਆਂ ਦੁਆਰਾ ਖਰਚ ਕੀਤੇ ਬੇਹਿਸਾਬ ਪੈਸੇ ਵਿੱਚੋਂ ਜੇਕਰ ਸਫਲਤਾਪੂਰਵਕ ਉਪਾਓ ਕੀਤੇ ਜਾਣ ਫੇਰ ਭ੍ਰਿਸ਼ਟਾਚਾਰ ਨੂੰ ਨਿਸ਼ਚਿਤ ਹੀ ਜੜ੍ਹੋਂ ਸਮਾਪਤ ਕੀਤਾ ਜਾ ਸਕਦਾ ਹੈ ਅਤੇ ਸਾਫ-ਸੁਥਰੀ ਸ਼ਾਸਨ-ਪ੍ਰਣਾਲੀ ਅਤੇ ਭਾਈਚਾਰਾ ਸਥਾਪਤ ਕੀਤਾ ਜਾ ਸਕਦਾ ਹੈ।

# ਖੇਤੀ ਸਮੱਸਿਆ ਦੀ ਬੁਨਿਆਦ ਨਾਲ ਜੁੜੀਆਂ ਤੰਦਾਂ



ਰਾਸ਼ਟਰੀ ਨਮੂਨਾ ਸਰਵੇ 2003-04 ਅਨੁਸਾਰ ਦਿਹਾਤੀ ਖੇਤਰ ਦੇ ਉੱਪਰਲੇ 9.4 ਫ਼ੀਸਦੀ ਲੋਕਾਂ ਕੋਲ 56.6 ਫ਼ੀਸਦੀ ਜ਼ਮੀਨ ਦੀ ਮਲਕੀਅਤ ਹੈ। ਜੇ ਘਰੇਲੂ ਰਿਹਾਇਸ਼ਾਂ ਨੂੰ ਛੱਡ ਦੇਈਏ ਤਾਂ 41.6 ਫ਼ੀਸਦੀ ਦਿਹਾਤੀ ਲੋਕ ਜ਼ਮੀਨ ਵਿਹੂਣੇ ਹਨ। ਇਸ ਵਿੱਚ ਟਰੱਸਟਾਂ, ਧਾਰਮਿਕ ਅਦਾਰਿਆਂ ਤੇ ਹੋਰ ਅਜਿਹੀਆਂ ਸੰਸਥਾਵਾਂ ਕੋਲ ਵੱਡੀ ਮਾਤਰਾ ਵਿੱਚ ਪਈ ਵਾਹੁਣਯੋਗ ਜ਼ਮੀਨ ਸ਼ਾਮਲ ਨਹੀਂ। ਸਮਾਜਿਕ ਆਰਥਿਕ ਅਤੇ ਜਾਤੀ ਜਨਗਣਨਾ 2011 ਅਨੁਸਾਰ ਦਿਹਾਤੀ ਭਾਰਤ ਵਿੱਚ 56 ਫ਼ੀਸਦੀ ਭੂਮੀਹੀਣਾਂ ਵਿੱਚੋਂ 73 ਫ਼ੀਸਦੀ ਦਲਿਤ ਹਨ। ਦਿਹਾਤੀ ਪੰਜਾਬ ਵਿੱਚ ਦਲਿਤਾਂ ਦੀ 39.85 ਫ਼ੀਸਦੀ ਆਬਾਦੀ ਕੋਲ ਮਾਤਰ 2.8 ਫ਼ੀਸਦੀ ਅਤੇ ਗ਼ੈਰ-ਦਲਿਤਾਂ ਦੀ 60.06 ਫ਼ੀਸਦੀ ਜਨਸੰਖਿਆਂ ਕੋਲ 97.17 ਫ਼ੀਸਦੀ ਜ਼ਮੀਨ ਦੀ ਮਲਕੀਅਤ ਹੈ। ਪਰ ਖੇਤੀ ਮਜ਼ਦੂਰਾਂ ਵਿੱਚ ਦਲਿਤਾਂ ਦੀ ਭਾਰੀ ਬਹੁਗਿਣਤੀ ਹੈ। ਜ਼ਮੀਨ ਦੀ ਕਾਣੀ ਵੰਡ ਕਾਰਨ ਹੀ ਹਰੀ ਕ੍ਰਾਂਤੀ ਵੱਡੀ ਕਿਸਾਨੀ ਦੇ ਹੱਕ ਵਿੱਚ ਭੁਗਤੀ। ਇਹੀ ਅਸਾਵੀਂ ਵੰਡ ਜਾਗੀਰੂ ਧੌਂਸ ਦੇ ਸਿਰ 'ਤੇ ਫਿਰਕੂ ਅਤੇ ਜਾਤੀਵਾਦੀ ਵਿਵਸਥਾ ਦੇ ਆਧਾਰ ਨੂੰ ਮਜ਼ਬੂਤ ਕਰਦੀ ਹੈ।

ਸੰਸਥਾਗਤ ਜ਼ਮੀਨੀ ਤੇ ਕਾਸ਼ਤਕਾਰੀ ਸੁਧਾਰਾਂ ਨਾਲ ਦੇਸ਼ ਵਿੱਚੋਂ ਅਰਧ- ਜਾਗੀਰਦਾਰੀ ਢਾਂਚਾ ਤੇ ਜਾਤੀਵਾਦ ਨੂੰ ਖਤਮ ਕੀਤਾ ਜਾ ਸਕਦਾ ਹੈ। ਇਹ ਵਿਡੰਬਨਾ ਹੀ ਹੈ ਕਿ ਜ਼ਮੀਨ ਸੁਧਾਰ ਤੇ ਯੋਜਨਾਬੱਧ ਤਰੀਕੇ ਨਾਲ ਮੁੜ ਵੰਡ ਦਾ ਮਸਲਾ ਕਿਸੇ ਲੋਕ ਪੱਖੀ ਤੇ ਦਲਿਤ ਹਿਤੈਸ਼ੀ ਪਾਰਟੀ ਦੇ ਏਜੰਡੇ 'ਤੇ ਨਹੀਂ ਹੈ। ਮੁੱਖ ਧਾਰਾ ਆਰਥਿਕ ਤੇ ਨੀਤੀ ਵਿਗਿਆਨੀ ਅਤੇ ਅਕਾਦਮਿਕ ਗਲਿਆਰੇ 'ਜ਼ਮੀਨ ਦੇ ਸਵਾਲ' ਨੂੰ ਹੱਲ ਹੋਇਆ ਮੰਨ ਕੇ ਸੰਮਿਲਤ ਖੇਤੀਬਾੜੀ ਵਿਕਾਸ ਦੇ ਖੋਖਲੇ ਤੇ ਆਧਾਰਹੀਨ ਹੱਲ ਦੇਣ 'ਚ ਮਸ਼ਰੂਫ ਹਨ। ਸਾਨੂੰ 'ਜ਼ਮੀਨ ਹਲ ਵਾਹਕ ਦੀ' ਨਾਹਰੇ ਤਹਿਤ ਇਹ ਸ਼ਨਾਖਤ ਕਰਨੀ ਸ਼ੁਰੂ ਕਰ ਦੇਣੀ ਚਾਹੀਦੀ ਹੈ ਕਿ ਜ਼ਮੀਨ ਉੱਤੇ ਅਸਲ 'ਚ ਕੰਮ ਕਰਨ ਵਾਲੇ 'ਖੇਤ ਮਜ਼ਦੂਰ' ਦਾ ਜ਼ਮੀਨ ਨਾਲ ਕੀ ਰਿਸ਼ਤਾ ਹੈ।

ਸਮੇਂ ਦੀਆਂ ਸਰਕਾਰਾਂ ਦੀ ਸੁਚੇਤ ਰੂਪ 'ਚ ਲਗਾਤਾਰ ਅਣਦੇਖੀ ਤੇ ਕਾਰਪੋਰੇਟ ਪੱਖੀ ਨੀਤੀਆਂ ਕਰਕੇ ਅੱਜ ਖੇਤੀਬਾੜੀ ਇੱਕ ਘਾਟੇ ਵਾਲਾ ਧੰਦਾ ਬਣ ਗਿਆ ਜਿਸ ਕਾਰਨ ਕਿਸਾਨੀ ਆਤਮਦਾਹ ਦੇ ਰਸਤੇ ਪੈਣ ਲਈ ਮਜਬੂਰ ਹੈ। ਇਸ ਨਿਘਾਰ ਦੀ ਸਥਿਤੀ 'ਚੋਂ ਨਿਕਲਣ ਲਈ ਸਰਕਾਰਾਂ ਦੁਆਰਾ ਗਠਿਤ ਕਮੇਟੀਆਂ, ਕਮਿਸ਼ਨਾਂ ਅਤੇ ਖੇਤੀਬਾੜੀ ਅਰਥਸ਼ਾਸ਼ਤਰੀਆਂ ਨੇ ਕਈ ਸੁਝਾਅ ਦਿੱਤੇ ਜਿਹੜੇ ਇਸ ਨੂੰ ਕੇਵਲ ਕਰਜ਼ਾ ਮੁਆਫੀ, ਖ਼ੁਰਾਕ ਸੁਰੱਖਿਆ, ਘੱਟੋ-ਘੱਟ ਮੁੱਲ, ਖੇਤੀਬਾੜੀ ਦਾ ਬਾਜ਼ਾਰੀਕਰਨ ਅਤੇ ਕਈ ਤਰ੍ਹਾਂ ਦੀਆਂ ਰਿਆਇਤਾਂ ਵਰਗੇ ਪ੍ਰਚੱਲਤ ਸੁਧਾਰ ਸੁਝਾਵਾਂ ਤੱਕ ਸੀਮਤ ਕਰਦੇ ਰਹੇ ਹਨ ਹਾਲਾਕਿ ਇਨ੍ਹਾਂ ਮਾਮੂਲੀ ਸੁਧਾਰਾਂ 'ਤੇ ਵੀ ਸਰਕਾਰਾਂ ਨੇ ਕਦੇ ਅਮਲ ਨਹੀਂ ਕੀਤਾ।

ਪਿਛਲੇ ਕਾਫੀ ਸਮੇਂ ਤੋਂ ਕਰਜ਼ਾ ਮੁਆਫੀ ਨੂੰ 'ਵੋਟ ਬੈਂਕ ਰਾਜਨੀਤੀ' ਤਹਿਤ ਵੱਡਾ ਮੁੱਦਾ ਬਣਾ ਕੇ ਪੇਸ਼ ਕੀਤਾ ਜਾ ਰਿਹਾ, ਹਾਲਾਂਕਿ ਖੇਤੀਬਾੜੀ ਦੀ ਸੱਮਸਿਆ ਇਸ ਤੋਂ ਵੱਧ ਢਾਂਚਾਗਤ ਰੂਪ 'ਚ ਗੁੰਝਲਦਾਰ ਹੈ। ਸਰਕਾਰੀ ਅਰਥਸ਼ਾਸ਼ਤਰੀਆਂ ਅਤੇ ਬੈਂਕ ਪ੍ਰਤਿਨਿਧੀਆਂ ਨੇ ਕਿਸਾਨ ਕਰਜ਼ਾ ਮੁਆਫੀ ਨਾਲ 'ਆਰਥਿਕ ਅਨੁਸ਼ਾਸਨਹੀਣਤਾ' ਹੋਣ ਦੇ ਸ਼ੰਕੇ ਪ੍ਰਗਟ ਕੀਤੇ ਜੋ ਸੱਚਾਈ ਤੋਂ ਕੋਹਾਂ ਦੂਰ ਹਨ। ਵਪਾਰੀਆਂ ਦੁਆਰਾ ਕਰਜ਼ਾ ਵਾਪਸ ਨਾ ਕਰਨ ਦੀ ਸਥਿਤੀ ਵਿੱਚ ਸਰਕਾਰਾਂ ਕਰਜ਼ਾ ਮੁਆਫ ਕਰ ਦਿੰਦੀਆਂ ਹਨ। ਬਾਕੀ ਟੈਕਸ ਰਿਆਇਤਾਂ ਲੈਣ ਅਤੇ ਟੈਕਸ ਚੋਰੀ ਵਿੱਚ ਕਾਰਪੋਰੇਟਾਂ ਦਾ ਕੋਈ ਮੁਕਾਬਲਾ ਨਹੀਂ। ਕੀ ਹੁਣ ਤੱਕ ਬਣੇ ਸੱਤ ਤਨਖਾਹ ਕਮਿਸ਼ਨਾਂ ਨਾਲ 'ਆਰਥਿਕ ਅਨੁਸ਼ਾਸਨਹੀਣਤਾ' ਨਹੀਂ ਫੈਲਦੀ? ਖੇਤੀਬਾੜੀ ਕਰਜ਼ੇ ਵਿੱਚ ਵੀ 75 ਫ਼ੀਸਦੀ ਦੇ ਲਗਪਗ ਖੇਤੀਬਾੜੀ ਨਾਲ ਸਬੰਧਤ ਵਪਾਰਕ ਤੇ ਸੰਦ ਬਣਾਉਣ ਵਾਲੀਆਂ ਕੰਪਨੀਆਂ ਅਤੇ ਵੱਡੇ ਕਿਸਾਨਾਂ ਨੂੰ ਦਿੱਤਾ ਜਾਂਦਾ ਹੈ। ਫਾਰਮ ਲੋਨ ਦਾ ਵੀ ਮਹਿਜ਼ 8 ਫ਼ੀਸਦੀ ਹੀ ਛੋਟੇ ਤੇ ਸੀਮਾਂਤ ਕਿਸਾਨਾਂ ਨੂੰ ਮਿਲਦਾ ਹੈ। ਇਸ ਅਸੰਗਠਿਤ ਕਰਜ਼ ਪ੍ਰਣਾਲੀ ਦੇ ਸੂਦਖੋਰਾਂ ਤੋਂ ਲਏ ਜਾਂਦੇ ਕਰਜ਼ ਪ੍ਰਤੀ ਸਾਰੀਆਂ ਸਰਕਾਰਾਂ ਚੁੱਪ ਹਨ।

ਕਿਸਾਨੀ ਕਰਜ਼ੇ ਦੇ ਮੂਲ ਕਾਰਨ ਲਈ 'ਖੇਤੀ ਲਾਗਤ' ਦਾ ਵੱਡਾ ਹਿੱਸਾ ਹੱਦੋਂ ਵੱਧ ਠੇਕਾ ਹੈ। ਪੰਜਾਬ ਵਿੱਚ ਇੱਕ ਏਕੜ ਦਾ ਠੇਕਾ ਲਗਪਗ 40-50 ਹਜ਼ਾਰ ਦੇ ਨੇੜੇ ਹੈ ਜੋ ਕਿ ਖੇਤੀ ਲਾਗਤ ਦੇ ਦੱਸਵੇਂ ਹਿੱਸੇ ਤੋਂ ਵੀ ਘੱਟ ਹੋਣੇ ਚਾਹੀਦੇ ਹਨ। ਖਾਦ ਸਮੱਗਰੀ ਤੇ ਬੀਜਾਂ ਨੂੰ ਬਾਜ਼ਾਰ ਨਾਲ ਲਿੰਕ ਕਰਨ ਨਾਲ ਲਾਗਤ ਬਹੁਤ ਵਧੀ ਹੈ। ਸਰਕਾਰ ਦੀ 'ਖੇਤੀ ਖੋਜ' ਪ੍ਰਤੀ ਉਦਾਸਹੀਣਤਾ ਕਰਕੇ ਅਸੀਂ ਖੇਤੀ ਸੰਬੰਧਤ 'ਇਨਪੁਟਸ' ਬਾਹਰੋਂ ਆਯਾਤ ਕਰਵਾਉਣ ਲਈ ਮਜਬੂਰ ਹਾਂ। ਕਨੇਡਾ ਦਾ ਹਾਈਬ੍ਰਿਡ ਬੀਜ ਉਦਯੋਗ ਭਾਰਤ, ਖਾਸ ਕਰ ਪੰਜਾਬ ਦੇ ਬੀਜ ਆਯਾਤ ਉੱਤੇ ਪੂਰੀ ਤਰ੍ਹਾਂ ਨਿਰਭਰ ਹੈ। ਪਿਛਲੇ ਕਈ ਦਹਾਕਿਆਂ ਤੋਂ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੂੰ ਫੰਡ ਲਈ ਪੰਜਾਬ ਸਰਕਾਰ ਅੱਗੇ ਤਰਲੇ ਕੱਢਣੇ ਪੈ ਰਹੇ ਹਨ। ਮੰਡੀਆਂ ਵਿੱਚ ਵਿਚੋਲਗੀ ਹੋਣ ਕਰਕੇ ਪੈਦਾਵਾਰ ਦੀ ਵਾਜਬ ਕੀਮਤ ਵੀ ਨਹੀਂ ਮਿਲ ਰਹੀ। ਨਤੀਜਨ ਕਿਸਾਨ ਕਰਜ਼ੇ ਥੱਲੇ ਆ ਕੇ ਆਤਮ ਹੱਤਿਆ ਕਰਨ ਲਈ ਮਜਬੂਰ ਹਨ।

ਖੇਤੀਬਾੜੀ ਨਾਲ ਸਾਡੇ ਸਮਾਜ ਦੀਆਂ ਸਭਿਆਚਾਰਕ ਕਦਰਾਂ ਕੀਮਤਾਂ ਜੁੜੀਆਂ ਹੋਈਆਂ ਹਨ ਬਾਜ਼ਾਰ ਸਿਰਫ 'ਮੁਨਾਫੇ' ਦੀ ਭਾਸ਼ਾ ਸਮਝਦਾ ਹੈ। ਪਾਣੀ ਵਰਗੇ ਭੌਤਿਕ ਤੱਤ ਨੂੰ ਬਾਜ਼ਾਰ ਖਰੀਦ-ਵੇਚ ਵਾਲੀ 'ਵਸਤੂ' ਬਣਾ ਕੇ ਖੂਬ ਕਮਾਈ ਕਰ ਰਿਹ ਹੈ। ਕੇਂਦਰੀ ਗਰਾਊਂਡ ਜਲ ਬੋਰਡ ਮੁਤਾਬਕ ਪੰਜਾਬ ਦੇ ਧਰਾਤਲ ਦਾ 84 ਫ਼ੀਸਦੀ ਪਾਣੀ ਪਲੀਤ ਹੋ ਚੁੱਕਾ ਹੈ। ਉਦਾਰਵਾਦੀ ਨੀਤੀਆਂ ਤਹਿਤ ਖੇਤੀ ਨੂੰ ਵੀ ਮਾਰਕੀਟ ਨਾਲ ਜੋੜਿਆ ਜਾ ਰਿਹਾ ਹੈ ਭੂਮੀ ਅਧਿਗ੍ਰਹਿਣ ਕਾਨੂੰਨ, 2013 ਅਤੇ ਜੰਗਲ ਅਧਿਕਾਰ ਕਾਨੂੰਨ,2006 ਤਹਿਤ ਉਪਜਾਊ ਜ਼ਮੀਨਾਂ ਕਿਸਾਨਾਂ ਅਤੇ ਆਦਿਵਾਸੀਆਂ ਤੋਂ ਖੋਹ ਕੇ ਰੀਅਲ ਏਸਟੇਟ ਬਿਲਡਰਾਂ ਅਤੇ ਕਾਰਪੋਰੇਟਾਂ ਦੇ ਹਵਾਲੇ ਕਰਨ ਦਾ ਸਿਲਸਿਲਾ ਨਿਰਵਿਘਨ ਜਾਰੀ ਹੈ ਜਿਸ ਨਾਲ ਉਪਜਾਊ ਜ਼ਮੀਨ ਲਗਾਤਾਰ ਘੱਟ ਰਹੀ ਹੈ। ਕੇਰਲਾ ਨੇ 'ਕੁਡੰਮਬਸ਼ਰੀ' ਪ੍ਰੋਗਰਾਮ ਤਹਿਤ 27270 ਏਕੜ ਏਰੀਏ ਵਿੱਚ 46444 ਗਰੁੱਪ ਬਣਾ ਕੇ ਹਰੇਕ ਗਰੁੱਪ ਨੂੰ ਢਾਈ ਏਕੜ ਤੱਕ ਜ਼ਮੀਨ ਦਿੱਤੀ ਹੈ। ਇਸ ਵਿੱਚ ਔਰਤਾਂ ਦੀ 50 ਫ਼ੀਸਦੀ ਭਾਗੇਦਾਰੀ ਹੈ। ਇਸ ਪ੍ਰੋਗਰਾਮ ਤਹਿਤ ਸਰਕਾਰ ਕਿਸਾਨਾਂ ਨੂੰ ਵਿਹਲੀ ਪਈ ਸਰਕਾਰੀ ਜਾਂ ਨਿੱਜੀ ਜ਼ਮੀਨ ਠੇਕੇ 'ਤੇ ਲੈ ਕੇ ਮੁਹੱਈਆ ਕਰਵਾਉਂਦੀ ਹੈ। ਇਹ ਮਾਡਲ ਕਾਫੀ ਪ੍ਰਚਲਿਤ ਤੇ ਸਫਲ ਸਾਬਤ ਹੋਇਆ ਹੈ। ਕੇਰਲਾ ਦੇ ਸਮੂਹਿਕ ਮਾਡਲ ਪਿੱਛੇ ਜ਼ਮੀਨੀ ਸੁਧਾਰਾਂ ਦਾ ਵੱਡਾ ਹੱਥ ਹੈ। ਬਾਕੀ ਦੇ ਸੁਧਾਰ ਵੀ ਮਹੱਤਵਪੂਰਨ ਹਨ ਪਰ ਜ਼ਮੀਨ ਤੇ ਠੇਕਾ ਪ੍ਰਣਾਲੀ ਵਰਗੇ ਢਾਂਚਾਗਤ ਸੁਧਾਰਾਂ ਨਾਲ ਖੇਤੀ ਨੂੰ ਮੁੜ ਤੋਂ ਸੁਰਜੀਤ ਕੀਤਾ ਜਾ ਸਕਦਾ ਹੈ। ਛੋਟੇ ਤੇ ਸੀਮਾਂਤ ਕਿਸਾਨਾਂ ਨੂੰ ਜਥੇਬੰਦ ਹੋਣ ਲੋੜ ਹੈ।

• ਸੰਦੀਪ ਕੁਮਾਰ

# ਲੋਕਾਂ ਨੇ ਗੈਂਗਸਟਰ ਦੇ ਜੇਲ੍ਹ 'ਚੋਂ ਭੱਜਣ ਦਾ ਜਸ਼ਨ ਮਨਾਇਆ

ਰੇਦੁਅਨ ਫ਼ੈਦ ਫਰਾਂਸ ਦਾ ਇੱਕ ਅਜਿਹਾ ਅਪਰਾਧੀ ਹੈ ਜਿਸ ਨੂੰ ਲੁੱਟ ਦੀ ਕੋਸ਼ਿਸ਼ ਦੇ ਇੱਕ ਮਾਮਲੇ 'ਚ 25 ਸਾਲਾਂ ਦੀ ਸਜ਼ਾ ਹੋਈ ਸੀ। ਜਦੋਂ 1 ਜੁਲਾਈ ਨੂੰ ਉਹ ਜੇਲ੍ਹ 'ਚੋਂ ਭੱਜਿਆ ਤਾਂ ਫਰਾਂਸ ਦੇ ਕਈ ਲੋਕਾਂ ਨੇ ਇਸ ਦਾ ਜਸ਼ਨ ਮਨਾਇਆ।ਅਦਾਕਾਰਾ ਬੀਐਟ੍ਰਿਸ ਡੇਲ ਨੇ ਤਾਂ ਆਪਣੇ ਇੰਸਟਾਗ੍ਰਾਮ ਅਕਾਊਂਟ ਉੱਪਰ ਲਿਖਿਆ: "ਪੂਰਾ ਫਰਾਂਸ ਤੇਰੇ ਨਾਲ ਹੈ। ਮੈਂ ਕਈ ਘੰਟੇ ਨੱਚ ਕੇ ਇਸ ਦਾ ਜਸ਼ਨ ਮਨਾਵਾਂਗੀ।" ਫਰਾਂਸ ਦੇ ਲੋਕਾਂ 'ਚ ਗੈਂਗਸਟਰਾਂ ਪ੍ਰਤੀ ਲੋਕਾਂ 'ਚ ਖਾਸ ਰੋਮਾਂਚ ਹੁੰਦਾ ਹੈ। ਖਾਸ ਤੌਰ 'ਤੇ ਉਨ੍ਹਾਂ ਦੀ ਚੜ੍ਹਤ ਰਹਿੰਦੀ ਹੈ ਜਿਹੜੇ ਜੇਲ੍ਹੋਂ ਭੱਜਦੇ ਹਨ।ਜੇ ਕਿਸੇ ਗੈਂਗਸਟਰ ਕੋਲ ਅਜਿਹੇ ਕਈ ਕਿੱਸੇ ਹੋਣ ਤੇ ਜੇ ਫਿਰ ਉਹ ਕਿਤਾਬ ਵੀ ਲਿਖ ਦੇਵੇ ਤਾਂ ਗੱਲ ਹੀ ਬਣ ਜਾਂਦੀ ਹੈ। ਟੀਵੀ ਸੈਲਿਬ੍ਰਿਟੀ ਵੀ ਬਣ ਜਾਂਦਾ ਹੈ।



ਫ਼ੈਦ ਕਿਉਂ ਖ਼ਾਸ ਹੈ ?

ਰੇਦੁਅਨ ਫ਼ੈਦ ਦੀ ਜ਼ਿੰਦਗੀ 'ਚ ਸਾਰੇ ਰਸ ਹਨ — ਵੱਡੀਆਂ ਘਟਨਾਵਾਂ ਵੀ, ਬਦਲਾਅ ਦੇ ਕਿੱਸੇ ਵੀ। ਇਹੀ ਕਾਰਨ ਹੈ ਕਿ ਫਰਾਂਸ ਦੇ ਲੋਕ ਉਸ ਨਾਲ ਇੰਨਾ ਜੁੜਿਆ ਮਹਿਸੂਸ ਕਰਦੇ ਹਨ। ਇਹ ਵੀ ਨਹੀਂ ਕਿ ਫਰਾਂਸ ਦੇ ਲੋਕ ਉਨ੍ਹਾਂ ਅਪਰਾਧੀਆਂ ਨਾਲ ਭਾਵਨਾਤਮਕ ਰਿਸ਼ਤਾ ਨਹੀਂ ਬਣਾਉਂਦੇ ਜਿਨ੍ਹਾਂ ਨੇ ਕੋਈ ਗੰਭੀਰ ਹਿੰਸਾ ਕੀਤੀ ਹੋਵੇ। ਫ਼ੈਦ ਵੱਲੋਂ ਕੀਤੀ ਲੁੱਟ ਦੀ ਵਾਰਦਾਤ ਦੌਰਾਨ ਇੱਕ ਬੰਦਾ ਬੁਰੀ ਤਰ੍ਹਾਂ ਝੁਲਸ ਗਿਆ ਸੀ।ਸਾਲ 2010 ਵਾਲੇ ਲੁੱਟੇ ਦੇ ਮਾਮਲੇ 'ਚ ਵੀ ਇੱਕ ਪੁਲਿਸਵਾਲੇ ਦੀ ਮੌਤ ਵੀ ਹੋ ਗਈ ਸੀ, ਹਾਲਾਂਕਿ ਇਹ ਮੌਤ ਫ਼ੈਦ ਨਹੀਂ ਉਸ ਦੇ ਗੈਂਗ ਦੇ ਇੱਕ ਹੋਰ ਆਦਮੀ ਦੇ ਹੱਥੋਂ ਹੋਈ ਸੀ।ਇਕੱਲਾ ਨਹੀਂ -ਫ਼ੈਦ ਤੋਂ ਇਲਾਵਾ ਜੈਕਯੂਜ਼ ਮਸਰੀਨ ਤੇ ਟੈਨੀ ਜ਼ਾਂਪਾ ਵਰਗੇ ਗੈਂਗਸਟਰ ਵੀ ਫਰਾਂਸ ਦੇ ਲੋਕਾਂ 'ਚ ਮਸ਼ਹੂਰ ਹਨ। ਇਹ ਬੈਂਕ ਲੁਟੇਰੇ ਹੀ ਨਹੀਂ ਸਗੋਂ ਕਾਤਲ ਵੀ ਹਨ।ਇਸ ਆਕਰਸ਼ਣ ਦੀਆਂ ਜੜ੍ਹਾਂ ਸ਼ਾਇਦ ਫਰਾਂਸ ਦੀ ਕ੍ਰਾਂਤੀ ਨਾਲ ਜੁੜਦੀਆਂ ਹਨ। ਇਸ ਕ੍ਰਾਂਤੀ ਦੌਰਾਨ ਅਮੀਰਾਂ ਦੀਆਂ ਜੇਬਾਂ ਖਾਲੀ ਕਰਨ ਨੂੰ ਚੰਗਾ ਕੰਮ ਮੰਨਿਆ ਜਾਂਦਾ ਸੀ — ਤਰੀਕਾ ਕੋਈ ਵੀ ਹੋਵੇ।

# ਅਮਰੀਕਾ: ਬ੍ਰੈਟ ਕੈਵੇਨੌ ਨਿਯੁਕਤੀ, ਸੁਪਰੀਮ ਕੋਰਟ ਦੀ ਜੰਗ 'ਚ ਟਰੰਪ ਲਈ ਜਿੱਤ



ਅਮਰੀਕਾ- ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਨਾਮਜ਼ਦ ਉਮੀਦਵਾਰ ਬ੍ਰੈਟ ਕੈਵੇਨੌ ਨੇ ਵਿਵਾਦਿਤ ਚਰਚਾ ਦੇ ਹਫਤਿਆਂ ਬਾਅਦ ਸੁਪਰੀਮ ਕੋਰਟ ਦੇ ਜੱਜ ਵਜੋਂ ਸਹੁੰ ਚੁੱਕ ਲਈ ਹੈ।ਇਸ ਦੌਰਾਨ ਸੈਨੇਟ ਵਿੱਚ ਉਸ ਦੇ ਹੱਕ 'ਚ 50 ਵੋਟਾਂ ਭੁਗਤੀਆਂ ਅਤੇ ਖ਼ਿਲਾਫ਼ 48 ਵੋਟਾਂ ਗਈਆਂ।

ਦਰਅਸਲ ਕੈਵੇਨੌ 'ਤੇ ਲੱਗੇ ਜਿਨਸੀ ਸ਼ੋਸ਼ਣ ਦੇ ਇਲਜ਼ਾਮਾਂ ਦੀ ਲੜਾਈ ਨੇ ਉਨ੍ਹਾਂ ਨੂੰ ਕਾਫੀ ਉਲਝਾ ਦਿੱਤਾ ਸੀ, ਹਾਲਾਂਕਿ ਉਹ ਇਨ੍ਹਾਂ ਇਲਜ਼ਾਮਾਂ ਨੂੰ ਨਕਾਰਦੇ ਰਹੇ ਸਨ।ਰਿਪਬਲਿਕਨਸ ਨੇ ਪਹਿਲਾਂ ਐਲਾਨ ਕਰ ਦਿੱਤਾ ਸੀ ਕਿ ਐਫਬੀਆਈ ਦੀ ਰਿਪੋਰਟ 'ਚ ਉਨ੍ਹਾਂ ਨੂੰ ਜਿਨਸੀ ਹਮਲੇ ਦੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ ਹੈ।ਇਲਜ਼ਾਮਾਂ ਦੀ ਜਾਂਚ ਕਰ ਰਹੀ ਐਫਬੀਆਈ ਦੇ 11 ਘੰਟਿਆਂ ਦੀ ਜਾਂਚ ਤੋਂ ਬਾਅਦ ਵਿਰੋਧੀ ਸੈਨੇਟਰਾਂ ਨੇ ਉਨ੍ਹਾਂ ਦੀ ਹਮਾਇਤ ਦਾ ਫ਼ੈਸਲਾ ਲਿਆ।ਕੈਵੇਨੌ ਵੱਲੋਂ ਅਹੁਦੇ ਦੀ ਸਹੁੰ ਚੁੱਕਣ ਨੂੰ ਨਵੰਬਰ 'ਚ ਅਮਰੀਕੀ ਮੱਧ ਅਵਧੀ ਚੋਣਾਂ ਤੋਂ ਪਹਿਲਾਂ ਟਰੰਪ ਦੀ ਸਿਆਸੀ ਜਿੱਤ ਸਮਝਿਆ ਜਾ ਰਿਹਾ ਹੈ।53 ਸਾਲਾਂ ਕੈਵੇਨੌ ਨੇ ਸੁਪਰੀਮ ਕੋਰਟ 'ਚ ਇੱਕ ਨਿੱਜੀ ਸਮਾਗਮ ਦੌਰਾਨ ਸਹੁੰ ਚੁੱਕੀ। ਇਸ ਦੌਰਾਨ ਚੀਫ ਜਸਟਿਸ ਜੌਹਨ ਰੌਬਰਟ ਅਤੇ ਸੇਵਾਮੁਕਤ ਜਸਟਿਸ ਐਨਥਨੀ ਕੈਨੇਡੀ ਨੇ ਉਨ੍ਹਾਂ ਨੂੰ ਸਹੁੰ ਚੁਕਾਈ।ਸੇਵਾਮੁਕਤ ਐਨਥਨੀ ਕੈਨੇਡੀ ਦੀ ਥਾਂ 'ਤੇ ਹੀ ਕੈਵੇਨੌ ਦੀ ਨਿਯੁਕਤੀ ਹੋਈ ਹੈ।ਇਸ ਦੌਰਾਨ ਪ੍ਰਦਰਸ਼ਨਕਾਰੀ ਅਦਾਲਤ ਦੇ ਬਾਹਰ ਇੱਕ ਥਾਂ ਇਕੱਠੇ ਹੋਏ ਅਤੇ ਕਈਆਂ ਨੇ ਅਦਾਲਤ ਨੇ ਦਰਵਾਜ਼ੇ ਨੂੰ ਧੱਕੇ ਮਾਰੇ। ਕਈ ਪ੍ਰਦਰਸ਼ਨਕਾਰੀ ਦਾ ਬੁੱਤ 'ਤੇ ਚੜ੍ਹ ਗਏ।

# ਕੀ ਸੋਸ਼ਲ ਮੀਡੀਆ ਕਾਰਨ ਤੁਹਾਡਾ ਭਾਰ ਘੱਟ ਰਿਹਾ ਹੈ ?



ਸੋਸ਼ਲ ਮੀਡੀਆ 'ਤੇ ਕਈ ਲੋਕ, ਸੰਸਥਾਵਾਂ ਤੇ ਕੰਪਨੀਆਂ ਅਕਸਰ ਖੁਰਾਕ ਨਾਲ ਜੁੜੀਆਂ ਸਲਾਹਾਂ ਦਿੰਦੇ ਨਜ਼ਰ ਆਉਂਦੇ ਹਨ।ਇੰਸਟਾਗ੍ਰਾਮ 'ਤੇ ਸਿਹਤ ਨਾਲ ਜੁੜਿਆ ਕੋਈ ਵੀ ਹੈਸ਼ਟੈਗ ਪਾਓ ਜਿਵੇਂ ਕਿ #fitinspiration ਤਾਂ ਲੱਖਾਂ ਤਸਵੀਰਾਂ ਸਾਹਮਣੇ ਆ ਜਾਂਦੀਆਂ ਹਨ, ਡੌਲਿਆਂ ਦੀ, ਫਿੱਟ ਲੋਕਾਂ ਦੀ ਤੇ ਭਾਰ ਘਟਾਉਣ ਤੋਂ ਪਹਿਲਾਂ ਤੇ ਬਾਅਦ ਦੀਆਂ।ਪਰ ਕੀ ਸੋਸ਼ਲ ਮੀਡੀਆ ਤੁਹਾਨੂੰ ਅਸਲ 'ਚ ਭਾਰ ਘਟਾਉਣ ਵਿੱਚ ਮਦਦ ਕਰਦਾ ਹੈ ? ਕੀ ਕਹਿੰਦੇ ਹਨ ਮਾਹਿਰ ? ਸਕੌਟਲੈਂਡ ਵਿੱਚ 'ਯੂਨੀਵਰਸਿਟੀ ਆਫ ਐਡਿਨਬਰਾ' ਦੇ ਖੋਜਕਾਰ ਟਿਮ ਸਕਵਿਰਲ ਨੇ ਸੋਸ਼ਲ ਮੀਡੀਆ ਐਪਸ 'ਰੈਡਿੱਟ' ਤੇ 'ਇੰਸਟਾਗ੍ਰਾਮ' ਦੀ ਤੁਲਨਾ ਕੀਤੀ।

ਉਨ੍ਹਾਂ ਮੁਤਾਬਕ ਰੈਡਿੱਟ ਸਾਂਝੀ ਦਿਲਚਸਪੀ ਰੱਖਣ ਵਾਲੇ ਭਾਈਚਾਰੇ 'ਤੇ ਆਧਾਰਿਤ ਹੈ ਅਤੇ ਖੁਰਾਕ ਨਾਲ ਜੁੜੀਆਂ ਸਲਾਹਾਂ ਲਈ ਇਹ ਇੰਸਟਾਗ੍ਰਾਮ ਤੋਂ ਬਿਹਤਰ ਹੈ।ਉਨ੍ਹਾਂ ਕਿਹਾ, "ਲੋਕ ਤੈਅ ਕਰਦੇ ਹਨ ਕਿ ਕਿਹੜੀ ਚੀਜ਼ ਉਨ੍ਹਾਂ ਦੇ ਕੰਮ ਦੀ ਹੈ, ਫੇਰ ਉਹ ਦੂਜੇ ਲੋਕਾਂ ਨੂੰ ਨਜ਼ਰ ਆਉਂਦੀ ਹੈ ਜਿਸ ਤੋਂ ਬਾਅਦ ਉਸ 'ਤੇ ਕਮੈਂਟ ਕੀਤਾ ਜਾ ਸਕਦਾ ਹੈ।" ਇਸ ਵਿੱਚ ਅਸਲੀ ਲੋਕ ਸਲਾਹ ਦਿੰਦੇ ਹਨ ਤੇ ਆਪਣੀਆਂ ਕਹਾਣੀਆਂ ਸਾਂਝੀਆਂ ਕਰਦੇ ਹਨ। ਉਹ ਆਪਣੇ ਮਾੜੇ ਜਾਂ ਚੰਗੇ ਤਜ਼ਰਬੇ ਵੀ ਸਾਂਝੇ ਕਰਦੇ ਹਨ। ਰੈਡਿੱਟ ਯੂਜ਼ਰ ਅਕਸਰ ਇੱਕ ਦੂਜੇ ਨੂੰ ਖੁਰਾਕ 'ਤੇ ਟਿਕੇ ਰਹਿਣ ਲਈ ਪ੍ਰੇਰਿਤ ਕਰਦੇ ਹਨ।ਦੂਜੀ ਤਰਫ ਇੰਸਟਾਗ੍ਰਾਮ 'ਤੇ ਸਮਾਨ ਵੇਚ ਰਹੇ ਜਾਂ ਖੁਦ ਨੂੰ ਪ੍ਰਮੋਟ ਕਰਨ ਵਾਲੇ ਲੋਕ ਵੱਧ ਸਲਾਹਾਂ ਦਿੰਦੇ ਹਨ।

ਕਿਵੇਂ ਸੋਸ਼ਲ ਮੀਡੀਆ ਹੋ ਸਕਦਾ ਹੈ ਖ਼ਤਰਨਾਕ ?

ਕੁਝ ਮਾਹਿਰ ਸੁਝਾਅ ਦਿੰਦੇ ਹਨ ਕਿ ਖੁਰਾਕ ਲਈ ਕਿਸੇ ਵੀ ਸੋਸ਼ਲ ਪਲੈਟਫਾਰਮ 'ਤੇ ਪੂਰੀ ਤਰ੍ਹਾਂ ਨਿਰਭਰ ਹੋ ਜਾਣਾ ਖ਼ਤਰਨਾਕ ਹੋ ਸਕਦਾ ਹੈ।ਸ਼ਿਕਾਗੋ ਦੀ ਇੱਕ ਡਾਈਟੀਸ਼ਿਅਨ ਕ੍ਰਿਸਟੀ ਬ੍ਰਿਸੈਂਟ ਮੁਤਾਬਕ ਇਹ ਸਿਹਤ ਲਈ ਚੰਗਾ ਨਹੀਂ ਹੈ।ਉਹ ਦੋਵੇਂ ਇੰਸਟਾਗ੍ਰਾਮ ਅਤੇ ਰੈਡਿਟ ਨੂੰ ਲੈ ਕੇ ਬਹੁਤਾ ਉਤਸ਼ਾਹਿਤ ਨਹੀਂ ਹਨ। ਉਨ੍ਹਾਂ ਦੇ ਗਾਹਕਾਂ ਨੂੰ ਅਕਸਰ ਸੋਸ਼ਲ ਮੀਡੀਆ 'ਤੇ ਸ਼ੋਸ਼ਣ ਦਾ ਸਾਹਮਣਾ ਕਰਨਾ ਪਿਆ ਹੈ ਜਿੱਥੇ ਯੂਜ਼ਰ ਦੀ ਪਛਾਣ ਗੁਪਤ ਰਹਿ ਸਕਦੀ ਹੈ।ਉਨ੍ਹਾਂ ਇੱਕ ਉਦਾਹਰਣ ਵੀ ਦਿੱਤਾ ਜਿਸ ਵਿੱਚ 2,00,000 ਮੈਂਬਰਾਂ ਵਾਲੇ ਇੱਕ ਰੈਡਿਟ ਅਕਾਊਂਟ ਤੋਂ ਸਲਾਹ ਦਿੱਤੀ ਗਈ ਕਿ ਭਾਰ ਘਟਾਉਣ ਲਈ ਕੈਲਰੀਜ਼ ਤੇ ਸਖਤ ਪਾਂਬਦੀ ਲਗਾਈ ਜਾਏ। ਜਦਕਿ ਇਹ ਬੇਹਦ ਖਤਰਨਾਕ ਹੈ, ਕਿਉਂਕਿ ਇੱਕ ਦਿਨ ਵਿੱਚ ਔਰਤਾਂ ਨੂੰ 2000 ਕੈਲਰੀਜ਼ ਤੇ ਮਰਦਾਂ ਨੂੰ 2500 ਕੈਲਰੀਜ਼ ਦੀ ਲੋੜ ਹੁੰਦੀ ਹੈ।

ਬ੍ਰਿਸੈਂਟ ਮੁਤਾਬਕ ਕਈ ਲੋਕਾਂ ਕੋਲ੍ਹ ਪ੍ਰੋਫੈਸ਼ਨਲ ਟਰੇਨਿੰਗ ਹੁੰਦੀ ਹੈ ਪਰ ਹਰ ਕਿਸੇ ਕੋਲ ਨਹੀਂ ਹੁੰਦੀ। ਨਾਲ ਹੀ ਸੋਸ਼ਲ ਮੀਡੀਆ 'ਤੇ ਫਿੱਟ ਅਤੇ ਖੂਬਸੂਰਤ ਲੋਕਾਂ ਦੀਆਂ ਤਸਵੀਰਾਂ ਤੁਹਾਨੂੰ ਨਾ ਪੂਰੀਆਂ ਹੋਣ ਵਾਲੀਆਂ ਉਮੀਦਾਂ ਦੇ ਦਿੰਦਾ ਹੈ।ਜੋਈ ਮੌਰਗਨੈਲੀ ਦਾ ਭਾਰ 180 ਕਿਲੋ ਤੋਂ ਵੱਧ ਸੀ ਤੇ ਪਹਿਲੀ ਨੌਕਰੀ ਲੱਗਣ ਤੋਂ ਬਾਅਦ ਉਹ ਬੇਸਬਰੀ ਨਾਲ ਆਪਣਾ ਭਾਰ ਘਟਾਉਣਾ ਚਾਹੁੰਦੇ ਸੀ।ਉਨ੍ਹਾਂ ਕਿਹਾ, "ਮੈਨੂੰ ਖਾਣ ਤੋਂ ਡਰ ਲੱਗਣ ਲੱਗ ਪਿਆ ਸੀ। ਜਦ ਵੀ ਕੁਝ ਖਾਂਦਾ ਸੀ, ਮੈਨੂੰ ਘਬਰਾਹਟ ਹੋਣ ਲੱਗਦੀ ਸੀ।" ਜੋਈ ਨੂੰ ਇੱਕ ਰੈਡਿਟ ਭਾਈਚਾਰੇ ਨੇ ਨਵੀਂ ਖੁਰਾਕ ਦੀ ਸਲਾਹ ਦਿੱਤੀ। ਉਸਨੇ ਕਿਹਾ, "ਜੋ ਲੋਕ ਤੁਹਾਨੂੰ ਜਾਣਦੇ ਵੀ ਨਹੀਂ, ਉਨ੍ਹਾਂ ਦਾ ਸਾਥ ਤੇ ਪ੍ਰੇਰਣਾ ਮਿਲਣ 'ਤੇ ਬਹੁਤ ਚੰਗਾ ਲੱਗਦਾ ਹੈ।"

# ਇੰਟਰਪੋਲ ਦਾ ਲਾਪਤਾ ਮੁਖੀ ਇਸ ਲਈ ਚੀਨੀ ਹਿਰਾਸਤ 'ਚ



ਚੀਨ ਦੇ ਅਧਿਕਾਰੀਆਂ ਨੇ ਦੱਸਿਆ ਹੈ ਕਿ ਹਿਰਾਸਤ ਵਿੱਚ ਲਏ ਗਏ ਇੰਟਰਪੋਲ ਮੁਖੀ ਮੈਂਗ ਹੌਂਗਵਈ ਤੋਂ ਕਥਿਤ ਰਿਸ਼ਵਤ ਲੈਣ ਦੇ ਮਾਮਲੇ ਵਿੱਚ ਪੁੱਛਗਿੱਛ ਕੀਤੀ ਜਾ ਰਹੀ ਹੈ।ਜਦੋਂ ਹੌਂਗਵਈ ਲਾਪਤਾ ਹੋਣ ਦਾ ਖੁਲਾਸਾ ਹੋਇਆ ਤਾਂ ਉਹ ਇੰਟਰਪੋਲ ਦੇ ਫਰਾਂਸ ਵਿਚਲੇ ਹੈਡਕੁਆਰਟਰ ਤੋਂ ਚੀਨ ਜਾ ਰਹੇ ਸਨ।ਉਨ੍ਹਾਂ ਦੀ ਪਤਨੀ ਨੇ ਦੱਸਿਆ ਕਿ ਜਿਸ ਦਿਨ ਉਹ ਲਾਪਤ ਹੋਏ ਸਨ ਉਸ ਦਿਨ ਉਨ੍ਹਾਂ ਨੇ ਛੁਰੀ ਦੇ ਈਮੋਜੀ ਵਾਲਾ ਇੱਕ ਸੁਨੇਹਾ ਮੋਬਾਈਲ ਉੱਪਰ ਭੇਜਿਆ ਸੀ।ਮੈਂਗ ਹੌਂਗਵਈ ਚੀਨ ਦੇ ਨਾਗਰਿਕ ਸੁਰੱਖਿਆ ਮੰਤਰਾਲੇ ਦੇ ਉੱਪ-ਮੰਤਰੀ ਵੀ ਹਨ।ਆਪਣੇ ਐਲਾਨ ਵਿੱਚ ਚੀਨ ਦੇ ਨਾਗਰਿਕ ਸੁਰੱਖਿਆ ਮੰਤਰੀ ਨੇ ਇਸ ਪੁੱਛਗਿੱਛ ਨੂੰ ਸਹੀ ਦੱਸਿਆ ਕਿ ਇਹ ਕਦਮ ਰਾਸ਼ਟਰਪਤੀ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦਾ ਹਿੱਸਾ ਹੈ।ਇੰਟਰਪੋਲ ਆਪਣੇ ਮੈਂਬਰ ਦੇਸਾਂ ਦੀ ਪੁਲਿਸ ਵਿੱਚ ਤਾਲਮੇਲ ਕਾਇਮ ਕਰਦੀ ਹੈ। ਇਹ ਭਗੌੜੇ ਅਤੇ ਪੁਲਿਸ ਨੂੰ ਲੋੜੀਂਦੇ ਮੁਲਜ਼ਮਾਂ ਦੀ ਭਾਲ ਵੀ ਵਿੱਚ ਵੀ ਤਾਲਮੇਲ ਕਰਦੀ ਹੈ।ਇਸ ਦੇ ਮੁੱਖ ਦਫ਼ਤਰ ਵਿੱਚ ਇਕ ਜਨਰਲ ਸਕੱਤਰ ਹੁੰਦਾ ਹੈ ਜੋਂ 192 ਮੈਂਬਰਾਂ ਦੇ ਰੋਜ਼ਾਨਾ ਦੇ ਕੰਮਕਾਜ ਦੀ ਨਜ਼ਰਸਾਨੀ ਰੱਖਦਾ ਹੈ। ਮੈਂਗ ਹੌਂਗਵਈ ਨਵੰਬਰ 2016 ਵਿੱਚ ਇਸ ਦੇ ਮੁਖੀ ਚੁਣੇ ਗਏ ਸਨ ਅਤੇ ਉਨ੍ਹਾਂ 2020 ਤੱਕ ਇਸ ਅਹੁਦੇ ਉੱਪਰ ਰਹਿਣਾ ਸੀ।ਉਨ੍ਹਾਂ ਨੂੰ ਚੀਨ ਦੀ ਅਪਰਾਧਿਕ ਨਿਆਂ ਪ੍ਰਣਾਲੀ ਦੀ 40 ਸਾਲ ਦਾ, ਖ਼ਾਸ ਕਰਕੇ ਨਸ਼ੇ, ਅੱਤਵਾਦ ਵਿਰੋਧੀ ਅਤੇ ਸਰਹੱਦੀ ਨਿਗਰਾਨੀ ਦੇ ਖੇਤਰ ਵਿੱਚ ਤਜ਼ਰਬਾ ਹੈ।ਉਨ੍ਹਾਂ ਦੀ ਚੋਣ ਮਗਰੋਂ ਮਨੁੱਖੀ ਅਧਿਕਾਰਾਂ ਬਾਰੇ ਕੰਮ ਕਰਨ ਵਾਲੇ ਸਮੂਹਾਂ ਨੇ ਚਿੰਤਾ ਜ਼ਾਹਰ ਕੀਤੀ ਸੀ ਕਿ ਇਸ ਨਾਲ ਚੀਨ ਨੂੰ ਆਪਣੇ ਸਿਆਸੀ ਵਿਰੋਧੀਆਂ ਨੂੰ ਕੁਚਲਣ ਵਿੱਚ ਮਦਦ ਮਿਲੇਗੀ।ਸ਼ੁੱਕਰਵਾਰ ਨੂੰ ਉਨ੍ਹਾਂ ਦੇ ਲਾਪਤਾ ਹੋਣ ਦੇ ਸਮੇਂ ਤੋਂ ਹੀ ਕਿਆਸ ਲਾਏ ਜਾ ਰਹੇ ਸਨ ਕਿ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਪਿਛਲੇ ਮਹੀਨਿਆਂ ਦੌਰਾਨ ਚੀਨ ਦੇ ਕਈ ਧਨ ਕੁਬੇਰਾਂ ਸਮੇਤ ਕਈ ਉੱਘੀਆਂ ਹਸਤੀਆਂ ਗਾਇਬ ਹੋਈਆਂ ਹਨ।ਜਦੋਂ ਮੈਂਗ ਹੌਂਗਵਈ ਲਾਪਤਾ ਹੋਏ ਸਨ ਤਾਂ ਕਿਹਾ ਜਾ ਰਿਹਾ ਸੀ ਕਿ ਉਨ੍ਹਾਂ ਦਾ ਇੰਟਰਪੋਲ ਵਿੱਚ ਰੁਤਬਾ ਚੀਨ ਲਈ ਇੱਕ ਵੱਡੀ ਉਪਲਬਦੀ ਹੈ। ਇਸ ਲਈ ਇਹ ਸਾਫ ਨਹੀਂ ਸੀ ਹੋ ਰਿਹਾ ਕਿ ਉਨ੍ਹਾਂ ਅਜਿਹਾ ਕੀ ਕਰ ਦਿੱਤਾ ਕਿ ਉਹ ਰਾਸ਼ਟਰਪਤੀ ਸ਼ੀ ਦੀ ਭ੍ਰਿਸ਼ਟਾਚਾਰ ਵਿਰੋਧੀ ਹੰਟਰ ਦੀ ਮਾਰ ਹੇਠ ਆ ਗਏ।

# ਆਸਟਰੇਲੀਆ ਜਾ ਕੇ ਸਿਡਨੀ ਰਹਿਣਾ ਭੁੱਲ ਜਾਓ, ਪਿੰਡ ਵਿੱਚ ਵੀ ਰਹਿਣਾ ਪੈ ਸਕਦੈ





ਜੇ ਆਸਟਰੇਲੀਆ ਲਈ ਤੁਹਾਡੇ ਸੁਫਨੇ ਸਿਡਨੀ ਤੇ ਮੈਲਬੌਰਨ ਜਾਣ ਦੇ ਹਨ ਤਾਂ ਇਰਾਦਾ ਬਦਲ ਸਕਦੇ ਹੋ।ਆਸਟਰੇਲੀਆ ਸਰਕਾਰ ਦੇ ਇਮੀਗਰੇਸ਼ਨ ਬਾਰੇ ਨਵੇਂ ਪ੍ਰਸਤਾਵ ਮੁਤਾਬਕ ਨਵੇਂ ਪ੍ਰਵਾਸੀਆਂ ਨੂੰ ਸਿਡਨੀ ਅਤੇ ਮੈਲਬੌਰਨ ਦੇ ਬਾਹਰ ਪੇਂਡੂ ਇਲਾਕਿਆਂ ਵਿੱਚ ਰਹਿਣਾ ਪਵੇਗਾ।ਇਸ ਨਵੀਂ ਨੀਤੀ ਦਾ ਮਕਸਦ ਆਸਟਰੇਲੀਆ ਦੇ ਸਭ ਤੋਂ ਘੁੱਗ ਵਸਦੇ ਸ਼ਹਿਰਾਂ ਵਿੱਚ ਭੀੜ-ਭਾੜ ਨਾਲ ਨਜਿੱਠਣਾ ਅਤੇ ਪੇਂਡੂ ਇਲਾਕਿਆਂ ਵਿੱਚ ਵਸੋਂ ਨੂੰ ਉਤਸ਼ਾਹਿਤ ਕਰਨਾ ਹੈ।ਸਰਕਾਰ ਇਸ ਬਾਰੇ ਨਵੀਂ ਵੀਜ਼ਾ ਸ਼ਰਤਾਂ ਵੀ ਲਾਗੂ ਕਰ ਸਕਦੀ ਹੈ। ਜਿਸ ਤਹਿਤ ਨਵੇਂ ਪ੍ਰਵਾਸੀਆਂ ਲਈ ਘੱਟੋ-ਘੱਟ ਪੰਜ ਸਾਲ ਲਈ ਪੇਂਡੂ ਇਲਾਕਿਆਂ ਵਿੱਚ ਰਹਿਣਾ ਜ਼ਰੂਰੀ ਹੋਵੇਗਾ।ਮਾਹਿਰਾਂ ਨੂੰ ਸ਼ੱਕ ਹੈ ਕਿ ਕੀ ਇਸ ਨੀਤੀ ਪਿਛਲੀ ਸੋਚ ਨੂੰ ਅਮਲੀ ਜਾਮਾ ਪਹਿਨਾਇਆ ਜਾ ਸਕਦਾ ਹੈ ਜਾਂ ਇਹ ਆਪਣੇ ਉਦੇਸ਼ ਹਾਸਲ ਕਰਨ ਵਿੱਚ ਕਾਮਯਾਬ ਹੋਵੇਗੀ ?ਆਸਟਰੇਲੀਆ ਵਿੱਚ ਆਖ਼ਰ ਇਹ ਬਹਿਸ ਹੋ ਕਿਉਂ ਰਹੀ ਹੈ ?

ਮੌਜੂਦਾ ਸਮੇਂ ਵਿੱਚ ਆਸਟਰੇਲੀਆ ਦੀ ਢਾਈ ਕਰੋੜ ਵਸੋਂ ਦੋ ਸ਼ਹਿਰਾਂ ਸਿਡਨੀ ਅਤੇ ਮੈਲਬੋਰਨ ਵਿੱਚ ਵਸਦੀ ਹੈ।ਹਾਲਾਂਕਿ, ਵਿਸ਼ਵ ਬੈਂਕ ਮੁਤਾਬਕ ਆਸਟਰੇਲੀਆ ਦੀ ਵਸੋਂ ਵਾਧਾ ਦਰ ਸੰਸਾਰ ਵਿੱਚ 77ਵੇਂ ਨੰਬਰ ਉੱਪਰ ਹੈ।ਸਰਕਾਰ ਮੁਤਾਬਕ, ਇਹ ਵਾਧਾ ਖ਼ਾਸ ਕਰਕੇ ਪ੍ਰਵਾਸ ਕਰਕੇ ਹੋਇਆ ਹੈ। ਜ਼ਿਆਦਾਤਰ ਪ੍ਰਵਾਸੀ ਮੈਲਬੌਰਨ, ਸਿਡਨੀ ਅਤੇ ਦੱਖਣ-ਪੂਰਬੀ ਕੁਈਨਜ਼ਲੈਂਡ ਵਿੱਚ ਹੀ ਵਸਦੇ ਹਨ।ਇਸ ਕਰਕੇ ਇਨ੍ਹਾਂ ਸ਼ਹਿਰਾਂ ਵਿੱਚ ਬੁਨਿਆਦੀ ਢਾਂਚੇ ਉੱਪਰ ਦਬਾਅ ਪੈ ਰਿਹਾ ਹੈ। ਮੈਲਬੌਰਨ ਅਤੇ ਸਿਡਨੀ ਦੋਹਾਂ ਸ਼ਹਿਰਾਂ ਵਿੱਚ ਵਸੋਂ ਦੇ ਸਾਲ 2030 ਤੱਕ ਅੱਸੀ ਲੱਖ ਤੋਂ ਪਾਰ ਹੋ ਜਾਣ ਦੀ ਉਮੀਦ ਹੈ।

ਸਰਕਾਰ ਦਾ ਕੀ ਕਹਿਣਾ ਹੈ ?

ਐਲਨ ਟੱਜ ਆਸਟਰੇਲੀਆ ਦੇ ਸ਼ਹਿਰਾਂ ਅਤੇ ਸ਼ਹਿਰੀ ਬੁਨਿਆਦੀ ਢਾਂਚੇ ਅਤੇ ਵਸੋਂ ਬਾਰੇ ਮੰਤਰੀ ਹਨ। ਉਨ੍ਹਾਂ ਨੇ ਮੰਗਲਵਾਰ ਨੂੰ ਇੱਕ ਭਾਸ਼ਨ ਵਿੱਚ ਕਿਹਾ ਕਿ ਨਵੇਂ ਪ੍ਰਵਾਸੀਆਂ ਦਾ ਇੱਕ ਛੋਟਾ ਹਿੱਸਾ ਵੀ ਛੋਟੇ ਸ਼ਹਿਰਾਂ ਜਾਂ ਖੇਤਰਾਂ ਵਿੱਚ ਵਸਾਉਣ ਨਾਲ ਸਾਡੇ ਇਨ੍ਹਾਂ ਵੱਡੇ ਸ਼ਹਿਰਾਂ ਉੱਪਰੋ ਬਹੁਤ ਸਾਰਾ ਦਬਾਅ ਘੱਟ ਕਰੇਗਾ।ਹਾਲਾਂਕਿ ਹਾਲੇ ਤੱਕ ਵੇਰਵੇ ਸਪਸ਼ਟ ਨਹੀਂ ਹਨ ਹਾਂ ਇਹ ਜ਼ਰੂਰ ਹੈ ਕਿ ਵੀਜ਼ੇ ਵਿੱਚ ਕਿਸੇ ਖ਼ਾਸ ਭੂਗੋਲਿਕ ਥਾਂ 'ਤੇ ਘੱਟੋ-ਘੱਟ ਪੰਜ ਸਾਲ ਦੇ ਵਸੇਬੇ ਵਾਲੀ ਸ਼ਰਤ ਜ਼ਰੂਰ ਸ਼ਾਮਿਲ ਹੋ ਸਕਦੀ ਹੈ।ਇਹ ਪੱਕਾ ਕਰਨ ਲਈ ਕਿ ਪ੍ਰਵਾਸੀਆਂ ਦੇ ਉਨ੍ਹਾਂ ਇਲਾਕਿਆਂ ਵਿੱਚ ਹੀ ਪੱਕੇ ਵਸੇਬੇ ਨੂੰ ਯਕੀਨੀ ਬਣਾਉਣ ਲਈ ਹੋਰ ਜ਼ਰੂਰੀ ਕਦਮ ਵੀ ਚੁੱਕੇ ਜਾਣਗੇ।ਇਹ ਵੀਜ਼ਾ ਸ਼ਰਤਾਂ ਪਰਿਵਾਰਾਂ ਕੋਲ ਆਉਣ ਵਾਲੇ ਪ੍ਰਵਾਸੀਆਂ ਅਤੇ ਨੌਕਰੀ ਕਰਨ ਲਈ ਆਉਣ ਵਾਲੇ ਪ੍ਰਵਾਸੀ ਜੋ ਕਿਸੇ ਅਦਾਰੇ ਵੱਲੋਂ ਸੱਦੇ ਗਏ ਹੋਣ ਉਨ੍ਹਾਂ ਉੱਪਰ ਲਾਗੂ ਨਹੀਂ ਹੋਣਗੀਆਂ।ਵਿਰੋਧੀ ਲੇਬਰ ਪਾਰਟੀ ਦਾ ਕਹਿਣਾ ਹੈ ਕਿ ਇਸ ਧਾਰਨਾ ਉੱਪਰ ਵਿਚਾਰ ਜ਼ਰੂਰ ਹੋਣਾ ਚਾਹੀਦਾ ਹੈ ਪਰ ਵੇਰਵਿਆਂ ਦੀ ਕਮੀ ਬਾਰੇ ਸਵਾਲ ਵੀ ਖੜ੍ਹੇ ਕਰੇ।ਕੀ ਇਹ ਸ਼ਰਤਾਂ ਕਾਰਗਰ ਹੋਣਗੀਆਂ ?

ਇਮੀਗਰੇਸ਼ਨ ਅਤੇ ਵਸੋਂ ਮਾਹਿਰਾਂ ਨੇ ਬੀਬੀਸੀ ਨੂੰ ਦੱਸਿਆ ਕਿ ਜ਼ਰੂਰੀ ਨਹੀਂ ਕਿ ਇਨ੍ਹਾਂ ਕਦਮਾਂ ਨਾਲ ਵੱਡੇ ਸ਼ਹਿਰਾਂ ਦਾ ਬੋਝ ਘਟੇਗਾ।ਯੂਨੀਵਰਸਿਟੀ ਆਫ਼ ਟੈਕਨੌਲਜੀ ਦੇ ਪ੍ਰੋਫੈਸਰ ਜੌਕ ਕੌਲਿਨਜ ਨੇ ਬੀਬੀਸੀ ਨੂੰ ਦੱਸਿਆ, "ਸਰਕਾਰ ਕੋਲ ਨਵੇਂ ਪਰਵਾਸੀਆਂ ਨੂੰ ਪੇਂਡੂ ਖੇਤਰਾਂ ਵੱਲ ਭੇਜਣ ਦਾ ਪੁਖ਼ਤਾ ਤਰਕ ਹੈ... ਪਰ ਉੱਥੇ ਉਨ੍ਹਾਂ ਲਈ ਢੁਕਵਾਂ ਰੋਜ਼ਗਾਰ ਹੋਣਾ ਚਾਹੀਦਾ ਹੈ। ਇਹੀ ਇਸ ਸਾਰੀ ਯੋਜਨਾ ਦੀ ਕਮਜ਼ੋਰ ਕੜੀ ਹੈ।" ਮੈਲਬੌਰਨ ਯੂਨੀਵਰਸਿਟੀ ਦੇ ਡੈਮੋਗਰਾਫਰ ਪ੍ਰੋਫੈਸਰ ਪੀਟਰ ਮੈਕਡੌਨਲਡ ਨੇ ਇਸ ਮੁੱਦੇ ਨੂੰ ਪ੍ਰਵਾਸ ਤੋਂ ਹੋਰ ਅਗਾਂਹ ਦੀ ਗੱਲ ਸਮਝਦੇ ਹਨ। ਆਸਟਰੇਲੀਆ ਵਿੱਚ, ਵਸੋਂ ਵਾਧਾ ਬੁਨਿਆਦੀ ਢਾਂਚੇ ਦੀ ਸਮਰੱਥਾ ਤੋਂ ਟੱਪ ਗਿਆ ਹੈ- ਅਸੀਂ ਟਰਾਂਸਪੋਰਟ ਵਰਗੇ ਢੁਕਵੇਂ ਸਿਸਟਮ ਨਹੀਂ ਬਣਾ ਸਕੇ ਜੋ ਵੱਡਿਆਂ ਸ਼ਹਿਰਾਂ ਲਈ ਲੋੜੀਂਦੇ ਹਨ। ਆਸਟਰੇਲੀਆ ਦੀ ਬਾਰਡਰ ਫੋਰਸ ਦੇ ਮੁਖੀ, ਰੋਮਨ ਕੁਏਡਲਿੰਗ ਨੇ ਨਵੀਂ ਨੀਤੀ ਨੂੰ ਅਮਲ ਵਿੱਚ ਲਿਆਂਦੇ ਜਾ ਸਕਣ ਬਾਰੇ ਸਵਾਲ ਖੜ੍ਹੇ ਕੀਤੇ ਹਨ।ਹਾਲਾਂਕਿ ਪ੍ਰੋਫੈਸਰ ਕੌਲਿਨਜ਼ ਦੇ ਅਧਿਐਨ ਦਰਸਾਉਂਦੇ ਹਨ ਕਿ ਵਧੀਆ ਰੁਜ਼ਗਾਰ ਸਦਕਾ ਪ੍ਰਵਾਸੀ ਛੋਟੇ ਇਲਾਕਿਆਂ ਵਿੱਚ ਵੀ ਵਿਕਸਿਤ ਹੋਏ ਹਨ।ਪ੍ਰੋਫੈਸਰ ਨੇ ਦੱਸਿਆ, "ਬਹੁਤੇ ਪ੍ਰਵਾਸੀ ਪੇਂਡੂ ਇਲਾਕਿਆਂ ਵਿੱਚ ਰਹਿ ਕੇ ਖੁਸ਼ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਉੱਥੇ ਉਨ੍ਹਾਂ ਨੂੰ ਨਿੱਘਾ ਸਵਾਗਤ ਮਿਲਿਆ।"

# ਅਕਾਲੀ ਦਲ ਸੰਕਟ ਸਨਮੁੱਖ ਜਰਨੈਲਾਂ ਦਾ ਸ਼ਲਾਘਾਯੋਗ ਸਟੈਂਡ

ਪੰਜਾਬ ਰਾਜ ਅੰਦਰ ਸਭ ਤੋਂ ਤਾਕਤਵਰ ਸ਼ਾਨਾਮੱਤੇ ਕੁਰਬਾਨੀਆਂ ਭਰੇ ਇਤਿਹਾਸ ਦੀ ਲਖਾਇਕ, ਸਿੱਖ ਫਲਸਫੇ ਦੇ ਸਿਧਾਂਤਾ ਦੀ ਤਰਜਮਾਨੀ ਕਰਨ ਵਾਲੀ ਅਤੇ ਪੰਜਾਬ ਦੇ ਹਰ ਦੂਸਰੇ-ਤੀਸਰੇ ਘਰ ਵਿਚ ਆਪਣਾ ਵਰਕਰ ਰਖਣ ਵਾਲੀ ਖੇਤਰੀ ਰਾਜਨੀਤਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਇਸ ਸਮੇਂ ਘੋਰ ਰਾਜਨੀਤਕ, ਧਾਰਮਿਕ ਅਤੇ ਸੰਗਠਨਾਤਮਿਕ ਸੰਕਟ ਦੀ ਸ਼ਿਕਾਰ ਹੈ।

ਇਸ ਪਾਰਟੀ ਦਾ ਸੰਕਟ ਤਾਂ ਉਸ ਦਿਨ ਹੀ ਸ਼ੁਰੂ ਹੋ ਗਿਆ ਸੀ ਜਿਸ ਦਿਨ ਇਸ ਦੇ ਸਿਰਮੌਰ ਅਤੇ ਪ੍ਰੋਢ ਆਗੂ ਸਾਬਕਾ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨੇ ਸਰਗਰਮ ਸਿਆਸਤ ਤੋਂ ਕਿਨਾਰਾ ਕਰਕੇ ਇਸ ਦੀ ਪੂਰੀ ਤਰ੍ਹਾਂ ਅਗਵਾਈ ਆਪਣੇ ਪੁੱਤਰ, ਸਾਬਕਾ ਉਪ ਮੁੱਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਨੂੰ ਸੌਂਪ ਦਿੱਤੀ ਸੀ। ਪਾਰਟੀ ਪ੍ਰਧਾਨ ਦੀ ਪਤਨੀ ਦੇ ਭਰਾ ਸ: ਬਿਕਰਮ ਸਿੰਘ ਮਜੀਠੀਆਂ ਵਲੋਂ ਵਾਧੂ ਸੰਵਿਧਾਨਿਕ ਸੁਪਰ ਪ੍ਰਧਾਨ ਵਜੋਂ ਵਿਚਰਨ ਅਤੇ ਸ਼ਕਤੀਆਂ ਦੀ ਵਰਤੋਂ ਕਰਨ ਕਰਕੇ ਨਾ ਸਿਰਫ ਸਿਰਮੌਰ ਮਹਾਂਰਥੀ ਟਕਸਾਲੀ ਲੀਡਰਸ਼ਿਪ ਘੁੱਟਣ ਮਹਿਸੂਸ ਕਰਨ ਲਗੀ ਬਲਕਿ ਸਿੱਖ ਰਾਜਨੀਤਕ, ਧਾਰਮਿਕ, ਸਮਾਜਿਕ, ਸੰਸਥਾਵਾਂ ਬੌਣੀਆਂ ਅਤੇ ਨਿਤਾਣੀਆਂ ਹੋਣੀਆਂ ਸ਼ੁਰੂ ਹੋ ਗਈਆਂ।

ਸ: ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਸੁੱਘੜਤਾ, ਰਾਜਨੀਤਕ ਤਜਰਬੇ ਅਤੇ ਸਿੱਖ ਮਾਨਸਿਕਤਾ ਨੂੰ ਸਮਝਦੇ ਪਾਰਟੀ ਦੇ ਤਾਕਤਵਰ ਆਗੂ ਹੋਣ ਦੇ ਬਾਵਜੂਦ ਪਾਰਟੀ ਅਤੇ ਸਿੱਖ ਸੰਸਥਾਵਾਂ 'ਤੇ ਕਦੇ ਏਕਾਧਿਕਾਰ ਜਮਾਉਣ ਦੀ ਹਮਾਕਤ ਅਤੇ ਗਲਤੀ ਨਹੀਂ ਸੀ ਕੀਤੀ। ਹਮੇਸ਼ਾ ਸੱਤਾ ਸ਼ਕਤੀ ਦੀ ਮੁਨਸਫਾਨਾ ਵੰਡ ਰਾਹੀਂ ਪਾਰਟੀ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਤਖਤ ਸਹਿਬਾਨਾਂ ਦੀਆਂ ਸੰਸਥਾਵਾਂ ਨੂੰ ਚਲਾਉਣ ਦਾ ਯਤਨ ਕੀਤਾ। ਭਾਰਤੀ ਜਨਤਾ ਪਾਰਟੀ ਅਤੇ ਐਨ.ਡੀ.ਏ ਨਾਲ ਭਾਈਵਾਲੀ ਦੇ ਸੰਦਰਭ ਵਿਚ ਕੇਂਦਰ ਸਰਕਾਰ ਵਿਚ ਪ੍ਰਤੀਨਿਧਤਾ ਲਈ ਪਾਰਟੀ ਸਿਰਮੌਰ ਆਗੂਆਂ ਨੂੰ ਆਪਣੇ ਪਰਿਵਾਰ ਅਤੇ ਰਿਸ਼ਤੇਦਾਰਾਂ ਨਾਲੋਂ ਪਹਿਲ ਦਿਤੀ।

ਲੇਕਿਨ ਸ: ਸੁਖਬੀਰ ਸਿੰਘ ਬਾਦਲ ਵਲੋਂ ਪਾਰਟੀ, ਸਿੱਖ ਸੰਸਥਾਵਾਂ, ਕੇਂਦਰ 'ਚ ਭਾਈਵਾਲ ਐਨ.ਡੀ.ਏ ਸਰਕਾਰ ਵਿਚ ਪ੍ਰਤੀਨਿਧਤਾ, ਰਾਜਨੀਤਕ ਅਤੇ ਧਾਰਮਿਕ ਸੰਗਠਨਾਂ ਵਿਚ ਏਕਾਧਿਕਾਰ ਅਤੇ ਰਿਸ਼ਤੇਦਾਰਾਂ ਨੂੰ ਪ੍ਰੋੜਤਾ ਦੇਣ ਕਰਕੇ ਪਾਰਟੀ ਅੰਦਰ ਸਿਰਮੌਰ ਮਹਾਂਰਥੀ ਘੁੱਟਣ ਮਹਿਸੂਸ ਕਰਨ ਲਗੇ। ਸਥਿਤੀ ਉਦੋਂ ਹੋਰ ਗੰਭੀਰ ਹੋਣ ਲਗੀ ਜਦੋਂ ਉਨਾਂ ਦੇ ਪ੍ਰਭਾਵ ਹੇਠਲੇ ਹਲਕਿਆਂ ਜਾਂ ਉਨਾਂ ਦੇ ਹਲਕਿਆਂ ਵਿਚ ਨਾ ਸਿਰਫ ਸਿੱਧੀ ਦਖਲਅੰਦਾਜ਼ੀ ਬਲਕਿ ਉਨਾਂ ਵਿਰੁੱਧ ਨਵੀਂ ਲੀਡਰਸ਼ਿਪ ਨੂੰ ਉਕਸਾਉਣਾ ਅਤੇ ਸਥਾਪਿਤ ਕਰਨਾ ਸ਼ੁਰੂ ਕਰ ਦਿਤਾ। ਪਾਰਟੀ ਦੇ ਸਿਰਮੌਰ ਆਗੂ ਅਤੇ ਸਕੱਤਰ ਜਨਰਲ ਸ: ਸੁਖਦੇਵ ਸਿੰਘ ਢੀਂਡਸਾ ਤਾਂ ਉਦੋਂ ਤੋਂ ਖਫਾ ਚਲ ਰਹੇ ਸਨ ਜਦ ਉਨਾਂ ਅਤੇ ਕੁੱਝ ਹੋਰ ਸੀਨੀਅਰ ਆਗੂਆਂ ਨੂੰ ਨਜ਼ਰਅੰਦਾਜ਼ ਕਰਕੇ ਪ੍ਰਧਾਨ ਸੁਖਬੀਰ ਬਾਦਲ ਨੇ ਆਪਣੀ ਸੁਪਤਨੀ ਹਰਸਿਮਰਤ ਬਾਦਲ ਨੂੰ ਮਈ, 2014 ਨੂੰ ਸ੍ਰੀ ਨਰਿੰਦਰ ਮੋਦੀ ਦੀ ਐਨ.ਡੀ.ਏ ਸਰਕਾਰ ਵਿਚ ਕੈਬਨਿਟ ਮੰਤਰੀ ਨਾਮਜ਼ਦ ਕਰਵਾ ਲਿਆ।

ਸੰਨ 2017 ਦੀਆਂ ਵਿਧਾਨ ਸਭਾ ਚੋਣਾ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸ਼ਰਮਨਾਕ ਹਾਰ, ਪੰਜਾਬ ਅਤੇ ਸਿੱਖ ਪੰਥ ਦਾ ਸਭ ਤੋਂ ਵੱਡਾ ਨੁਕਸਾਨ ਕਰਨ ਵਾਲੀ ਕਾਂਗਰਸ ਪਾਰਟੀ ਵਲੋਂ 77 ਸੀਟਾ ਦਾ ਇਤਿਹਾਸਿਕ ਬਹੁਮੱਤ ਪ੍ਰਾਪਤ ਕਰਕੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਸੱਤਾ ਵਿਚ ਪਰਤਣਾ, ਵਿਰੋਧੀ ਧਿਰ ਦਾ ਰੁੱਤਬਾ ਆਮ ਆਦਮੀ ਪਾਰਟੀ ਵਲੋਂ ਪ੍ਰਾਪਤ ਕਰਨਾ, ਰਾਜ ਵਿਚ ਨਸ਼ੀਲੇ ਪਦਾਰਥਾਂ ਦੀ ਵਿਕਰੀ, ਧਾਰਮਿਕ ਗ੍ਰੰਥਾਂ ਦੀ ਬੇਅਦਬੀ, ਬਹਿਬਲ ਕਲਾਂ, ਕੋਟਕਪੂਰਾ ਕਾਡਾਂ, ਸੌਦਾ ਸਾਧ ਸਿਰਸਾ ਦੀ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਮੁਆਫੀ ਸਬੰਧੀ ਉਗਲਾਂ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ, ਸ: ਪ੍ਰਕਾਸ਼ ਸਿੰਘ ਬਾਦਲ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਵੱਲ ਉੱਠਣ ਸੰਕਟ ਵਿਚਾਲੇ ਸ: ਸੁਖਦੇਵ ਸਿੰਘ ਢੀਂਡਸਾ ਵਲੋਂ ਪਾਰਟੀ ਦੇ ਸਭ ਪਦਾਂ ਤੋਂ ਅਸਤੀਫਾ ਦੇਣ ਨੇ ਪਾਰਟੀ ਅਤੇ ਲੀਡਰਸ਼ਿਪ ਨੂੰ ਹੋਰ ਘੋਰ ਸੰਕਟ ਵਿਚ ਧਕੇਲ ਦਿਤਾ। ਕੁੱਝ ਦਿਨ ਪਹਿਲਾਂ ਰਾਜਨੀਤਕ ਤੇ ਪਾਰਟੀ ਸੰਕਟ ਨਜਿੱਠਣ ਲਈ ਗਠਤ ਕੀਤੀ ਸੱਤ ਮੈਂਬਰੀ ਕਮੇਟੀ ਜਿਸ ਦੀ ਅਗਵਾਈ ਉਨ੍ਹਾਂ ਨੂੰ ਸੌਂਪੀ ਸੀ, ਸਬੰਧੀ ਕੋ ਪੱਤਰ ਜਾਰੀ ਨਾ ਕਰਨ ਤੋਂ ਵੀ ਉਹ ਖਫਾ ਸਨ। ਇਹ ਵੀ ਇੰਕਸਾਫ ਹੈ ਕਿ ਉਹ ਆਪਣੀ ਨੂੰਹ ਲਈ ਆਗਾਮੀ ਲੋਕ ਸਭਾ ਚੋਣਾਂ ਸਮੇਂ ਸੰਗਰੂਰ ਤੋਂ ਸੀਟ ਚਾਹੁੰਦੇ ਸਨ ਜਿਸ ਤੋਂ ਪਾਰਟੀ ਪ੍ਰਧਾਨ ਨੇ ਇਨਕਾਰ ਕਰ ਦਿਤਾ ਸੀ। ਲੇਕਿਨ ਆਪਣੇ ਸਿਰਮੌਰ ਸਾਥੀਆਂ ਨਾਲ ਵਿਚਾਰ-ਵਟਾਂਦਰਾ ਨਾ ਕਰਨਾ ਅਤੇ ਚੁੱਪ-ਚੁਪੀਤੇ ਏਡੇ ਸਿਰ-ਮੌਰ ਆਗੂ ਵਲੋਂ ਅਸਤੀਫਾ ਦਾਗਣਾ ਰਾਜਨੀਤਕ ਸਿਆਣਪ ਨਹੀਂ ਸਮਝੀ ਜਾ ਸਕਦੀ। ਦੂਸਰੇ ਪਾਸੇ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਤਖਤ ਸਹਿਬਾਨਾਂ, ਸਿੱਖ ਸਿਧਾਂਤਾ ਅਤੇ ਪੰਜਾਬ ਦੀ ਰਾਖੀ ਲਈ ਇਸ ਘੋਰ ਸੰਕਟ ਸਮੇਂ ਸਿਰਮੌਰ ਮਝੈਲ ਟਕਸਾਲੀ ਆਗੂਆਂ ਵਲੋਂ ਸਿਰ ਜੋੜ ਕੇ ਬੈਠਣਾ ਅਤੇ ਇਸ ਲਈ ਸਹੀ ਯਤਨ ਆਰੰਭ ਕਰਨਾ ਅਤਿ ਸ਼ਲਾਘਾਯੋਗ ਕਦਮ ਸਾਹਮਣੇ ਆਇਆ ਹੈ।



ਸੱਤਾਧਾਰੀ ਕਾਂਗਰਸ ਪਾਰਟੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਧਾਰਮਿਕ ਗ੍ਰੰਥਾਂ ਦੀ ਬੇਅਦਬੀ, ਕੋਟਕਪੂਰਾ ਗੋਲੀ ਕਾਂਡ ਵਿਚ ਸ਼ਹੀਦ ਸਿੱਖ ਨੌਜਵਾਨਾਂ, ਜੋਧਪੁਰ ਜੇਲ੍ਹ 'ਚ ਕੈਦੀ ਰਹੇ ਸਿੱਖਾਂ ਦੀ ਮਦਦ, ਬਰਗਾੜੀ ਵਿਖੇ ਗਰਮ ਖਿਆਲੀ ਸਿੱਖ ਧੜਿਆਂ ਵਲੋਂ ਮੁਤਵਾਜ਼ੀ ਕਾਰਜਕਾਰੀ ਜਥੇਦਾਰ ਧਿਆਨ ਸਿੰਘ ਮੰਡ ਦੀ ਅਗਵਾਈ ਵਿਚ ਮੋਰਚਾ, ਸੌਦਾ ਸਾਧ ਸਿਰਸਾ ਦੀ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਮੁਆਫੀ, ਸਿੰਘ ਸਾਹਿਬ ਸ੍ਰੀ ਅਕਾਲ ਤਖਤ ਦੇ ਪਰਿਵਾਰ ਦੇ ਭ੍ਰਿਸ਼ਟਾਚਾਰੀ ਅਤੇ ਗੈਰ ਸਿੱਖ ਸਿਧਾਂਤਿਕ ਕਾਰਨਾਮੇ ਜੋ ਪੱਟੀ ਹਲਕੇ ਤੋਂ ਵਿਧਾਇਕ ਹਰਮਿੰਦਰ ਸਿੰਘ ਗਿੱਲ ਵਲੋਂ ਵਿਧਾਨ ਸਭਾ ਸਦਨ ਵਿਚ ਉਘਾੜੇ ਸਨ, ਆਦਿ ਨੂੰ ਆਪਣੇ ਰਾਜਨੀਤਕ ਕੁਹਾੜੇ ਦੇ ਦਸਤਾ ਬਣਾ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨਾ ਚਾਹੁੰਦੀ ਹੈ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਧਾਰਮਿਕ ਸੰਸਥਾਵਾਂ ਤੋਂ ਲਾਂਭੇ ਕਰਨਾ ਚਾਹੁੰਦੀ ਹੈ। ਦੂਸਰੇ ਪਾਸੇ ਭਾਰਤੀ ਜਨਤਾ ਪਾਰਟੀ, ਇਸ ਦਾ ਸਿਧਾਂਤਿਕ ਸੰਗਠਨ ਆਰ.ਐਸ.ਐਸ. ਯੋਜਨਾਬੱਧ ਢੰਗ ਨਾਲ ਸ਼੍ਰੋਮਣੀ ਅਕਾਲੀ ਦਲ, ਸਿੱਖ ਸੰਸਥਾਵਾਂ ਅਤੇ ਪੰਜਾਬ ਰਾਜ ਨੂੰ ਕਮਜ਼ੋਰ ਕਰਨ, ਸਿੱਖ ਪੰਥ ਨੂੰ ਹਿੰਦੂਤਵਵਾਦ ਵਿਚ ਜਜ਼ਬ ਕਰਨ ਲਈ ਬਹੁਤ ਯੁੱਧਨੀਤਕ ਪੈਂਤੜੇ ਅਤੇ ਕਾਰਵਾਈਆਂ ਕਰ ਰਹੇ ਹਨ। ਮਰਹੂਮ ਅਟਲ ਬਿਹਾਰੀ ਵਾਜਪਾਈ ਕਾਲ ਵੇਲੇ ਪੰਜਾਬ ਦੇ ਗੁਆਂਢੀ ਪਹਾੜੀ ਰਾਜਾਂ ਨੂੰ ਸਨਅਤੀ ਪੈਕੇਜ ਅਤੇ ਟੈਕਸ ਮੁਆਫੀ ਜਾਰੀ ਕਰਕੇ ਜੋ ਨਿਰੰਤਰ ਜਾਰੀ ਹੈ, ਪੰਜਾਬ ਦੀ ਸਨਅਤ ਅਤੇ ਭਵਿੱਖ ਵਿਚ ਇਸ ਦੇ ਵਿਕਾਸ ਦਾ ਸਦਾ ਲਈ ਭੋਗ ਪਾ ਦਿੱਤਾ। ਸ੍ਰੀ ਮੋਦੀ ਸਰਕਾਰ ਨੇ ਅਜੇ ਤੱਕ ਪੰਜਾਬ ਨੂੰ ਕੋਈ ਪੈਕੇਜ ਨਹੀਂ ਦਿਤਾ। ਕਿਸਾਨ ਖੁਦਕੁਸ਼ੀਆਂ ਤੇ ਤਰਸ ਵੀ ਨਹੀਂ ਖਾਧਾ। ਹੁਣ ਤਾਜ਼ਾ ਔਰੰਗਜ਼ੇਬੀ ਹੁਕਮਾਂ ਰਾਹੀਂ ਚੰਡੀਗੜ੍ਹ ਤੋਂ ਪੰਜਾਬ ਦਾ ਹੱਕ ਖੋਹ ਕੇ ਇਸ ਨੂੰ ਪੱਕਾ ਕੇਂਦਰੀ ਸਾਸ਼ਤ ਪ੍ਰਦੇਸ਼ 25 ਸਤੰਬਰ, 2018 ਦੀ ਨੋਟੀਫੀਕੇਸ਼ਨ ਰਾਹੀਂ ਬਣਾ ਦਿੱਤਾ ਹੈ। ਸੰਨ 1966 ਦੀ ਵੰਡ ਰਾਹੀਂ ਚੰਡੀਗੜ੍ਹ ਪੰਜਾਬ ਦਾ ਹਿੱਸਾ ਹੈ। ਲੌਂਗੋਵਾਲ-ਰਾਜੀਵ ਸਮਝੌਤੇ ਰਾਹੀਂ ਇਸ ਨੂੰ ਪੰਜਾਬ ਨੂੰ ਸੌਂਪਣਾ ਮੰਨਿਆ। ਇਹ ਸ਼ਹਿਰ ਪੰਜਾਬੀ ਭਾਸ਼ੀ ਲੋਕ ਅਤੇ ਪਿੰਡ ਉਠਾ ਕੇ ਉਸਾਰਿਆ ਸੀ ਸਾਂਝੇ ਪੰਜਾਬ ਦੀ ਰਾਜਧਾਨੀ ਵਜੋਂ। 1966 ਵਿਚ ਇਸ ਦੇ ਪ੍ਰਸ਼ਾਸਨ ਅਤੇ ਇਮਾਰਤਾਂ ਨੂੰ ਪੰਜਾਬ-ਹਰਿਆਣਾ ਦਰਮਿਆਨ 60:40 ਰੋਸ਼ੋ ਨਾਲ ਵੰਡਿਆ ਸੀ ਜਿਸ ਦਾ ਭੋਗ ਲੌਂਗੋਵਾਲ-ਰਾਜੀਵ ਸਮਝੌਤੇ ਵੇਲੇ ਪੈ ਗਿਆ ਸੀ। ਸ੍ਰੀ ਮੋਦੀ ਸਰਕਾਰ ਦੇ ਇਸ ਸਬੰਧੀ ਹੁਕਮ ਦੇ ਵਿਰੋਧ ਵਿਚ ਤੁਰੰਤ ਅਕਾਲੀ ਦਲ ਮੰਤਰੀ ਹਰਸਿਮਰਤ ਕੌਰ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਸੀ। ਪਾਰਟੀ ਪ੍ਰਧਾਨ ਨੂੰ ਰੋਸ ਵਜੋਂ ਭਾਜਪਾ ਨਾਲ ਨਾਤਾ ਤੋੜ ਲੈਣਾ ਚਾਹੀਦਾ ਸੀ ਅਤੇ ਐਨ.ਡੀ.ਏ ਗਠਜੋੜ ਵਿਚੋਂ ਬਾਹਰ ਆ ਜਾਣ ਚਾਹੀਦਾ ਸੀ ਜਿਵੇਂ ਚੰਦਰਬਾਬੂ ਨਾਇਡੂ ਮੁੱਖ ਮੰਤਰੀ ਆਂਧਰਾ ਪ੍ਰਦੇਸ਼ ਨੇ ਆਪਣੇ ਰਾਜ ਦੇ ਹਿੱਤਾ ਖਾਤਰ ਮੋਦੀ ਸਰਕਾਰ ਵਿੱਚੋਂ ਆਪਣੇ ਮੰਤਰੀ ਹਟਾ ਲਏ ਸਨ ਤੇਲਗੂ ਦੇਸ਼ਮ ਨੇ ਭਾਜਪਾ ਅਤੇ ਐਨ.ਡੀ.ਏ ਨਾਲੋਂ ਨਾਤਾ ਤੋੜ ਲਿਆ ਸੀ। ਕਾਸ਼! ਕਿ ਸੁਖਬੀਰ ਬਾਦਲ ਦੀ ਲੀਡਰਸ਼ਿਪ ਵਿਚ ਐਨਾ ਦਮ-ਖਮ ਹੁੰਦਾ। ਇਵੇਂ ਨਾ ਕਰਕੇ ਉਸ ਨੇ ਆਪਣੇ ਆਪ ਨੂੰ ਮਰਹੂਮ ਸੁਰਜੀਤ ਸਿੰਘ ਬਰਨਾਲਾ ਵਾਂਗ ਮਹਿਜ਼ ਚੰਦ ਦਿਨਾਂ ਦੀ ਸੱਤਾ ਅਤੇ ਸਿਆਸੀ ਲਾਹੇ ਲਈ ਉਸਦੀ ਕਾਇਰਾਨਾ ਕਤਾਰ ਵਿਚ ਖੜ੍ਹਾ ਕਰ ਲਿਆ ਹੈ।




ਪਾਰਟੀ ਅੰਦਰ ਮੌਜੂਦਾ ਘੋਰ ਸੰਕਟ ਦੀ ਸਥਿਤੀ ਵਿਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਇਸ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਸਿੱਖ ਸੰਸਥਾਵਾਂ ਮੂੰਹ ਵਿਚ ਘੁੰਗਣੀਆਂ ਪਾਈ ਗੁੰਮ ਬੈਠੀਆਂ ਹਨ। ਹਰਿਆਣਾ ਦਾ ਭਾਜਪਾ ਮੁੱਖ ਮੰਤਰੀ ਸਿੱਖ ਗੁਰਦਵਾਰੇ ਵਿਚ ਇਸ ਕਰਕੇ ਨਤਮਸਤਕ ਹੋਣ ਨਹੀਂ ਜਾਂਦਾ ਕਿ ਉਸ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੀ ਤਸਵੀਰ ਲਗੀ ਹੋਈ ਸੀ। ਇਸ ਸਬੰਧੀ ਵੀ ਨਾ ਤਾਂ ਸ਼੍ਰੋਮਣੀ ਅਕਾਲੀ ਦਲ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਢੁੱਕਵਾਂ ਪ੍ਰਤੀਕਰਮ ਸਾਹਮਣੇ ਆਇਆ। ਇਹ ਭਾਜਪਾ ਪਾਰਲੀਮੈਂਟ 'ਤੇ ਹਮਲਾ ਕਰਨ ਵਾਲਿਆਂ ਨੂੰ ਹੀਰੋ ਮੰਨਣ ਵਾਲੀ ਪੀ.ਡੀ.ਪੀ. ਨਾਲ ਜੰਮੂ ਕਸ਼ਮੀਰ ਵਿਚ ਸਰਕਾਰ ਬਣਾ ਸਕਦੀ ਹੈ। ਪਰ ਸਰਬ ਸਾਂਝੇ ਗੁਰਦਵਾਰੇ ਵਿਚ ਜਾਣ ਤੋਂ ਮਨਾ ਕਰਕੇ ਸਿੱਖਾਂ ਦੇ ਵਲੂੰਧਰੇ ਜ਼ਖ਼ਮਾਂ 'ਤੇ ਲੂਣ ਛਿੜਕਦੀ ਹੈ। ਕਾਸ਼! ਕਿ ਅੱਜ ਜਥੇਦਾਰ ਸੇਵਾ ਸਿੰਘ ਸੇਖਵਾਂ ਵਰਗਾ ਟਕਸਾਲੀ ਅਤੇ ਪ੍ਰਬੰਧਕ ਆਗੂ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਹੁੰਦਾ ਤਾਂ ਸਿੱਖ ਸਿਧਾਂਤਾਂ, ਮਰਿਯਾਦਾਵਾਂ ਅਤੇ ਹਿਤਾਂ ਖਾਤਰ ਡੱਟ ਜਾਂਦਾ।

ਮਝੈਲ ਲੀਡਰਸ਼ਿਪ ਜਿਸ ਵਿਚ ਪ੍ਰਮੁੱਖ ਤੌਰ 'ਤੇ ਸ: ਰਣਜੀਤ ਸਿੰਘ ਬ੍ਰਹਮਪੁਰਾ, ਜਥੇਦਾਰ ਸੇਵਾ ਸਿੰਘ ਸੇਖਵਾਂ ਅਤੇ ਜਾ: ਰਤਨ ਸਿੰਘ ਅਜਨਾਲਾ ਆਦਿ ਸ਼ਾਮਲ ਸਨ, ਨੇ ਡੂੰਘੀ ਸੋਚ ਵਿਚਾਰ ਬਾਅਦ ਅਜੋਕੀ ਸੰਕਟ ਦੀ ਘੜੀ ਵਿਚ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਤਖਤ ਸਾਹਿਬਾਨ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਸੱਤਾਧਾਰੀ ਕਾਂਗਰਸ, ਭਾਜਪਾ, ਵਿਰੋਧੀ ਧਿਰ ਆਮ ਆਦਮੀ ਪਾਰਟੀ ਅਤੇ ਇੰਨ੍ਹਾਂ ਦੇ ਸਮਰਥਕਾਂ ਤੋਂ ਬਚਾਉਣ ਲਈ ਅਹਿਦ ਕੀਤਾ ਹੈ। ਪਾਰਟੀ ਅਤੇ ਸਿੱਖ ਸੰਸਥਾਵਾਂ ਅਜ਼ੀਮ, ਸੁਪਰੀਮ ਅਤੇ ਸਾਨਾਮੱਤੇ ਇਤਿਹਾਸ ਵਾਲੀਆਂ ਹਨ। ਉਨ੍ਹਾਂ ਸ: ਢੀਂਡਸਾ ਵਾਂਗ ਅਸਤੀਫਾ ਦੇ ਕੇ ਪਾਰਟੀ ਅਤੇ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੀ ਥਾਂ ਉਨ੍ਹਾਂ ਦਾ ਖੁਸਿਆ ਵਕਾਰ ਬਹਾਲ ਕਰਨ, ਸਮੂਹਿਕ ਲੀਡਰਸ਼ਿਪ ਮਜ਼ਬੂਤ ਕਰਨ, ਏਕਾਧਿਕਾਰਵਾਦੀ ਰੁਝਾਨ ਖਤਮ ਕਰਨ ਪਾਰਟੀ ਵਰਕਰਾਂ ਦੀ ਸਥਿੱਤ ਮਜ਼ਬੂਤ ਕਰਨ ਵੱਲ ਧਿਆਨ ਕੇਂਦਰਤ ਕਰਨਗੇ। ਉਨ੍ਹਾਂ ਊਣਤਾਈਆਂ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਨੂੰ ਦੂਰ ਕਰਨਗੇ ਜਿੰਨ੍ਹਾਂ ਕਰਕੇ ਉਹ ਪੈਦਾ ਹੋਈਆਂ ਹਨ। ਪਰ ਅਸੀਂ ਇੱਥੇ ਇੰਨਾਂ ਮਝੈਲ ਆਗੂਆਂ ਨੂੰ ਸਪੱਸ਼ਟ ਦੱਸਣਾ ਚਾਹੁੰਦੇ ਹਾਂ ਕਿ ਜਿੰਨਾ ਚਿਰ ਉਹ ਪਾਰਟੀ ਨੂੰ ਆਪਣੇ ਪਰਿਵਾਰਕ ਮੈਂਬਰਾਂ ਦੀ ਸਰਪ੍ਰਸਤੀ ਤੋਂ ਮੁਕਤ ਨਹੀਂ ਕਰਦੇ ਉਨ੍ਹਾਂ ਲਈ ਇਸ ਨੂੰ ਬਾਦਲ ਪਰਿਵਾਰ ਤੋਂ ਮੁੱਕਤ ਕਰਾਉਣਾ ਸੰਭਵ ਨਹੀਂ ਹੋਵੇਗਾ। ਪਾਰਟੀ ਨਿਸ਼ਕਾਮ ਵਰਕਰਾਂ ਅਤੇ ਆਗੂਆਂ ਨਾਲ ਮਜ਼ਬੂਤ ਹੁੰਦੀ ਹੈ। ਨਾ ਕਿ ਪਰਿਵਾਰਿਕ ਧ੍ਰਿਤਰਾਸ਼ਟਰੀ ਮੋਹ ਨਾਲ। ਪੰਜਾਬ ਦੇ ਸੁਨਹਿਰੇ ਭਵਿੱਖ ਅਤੇ ਹਿੱਤਾਂ ਦੀ ਰਾਖੀ ਲਈ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਅਤਿ ਜ਼ਰੂਰੀ ਹੈ।

'ਦਰਬਾਰਾ ਸਿੰਘ ਕਾਹਲੋਂ'

# ਪ੍ਰਦੂਸ਼ਣ ਦੀ ਰੋਕਥਾਮ ਲਈ ਜਾਗਰੂਕਤਾ ਜ਼ਰੂਰੀ

ਸੁਪਰੀਮ ਕੋਰਟ ਦੀਆਂ ਹਦਾਇਤਾਂ ਦੇ ਬਾਵਜੂਦ ਪੰਜਾਬ ਦੇ ਲੋਕ ਆਪਣੇ ਭਵਿੱਖ ਲਈ ਸੰਜੀਦਾ ਨਹੀਂ ਹੋਏ ਤੇ ਨਿਸ਼ਚਿਤ ਸਮੇਂ ਤੋਂ ਬਾਅਦ ਵੀ ਪਟਾਕੇ ਚਲਾਉਂਦੇ ਰਹੇ। ਇਕੱਲੇ ਚੰਡੀਗੜ੍ਹ ਦੇ ਹਸਪਤਾਲਾਂ ਵਿੱਚ ਪਟਾਕਿਆਂ ਨਾਲ ਸੜਨ ਦੇ 141 ਕੇਸ ਰਿਪੋਰਟ ਹੋਏ ਹਨ। ਦੀਵਾਲੀ ਵਾਲੇ ਦਿਨ ਹਵਾ ਦਾ ਪ੍ਰਦੂਸ਼ਣ ਪਿਛਲੇ ਸਾਲ ਦੇ ਮੁਕਾਬਲੇ 24 ਫ਼ੀਸਦੀ ਘੱਟ ਰਿਹਾ ਹੈ ਪਰ ਪਿਛਲੇ ਸਾਲ ਦੇ ਦੀਵਾਲੀ ਤੋਂ ਇੱਕ ਦਿਨ ਪਹਿਲਾਂ ਦੇ ਪ੍ਰਦੂਸ਼ਣ ਨਾਲੋਂ ਇਸ ਸਾਲ ਦੀਵਾਲੀ ਵਾਲੇ ਦਿਨ ਵਧੇਰੇ ਪ੍ਰਦੂਸ਼ਣ ਰਿਹਾ। ਪੰਜਾਬ ਪ੍ਰਦੂਸ਼ਣ ਬੋਰਡ ਦੇ ਮੁਤਾਬਕ ਹਵਾ ਦਾ ਪ੍ਰਦੂਸ਼ਣ ਏਅਰ ਕੁਆਲਿਟੀ ਇਨਡੈਕਸ ਰੁਟੀਨ ਵਿੱਚ ਹੀ ਜ਼ਿਆਦਾ ਹੈ। ਸੁਪਰੀਮ ਕੋਰਟ ਦੇ ਫ਼ੈਸਲੇ ਦਾ ਫਿਰ ਵੀ ਚੰਗਾ ਪ੍ਰਭਾਵ ਪਿਆ ਹੈ। ਹੈਰਾਨੀ ਦੀ ਗੱਲ ਹੈ ਕਿ ਸਿਆਸਤਦਾਨਾਂ ਵਾਲੇ ਕੰਮ ਅਦਾਲਤਾਂ ਨੂੰ ਕਰਨੇ ਪੈ ਰਹੇ ਹਨ। ਲਾਨਸੈਟ ਮੈਡੀਕਲ ਜਨਰਲ ਦੀ ਰਿਪੋਰਟ ਅਨੁਸਾਰ 2015 ਵਿੱਚ ਦੁਨੀਆਂ ਵਿੱਚ ਪ੍ਰਦੂਸ਼ਣ ਨਾਲ 90 ਲੱਖ ਲੋਕ ਮਰੇ ਹਨ ਇਨ੍ਹਾਂ ਵਿੱਚੋਂ 25 ਲੱਖ ਭਾਰਤੀ ਹਨ। ਭਾਰਤ ਖ਼ਾਸ ਕਰਕੇ ਪੰਜਾਬ ਦੇ ਲੋਕਾਂ ਨੂੰ ਭਾਵੇਂ ਦੇਸ਼ ਭਰ ਵਿੱਚੋਂ ਖ਼ੁਸ਼ਹਾਲ ਤੌਰ 'ਤੇ ਗਿਣਿਆ ਜਾਂਦਾ ਹੈ ਪਰ ਇੱਥੋਂ ਦੇ ਵਾਸੀ ਆਪਣੀ ਅਤੇ ਆਪਣੇ ਬੱਚਿਆਂ ਦੀ ਸਿਹਤ ਬਾਰੇ ਬਹੁਤੇ ਸੁਚੇਤ ਨਹੀਂ ਹਨ। ਲੋਕਾਂ ਦੀਆਂ ਖਾਣ-ਪੀਣ ਦੀਆਂ ਆਦਤਾਂ ਵੀ ਸਿਹਤ ਪੱਖੀ ਨਹੀਂ ਹਨ। ਇਸੇ ਕਰਕੇ ਦੇਸ਼ ਵਿਚਲਾ ਹਰ ਤਰ੍ਹਾਂ ਦਾ ਪ੍ਰਦੂਸ਼ਣ ਭਾਰਤ ਦੇ ਭਵਿੱਖ ਲਈ ਖ਼ਤਰਨਾਕ ਸਾਬਤ ਹੋ ਰਿਹਾ ਹੈ। ਭਾਰਤ ਨੂੰ ਸਵੱਛ ਰੱਖਣ ਲਈ ਸਵੱਛ ਭਾਰਤ ਦੀ ਮੁਹਿੰਮ ਚਲਾਈ ਜਾ ਰਹੀ ਹੈ। ਹਰ ਪ੍ਰਾਣੀ ਨੂੰ ਜ਼ਿੰਦਾ ਰਹਿਣ ਲਈ ਹਵਾ ਦੀ ਜ਼ਰੂਰਤ ਹੁੰਦੀ ਹੈ। ਹਵਾ ਵਿੱਚ ਮਿਲਾਵਟ ਮਿੱਟੀ-ਘੱਟਾ ਅਤੇ ਧੂੰਆਂ ਕਰਦੇ ਹਨ। ਸਾਡੇ ਦੇਸ਼ ਵਿੱਚ ਮਿੱਟੀ-ਘੱਟਾ ਰੋਕਣ ਦਾ ਕੋਈ ਪ੍ਰਬੰਧ ਨਹੀਂ ਕੀਤਾ ਜਾਂਦਾ। ਹੁਣ ਤੱਕ ਧੂੰਏਂ ਵੱਲ ਵੀ ਕਿਸੇ ਨੇ ਧਿਆਨ ਨਹੀਂ ਦਿੱਤਾ। ਹਵਾ ਨੂੰ ਗੰਧਲਾ ਹੋਣ ਤੋਂ ਰੋਕਣ ਲਈ ਸਮੁੱਚੇ ਸਮਾਜ ਨੂੰ ਹਿੱਸਾ ਪਾਉਣਾ ਚਾਹੀਦਾ ਹੈ। ਸਨਅਤਾਂ ਅਤੇ ਵਾਹਨਾਂ ਦਾ ਧੂੰਆਂ ਹਵਾ ਨੂੰ ਵੱਡੇ ਪੱਧਰ 'ਤੇ ਪ੍ਰਦੂਸ਼ਿਤ ਕਰਦਾ ਹੈ। ਗੰਧਲੀ ਹਵਾ ਕਰਕੇ ਸਾਹ ਲੈਣ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਗੰਭੀਰ ਬਿਮਾਰੀਆਂ ਲੱਗ ਰਹੀਆਂ ਹਨ। ਇਸ ਲਈ ਸਾਨੂੰ ਆਪਣੇ ਭਵਿੱਖ ਨੂੰ ਬਚਾਉਣ ਲਈ ਹਵਾ ਨੂੰ ਪ੍ਰਦੂਸ਼ਿਤ ਕਰਨ ਵਾਲੇ ਕੰਮ ਕਰਨ ਤੋਂ ਸੁਚੇਤ ਰਹਿਣਾ ਚਾਹੀਦਾ ਹੈ। ਕਿਸਾਨ ਹੁਣ ਤੱਕ ਆਮ ਤੌਰ 'ਤੇ ਜੀਰੀ ਦੀ ਰਹਿੰਦ-ਖੂੰਹਦ ਨੂੰ ਸਾੜ ਦਿੰਦੇ ਸਨ। ਇਸ ਤਰ੍ਹਾਂ ਕਰਨ ਨਾਲ ਫ਼ਸਲਾਂ ਲਈ ਲਾਹੇਵੰਦ ਮਿੱਤਰ ਕੀੜੇ ਵੀ ਮਰ ਜਾਂਦੇ ਸਨ ਤੇ ਜ਼ਮੀਨ ਦੀ ਉਪਜਾਊ ਸ਼ਕਤੀ 'ਤੇ ਵੀ ਮਾੜਾ ਅਸਰ ਪੈਂਦਾ ਹੈ। ਕੌਮੀ ਗਰੀਨ ਟ੍ਰਿਬਿਊਨਲ ਨੇ ਪਰਾਲੀ ਨੂੰ ਫੂਕਣ ਸਬੰਧੀ ਬੰਦਿਸ਼ਾਂ ਲਾਈਆਂ ਹਨ ਤੇ ਸਰਕਾਰਾਂ ਇਸ ਪਾਸੇ ਅੱਗੇ ਆਉਣ ਲਈ ਕਿਹਾ ਹੈ। ਸਰਕਾਰ ਨੇ ਟ੍ਰਿਬਿਊਨਲ ਦੇ ਦਿਸ਼ਾ-ਨਿਰਦੇਸ਼ਾਂ ਨੂੰ ਕਿਸਾਨਾਂ 'ਤੇ ਜ਼ਬਰੀ ਲਾਗੂ ਕਰਨ ਦਾ ਯਤਨ ਕੀਤਾ ਤੇ ਕਿਸਾਨਾਂ ਨੂੰ ਸਹਾਇਤਾ ਵਾਲੇ ਪਾਸੇ ਤੋਂ ਹੱਥ ਘੁੱਟ ਲਿਆ। ਜੀਰੀ ਦੀ ਰਹਿੰਦ-ਖੂੰਹਦ ਦਾ ਯੋਗ ਪ੍ਰਬੰਧ ਕਰਨ ਵਿੱਚ ਸਰਕਾਰ ਨੂੰ ਕਿਸਾਨਾਂ ਦਾ ਸਹਾਈ ਹੋਣਾ ਚਾਹੀਦਾ ਹੈ। ਰਹਿੰਦ ਖੂੰਹਦ ਨੂੰ ਹਰੀ ਖਾਦ ਦੇ ਤੌਰ 'ਤੇ ਵਰਤਣ ਲਈ ਸਸਤੀਆਂ ਦਰਾਂ ਉਪਰ ਖੇਤੀ ਦੇ ਸੰਦ ਮੁਹੱਈਆ ਕਰਨੇ ਚਾਹੀਦੇ ਹਨ, ਫਿਰ ਕਿਸਾਨ ਆਪ ਹੀ ਹਰੀ ਖਾਦ ਬਣਾਉਣ ਲੱਗ ਜਾਣਗੇ। ਸਵੱਛ ਭਾਰਤ ਦੀ ਮੁਹਿੰਮ ਚਲਾਉਣ ਵਾਲਿਆਂ ਨੂੰ ਵੀ ਨਿਗਰਾਨੀ ਕਰਨੀ ਚਾਹੀਦੀ ਹੈ ਕਿ ਜਿਹੜਾ ਕੂੜਾ ਕਰਕਟ ਖੁੱਲ੍ਹੇ ਮੈਦਾਨਾਂ ਵਿੱਚ ਪਿਆ ਹੁੰਦਾ ਹੈ, ਉਸ ਨੂੰ ਅੱਗ ਨਾ ਲਾਈ ਜਾਵੇ। ਕੂੜੇ ਨੂੰ ਅੱਗ ਲਾਉਣ ਵਾਲਿਆਂ 'ਤੇ ਵੀ ਕਾਨੂੰਨੀ ਕਰਨੀ ਚਾਹੀਦੀ ਹੈ। ਇਕੱਲੇ ਕਿਸਾਨ ਹੀ ਹਵਾ ਨੂੰ ਗੰਧਲਾ ਕਰਨ ਦੇ ਜ਼ਿੰਮੇਵਾਰ ਨਹੀਂ ਬਲਕਿ ਸਨਅਤਕਾਰ ਤੇ ਵਾਹਨ ਚਾਲਕ ਵੀ ਇਸ ਵਿੱਚ ਭਾਗੀਦਾਰ ਹਨ। ਹਵਾ ਨੂੰ ਗੰਧਲਾ ਕਰਨ ਵਿੱਚ ਇੱਟਾਂ ਬਣਾਉਣ ਵਾਲੇ ਭੱਠਿਆਂ ਤੋਂ ਲੈ ਕੇ ਕੂੜੇ ਕਰਕਟ ਨੂੰ ਅੱਗ ਲਗਾਉਣਾ ਸਭ ਸ਼ਾਮਿਲ ਹੈ।



# ਬ੍ਰਾਜ਼ੀਲ: ਰਾਸ਼ਟਰਪਤੀ ਦੀ ਦੌੜ 'ਚ ਸਭ ਤੋਂ ਅੱਗੇ ਚੱਲ ਰਹੇ ਬੋਲਸਾਨਰੋ ਨਾਲ ਜੁੜੇ ਹਨ ਇਹ ਵਿਵਾਦ





ਦੱਖਣੀ ਅਮਰੀਕਨ ਦੇਸ ਬ੍ਰਾਜ਼ੀਲ ਵਿੱਚ ਐਤਵਾਰ ਨੂੰ ਰਾਸ਼ਟਰਪਤੀ ਅਹੁਦੇ ਲਈ ਵੋਟਿੰਗ ਹੋਈ। ਇਨ੍ਹਾਂ ਚੋਣਾਂ ਦੇ ਨਤੀਜਿਆਂ ਵਿੱਚ ਜਾਇਰ ਬੋਲਸਾਨਰੋ ਸਭ ਤੋਂ ਅੱਗੇ ਚੱਲ ਰਹੇ ਹਨ। ਉਨ੍ਹਾਂ ਨੂੰ 46.93 ਫ਼ੀਸਦ ਵੋਟ ਹਾਸਲ ਹੋਏ ਹਨ।ਦੂਜੇ ਨੰਬਰ 'ਤੇ ਖੱਬੇ-ਪੱਖੀ ਵਰਕਰਜ਼ ਪਾਰਟੀ ਦੇ ਉਮੀਦਵਾਰ ਫਰਨਾਂਡੋ ਹੱਦਾਦ ਦੂਜੇ ਨੰਬਰ 'ਤੇ ਹਨ। ਉਨ੍ਹਾਂ ਨੂੰ 29 ਫ਼ੀਸਦ ਵੋਟ ਮਿਲੇ ਹਨ। ਦੋਵਾਂ ਵਿੱਚੋਂ ਕਿਸੇ ਵੀ ਉਮੀਦਵਾਰ ਨੂੰ 50 ਫ਼ੀਸਦ ਵੋਟ ਹਾਸਲ ਨਹੀਂ ਹੋਏ। ਇਸ ਲਈ 28 ਅਕਤੂਬਰ ਨੂੰ ਦੂਜੇ ਗੇੜ ਦੀਆਂ ਚੋਣਾਂ ਹੋਣਗੀਆਂ।ਜਾਇਰ ਬੋਲਸਾਨਰੋ ਦੀ ਗੱਲ ਕਰੀਏ ਤਾਂ ਉਨ੍ਹਾਂ ਦਾ ਅਕਸ ਇੱਕ ਸੱਜੇ-ਪੱਖੀ ਲੀਡਰ ਦਾ ਹੈ। ਉਨ੍ਹਾਂ ਨੂੰ 'ਬ੍ਰਾਜ਼ੀਲ ਦਾ ਟਰੰਪ' ਵੀ ਕਿਹਾ ਜਾਂਦਾ ਹੈ।ਬੋਲਸਾਨਰੋ ਫੌਜ ਮੁਖੀ ਰਹਿ ਚੁੱਕੇ ਹਨ ਅਤੇ ਆਪਣੇ ਅਕਸ ਨੂੰ ਬ੍ਰਾਜ਼ੀਲ ਦੇ ਹਿੱਤਾਂ ਦੇ ਰੱਖਿਅਕ ਦੇ ਤੌਰ 'ਤੇ ਪੇਸ਼ ਕਰਦੇ ਹਨ।ਉਹ ਬ੍ਰਾਜ਼ੀਲ ਵਿੱਚ ਫੌਜ ਦੇ ਸ਼ਾਸਨ ਨੂੰ ਸਹੀ ਠਹਿਰਾਉਂਦੇ ਰਹੇ ਹਨ। ਉਹ ਮੰਨਦੇ ਹਨ ਕਿ ਦੇਸ ਦੀ ਮਜ਼ਬੂਤੀ ਲਈ ਬ੍ਰਾਜ਼ੀਲ ਨੂੰ 1964-85 ਵਾਲੇ ਫੌਜ ਦੇ ਤਾਨਾਸ਼ਾਹੀ ਦੇ ਦੌਰ ਵਿੱਚ ਮੁੜ ਜਾਣਾ ਚਾਹੀਦਾ ਹੈ।ਮਹਿਲਾ ਵਿਰੋਧੀ ਬਿਆਨ ਦੇਣ ਵਾਲੇ ਬੋਲਸਾਨਰੋ ਨੇ ਜਦੋਂ ਚੋਣਾਂ ਲਈ ਆਪਣੀ ਦਾਅਵੇਦਾਰੀ ਪੇਸ਼ ਕੀਤੀ ਤਾਂ ਉਸਦੇ ਵਿਰੋਧ ਵਿੱਚ ਕਈ ਰੈਲੀਆਂ ਕੀਤੀਆਂ ਗਈਆਂ। ਬ੍ਰਾਜ਼ੀਲ ਦੇ ਕਈ ਲੋਕ ਉਨ੍ਹਾਂ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਹਨ।ਹਿਟਲਰ ਵਰਗਾ ਤਾਨਾਸ਼ਾਹ' ਕੁਝ ਮੀਡੀਆ ਦੇ ਜਾਣਕਾਰ ਉਨ੍ਹਾਂ ਨੂੰ 'ਟਰੰਪ ਆਫ਼ ਟਰੌਪਿਕਸ' ਯਾਨਿ ਬ੍ਰਾਜ਼ੀਲ ਦਾ ਟਰੰਪ ਕਹਿ ਰਹੇ ਹਨ। ਉਨ੍ਹਾਂ ਦੀਆਂ ਚੋਣਾਂ ਅਤੇ ਸੋਸ਼ਲ ਮੀਡੀਆ ਪ੍ਰਚਾਰ ਦੀ ਤੁਲਨਾ ਟਰੰਪ ਦੇ ਚੋਣ ਪ੍ਰਚਾਰ ਨਾਲ ਕੀਤੀ ਜਾ ਰਹੀ ਹੈ।ਜਾਇਰ ਬੋਲਸਾਨਰੂ ਦੇ ਵਿਰੋਧੀ ਸਿਰਾਓ ਗੋਮੇਜ਼ ਉਨ੍ਹਾਂ ਨੂੰ 'ਬ੍ਰਾਜ਼ੀਲ ਦਾ ਹਿਟਲਰ' ਵੀ ਕਹਿ ਚੁੱਕੇ ਹਨ। ਚੋਣਾਂ ਤੋਂ ਪਹਿਲਾਂ ਤਮਾਮ ਮੀਡੀਆ ਦੇ ਓਪੀਨੀਅਨ ਪੋਲ ਵਿੱਚ ਬੋਲਸਾਨਰੋ ਦੇ ਪੱਖ ਵਿੱਚ ਨਤੀਜੇ ਨਜ਼ਰ ਆ ਰਹੇ ਸਨ।6 ਸਤੰਬਰ ਨੂੰ ਉਨ੍ਹਾਂ 'ਤੇ ਚਾਕੂ ਨਾਲ ਹਮਲਾ ਕੀਤਾ ਗਿਆ ਸੀ ਜਿਸ ਕਾਰਨ ਉਹ ਹਸਪਤਾਲ ਵਿੱਚ ਰਹੇ ਅਤੇ ਚੋਣ ਪ੍ਰਚਾਰਾਂ ਵਿੱਚ ਖ਼ੁਦ ਹਿੱਸਾ ਨਾ ਲੈ ਸਕੇ। ਇਸਦੇ ਬਾਵਜੂਦ ਓਪੀਨੀਅਨ ਪੋਲ ਵਿੱਚ ਉਹ ਅੱਗੇ ਚੱਲ ਰਹੇ ਸਨ।ਸਾਲ 2014 ਵਿੱਚ ਰਿਓ ਡੀ ਜਨੇਰੀਓ ਤੋਂ ਬੌਤਰ ਕਾਂਗਰਸ ਉਮੀਦਵਾਰ ਉਨ੍ਹਾਂ ਨੂੰ ਸਭ ਤੋਂ ਵੱਧ ਵੋਟ ਮਿਲੇ ਸਨ। ਇਸ ਦੌਰਾਨ ਵੀ ਉਹ ਕਈ ਭੜਕਾਊ ਬਿਆਨਾਂ ਕਰਕੇ ਸੁਰਖ਼ੀਆਂ ਵਿੱਚ ਰਹੇ ਸਨ।ਫੌਜ ਦੇ ਹਮਾਇਤੀ ਅਤੇ ਸਮਲਿੰਗਤਾ ਦੇ ਵਿਰੋਧੀ ਪਿਛਲੇ ਕੁਝ ਸਾਲਾਂ ਵਿੱਚ ਉਨ੍ਹਾਂ ਨੇ ਆਪਣੇ ਸਰਹੱਦ ਨਾਲ ਜੁੜੇ ਪ੍ਰਸਤਾਵਾਂ ਨੂੰ ਹੋਰ ਵਧਾਇਆ ਹੈ। ਇਸਦੇ ਨਾਲ ਹੀ ਉਹ ਆਮ ਲੋਕਾਂ ਦੀ ਸੁਰੱਖਿਆ ਅਤੇ ਕਾਨੂੰਨ ਪ੍ਰਬੰਧ ਦੀ ਗੱਲ ਕਰਦੇ ਹਨ। ਬ੍ਰਾਜ਼ੀਲ ਵਿੱਚ ਵਧਦੇ ਜੁਰਮ ਵਿਚਾਲੇ ਉਨ੍ਹਾਂ ਦੀਆਂ ਇਹ ਗੱਲਾਂ ਆਮ ਵੋਟਰਾਂ ਵਿੱਚ ਉਨ੍ਹਾਂ ਦੇ ਪਸੰਦੀਦਾ ਬਣਨ ਦਾ ਇੱਕ ਵੱਡਾ ਕਾਰਨ ਮੰਨਿਆ ਜਾ ਰਿਹਾ ਹੈ।11 ਸਤੰਬਰ ਨੂੰ ਉਨ੍ਹਾਂ ਨੇ ਟਵੀਟ ਕੀਤਾ, "ਸੁਰੱਖਿਆ ਸਾਡੀ ਪਹਿਲ ਹੈ। ਲੋਕ ਰੁਜ਼ਗਾਰ ਚਾਹੁੰਦੇ ਹਨ, ਸਿੱਖਿਆ ਚਾਹੁੰਦੇ ਹਨ ਪਰ ਨੌਕਰੀਆਂ ਦਾ ਕੋਈ ਮਤਲਬ ਨਹੀਂ ਹੋਵੇਗਾ ਜੇਕਰ ਉਹ ਘਰਾਂ ਨੂੰ ਜਾਣ ਅਤੇ ਉਨ੍ਹਾਂ ਨੂੰ ਰਸਤੇ ਵਿੱਚ ਹੀ ਲੁੱਟ ਲਿਆ ਜਾਵੇ। ਜੇਕਰ ਨਸ਼ੇ ਦੀ ਤਸਕਰੀ ਸਕੂਲਾਂ ਵਿੱਚ ਹੋਵੇਗੀ ਤਾਂ ਸਿੱਖਿਆ ਦਾ ਕੋਈ ਮਤਲਬ ਨਹੀਂ ਹੋਵੇਗਾ।"ਸਾਲ 2011 ਵਿੱਚ ਪਲੇਬੁਆਏ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਉਨ੍ਹਾਂ ਨੇ ਕਿਹਾ ਸੀ, "ਮੈਂ ਆਪਣੇ ਮੁੰਡੇ ਨੂੰ ਸਮਲਿੰਗੀ ਹੋਣ ਤੋਂ ਬਿਹਤਰ ਇੱਕ ਸੜਕ ਹਾਦਸੇ ਵਿੱਚ ਮਰਦਾ ਦੇਖਣਾ ਚਾਹਾਂਗੇ।"

### ਦੋ ਵਰਗਾਂ ਦੀ ਲੜਾਈ

ਸਾਊ ਪਾਓਲੋ ਵਿੱਚ ਪੱਤਰਕਾਰਿਤਾ ਕਰ ਰਹੇ ਸ਼ੋਭਨ ਸਕਸੈਨਾ ਕਹਿੰਦੇ ਹਨ, "ਜੇਕਰ ਬ੍ਰਾਜ਼ੀਲ ਦਾ ਇਤਿਹਾਸ ਦੇਖੀਏ ਤਾਂ ਇੱਥੇ ਅਫ਼ਰੀਕਾ ਤੋਂ ਬੰਧੀ ਵੱਡੀ ਤਦਾਦ ਵਿੱਚ ਲਿਆਂਦੇ ਗਏ ਸਨ। ਬ੍ਰਾਜ਼ੀਲ ਦੁਨੀਆਂ ਦਾ ਆਖ਼ਰੀ ਦੇਸ ਸੀ ਜਿੱਥੇ ਗ਼ੁਲਾਮੀ 1988 ਵਿੱਚ ਖ਼ਤਮ ਹੋਈ। ਬ੍ਰਾਜ਼ੀਲ ਵਿੱਚ ਲਗਭਗ 54-60 ਫ਼ੀਸਦ ਲੋਕ ਜਾਂ ਤਾਂ ਅਫ਼ਰੀਕੀ ਮੂਲ ਦੇ ਹਨ ਜਾਂ ਮਿਕਸ ਰੇਸ ਦੇ ਹਨ। ਬ੍ਰਾਜ਼ੀਲ ਵਿੱਚ ਸੱਤਾ ਵਰਗ ਦੇ ਜ਼ਿਆਦਾਤਰ ਗੋਰੇ ਲੋਕ ਹਨ।""ਇੱਥੋਂ ਦਾ ਸਮਾਜ ਕਾਲੇ ਅਤੇ ਗੋਰੇ ਲੋਕਾਂ ਵਿੱਚ ਵੰਡਿਆ ਹੋਇਆ ਹੈ। ਕਾਲੇ ਲੋਕਾਂ ਦੇ ਵੱਧ ਹੋਣ ਦੇ ਬਾਵਜੂਦ ਇੱਥੇ ਗੋਰੇ ਲੋਕਾਂ ਦਾ ਹਰ ਖੇਤਰ ਉੱਤੇ ਦਬਦਬਾ ਬਣਿਆ ਹੋਇਆ ਸੀ।" "ਪਰ ਸਾਲ 2002 ਵਿੱਚ ਬ੍ਰਾਜ਼ੀਲ ਵਿੱਚ ਖੱਬੇ-ਪੱਖੀ ਪਾਰਟੀ ਸੱਤਾ ਵਿੱਚ ਆਈ ਤਾਂ ਇੱਥੇ ਬਦਲਾਅ ਆਇਆ। ਉਨ੍ਹਾਂ ਨੇ ਰਾਖਵਾਂਕਰਨ ਲਿਆਉਣ ਦਾ ਕੰਮ ਕੀਤਾ, ਗ਼ਰੀਬਾਂ ਦਾ ਭੱਤਾ ਵਧਾਇਆ। ਇਸ ਨਾਲ ਜ਼ਿਆਦਾਤਰ ਲੋਕ ਗ਼ਰੀਬੀ ਰੇਖਾ ਤੋਂ ਉੱਪਰ ਆਏ।ਅੱਜ ਬ੍ਰਾਜ਼ੀਲ ਦੇ ਜਿਹੜੇ ਹਾਲਾਤ ਹਨ ਉਹ ਇਸੇ ਦਾ ਨਤੀਜਾ ਹੈ। ਉੱਥੇ ਦੋ ਵਰਗਾਂ ਵਿੱਚ ਇੱਕ ਟਕਰਾਅ ਦੇਖਣ ਨੂੰ ਮਿਲ ਰਿਹਾ ਹੈ। ਦੇਸ ਵਿੱਚ ਇੱਕ ਸਮਾਜਿਕ ਲੋਕਤੰਤਰ ਦਾ ਮਾਡਲ ਹੈ ਅੱਤੇ ਇੱਕ ਖੱਬੇ-ਪੱਥੀ ਦਾ ਮਾਡਲ ਹੈ।" "ਬੋਲਸਾਨਰੋ ਸਾਬਕਾ ਆਰਮੀ ਮੁਖੀ ਸਨ। ਉਨ੍ਹਾਂ ਦਾ ਸਿਆਸੀ ਜੀਵਨ ਇੱਕ ਆਰਮੀ ਯੂਨੀਅਨ ਦੇ ਲੀਡਰ ਦੇ ਤੌਰ 'ਤੇ ਰਿਹਾ। ਹੌਲੀ-ਹੌਲੀ ਇਹ ਮੁੱਖ ਧਾਰਾ ਦੀ ਸਿਆਸਤ ਵਿੱਚ ਆਏ ਅਤੇ ਰੀਓ ਡੀ ਜਨੇਰੀਓ ਤੋਂ ਕਾਂਗਰਸ ਮੈਂਬਰ ਬਣ ਕੇ ਕਾਂਗਰਸ ਗਏ।" "ਇਨ੍ਹਾਂ ਦੀ ਸਿਆਸਤ ਦਾ ਆਧਾਰ ਪੁਲਿਸ ਅਤੇ ਆਰਮੀ ਹੀ ਰਿਹਾ ਹੈ। ਜਾਇਰ ਬੋਲਸਾਨਰੋ ਦਾ ਪੂਰਾ ਸਿਆਸੀ ਕਰੀਅਰ ਫੌਜ ਦੀ ਤਾਨਾਸ਼ਾਹੀ ਨੂੰ ਮਹਾਨ ਬਣਾਉਣ ਤੋਂ ਸ਼ੁਰੂ ਹੋਇਆ ਹੈ ਅਤੇ ਹੁਣ ਤੱਕ ਆਧਾਰ ਉਹੀ ਚੱਲ ਰਿਹਾ ਹੈ। ਸਭ ਤੋਂ ਅਹਿਮ ਗੱਲ ਇਹ ਹੈ ਕਿ ਜਦੋਂ ਇਹ ਸੱਤਾ ਵਿੱਚ ਆਉਣਗੇ ਤਾਂ ਪੂਰਾ ਕੈਬਨਿਟ ਫੌਜ ਦੇ ਲੋਕਾਂ ਦਾ ਭਰਿਆ ਹੋਵੇਗਾ। ਉਹ ਅਜਿਹਾ ਪਹਿਲਾਂ ਹੀ ਸਾਫ਼ ਕਰ ਚੁੱਕੇ ਹਨ।"

1990 ਵਿੱਚ ਪਹਿਲੀ ਵਾਰ ਪੁੱਜੇ ਕਾਂਗਰਸ ਜੈਰ ਮੇਸੀਆਸ ਜਾਇਰ ਬੋਲਸਾਨਰੋ ਜਾ ਜਨਮ 21 ਮਾਰਚ 1955 ਨੂੰ ਸਾਓ ਪਾਊਲੋ ਦੇ ਕੈਂਪੀਨਾਸ ਸ਼ਹਿਰ ਵਿੱਚ ਹੋਇਆ ਸੀ। ਸਾਲ 1977 ਵਿੱਚ ਉਨ੍ਹਾਂ ਨੇ ਅਲਗਸ ਨੇਗ੍ਰਾਸ ਮਿਲਟਰੀ ਅਕੈਡਮੀ ਤੋਂ ਗ੍ਰੈਜੁਏਸ਼ਨ ਕੀਤੀ।



# ਕੀ ਪੈਸੇ ਨੇ ਸਾਡੀ ਉਮਰ ਵਧਾ ਦਿੱਤੀ ਹੈ

ਪਿਛਲੇ ਕੁਝ ਦਹਾਕਿਆਂ ਵਿੱਚ ਪੂਰੀ ਦੁਨੀਆਂ ਵਿੱਚ ਲੋਕਾਂ ਦੀ ਔਸਤ ਉਮਰ ਬੜੀ ਤੇਜ਼ੀ ਨਾਲ ਵੱਧ ਰਹੀ ਹੈ। 1960 ਦੇ ਦਹਾਕੇ ਵਿੱਚ ਪੈਦਾ ਹੋਣ ਵਾਲੇ ਲੋਕ ਔਸਤਨ 52.5 ਸਾਲ ਜਿਉਂਦੇ ਸਨ, ਅੱਜ ਇਹ ਔਸਤ 72 ਸਾਲ ਹੈ।

ਬ੍ਰਿਟੇਨ ਵਿੱਚ ਕਾਫ਼ੀ ਪਹਿਲਾਂ ਤੋਂ ਆਬਾਦੀ ਦੇ ਜਨਮ ਅਤੇ ਮੌਤ ਦੇ ਰਿਕਾਰਡ ਰੱਖੇ ਜਾਂਦੇ ਰਹੇ ਹਨ। 1841 ਵਿੱਚ ਪੈਦਾ ਹੋਈ ਕਿਸੇ ਬੱਚੀ ਦੇ ਸਿਰਫ਼ 42 ਸਾਲ ਦੀ ਉਮਰ ਤੱਕ ਜਿਉਣ ਦੀ ਉਮੀਦ ਕੀਤੀ ਜਾਂਦੀ ਸੀ। ਉੱਥੇ ਹੀ ਕਿਸੇ ਮੁੰਡੇ ਦੀ ਔਸਤ ਉਮਰ ਉਸ ਤੋਂ ਵੀ ਘੱਟ ਯਾਨਿ 40 ਸਾਲ ਹੁੰਦੀ ਸੀ। 2016 ਵਿੱਚ ਪੈਦਾ ਹੋਈ ਕਿਸੀ ਬੱਚੀ ਦੇ ਔਸਤਨ 83 ਸਾਲ ਅਤੇ ਮੁੰਡੇ ਦੇ ਔਸਤਨ 79 ਸਾਲ ਤੱਕ ਜਿਉਣ ਦੀ ਉਮੀਦ ਕੀਤੀ ਜਾਂਦੀ ਹੈ।

ਮੰਨਿਆ ਜਾਂਦਾ ਹੈ ਕਿ ਮੈਡੀਕਲ ਵਿਗਿਆਨ ਦੀ ਤਰੱਕੀ ਅਤੇ ਬਿਹਤਰ ਸਹਿਤ ਸਹੂਲਤਾਂ ਨੇ ਇਨਸਾਨ ਦੀ ਔਸਤਨ ਉਮਰ ਵਧਾ ਦਿੱਤੀ ਹੈ।

ਪਰ, ਸ਼ਾਇਦ ਅਸੀਂ ਤਰੱਕੀ ਦੇ ਉਸ ਪੱਧਰ 'ਤੇ ਪਹੁੰਚੇ ਗਏ ਹਾਂ, ਜਿੱਥੇ ਸਾਇੰਸ ਅਤੇ ਸਿਹਤ ਸਹੂਲਤਾਂ ਬਿਹਤਰ ਕਰਕੇ ਵੀ ਇਨਸਾਨ ਦੀ ਉਮਰ ਨਹੀਂ ਵਧਾਈ ਜਾ ਸਕਦੀ। ਸਤੰਬਰ 2018 ਵਿੱਚ ਜਾਰੀ ਹੋਏ ਬ੍ਰਿਟੇਨ ਦੇ ਅੰਕੜੇ ਤਾਂ ਇਹੀ ਕਹਾਣੀ ਕਹਿੰਦੇ ਹਨ।

ਇਨ੍ਹਾਂ ਮੁਤਾਬਕ, ਬ੍ਰਿਟੇਨ ਵਿੱਚ ਲੋਕਾਂ ਦੀ ਔਸਤਨ ਉਮਰ ਵਧਣ ਦਾ ਸਿਲਸਿਲਾ ਰੁੱਕ ਗਿਆ ਹੈ। ਉੱਥੇ ਹੀ, ਬਾਕੀ ਦੁਨੀਆਂ ਵਿੱਚ ਔਸਤਨ ਉਮਰ ਵਧਣ ਦੀ ਰਫ਼ਤਾਰ ਹੌਲੀ ਹੋ ਗਈ ਹੈ।

ਮੈਡੀਕਲ ਸਹੂਲਤਾਂ ਨਾਲ ਨਹੀਂ ਵਧੀ ਉਮਰ

ਮੰਨਿਆ ਜਾਣ ਲੱਗਾ ਹੈ ਕਿ ਇਨਸਾਨ ਆਪਣੀ ਉਮਰ ਦੇ ਮਾਮਲੇ ਵਿੱਚ ਸੱਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਿਆ ਹੈ। ਇਸ ਸੋਚ ਨਾਲ ਕੁਝ ਗ਼ਲਤਫਹਿਮੀਆਂ ਵੀ ਵਧਦੀਆਂ ਹਨ। ਮੰਨਿਆ ਜਾਂਦਾ ਹੈ ਕਿ ਜੇਕਰ ਪ੍ਰਾਚੀਨ ਕਾਲ ਦੇ ਯੂਨਾਨੀ ਜਾਂ ਰੋਮਨ ਲੋਕ ਇਨਸਾਨ ਨੂੰ 50-60 ਸਾਲ ਤੋਂ ਵੱਧ ਸਾਲ ਤੱਕ ਜਿਉਂਦਾ ਦੇਖਦੇ, ਤਾਂ ਸੋਚ ਵਿੱਚ ਪੈ ਜਾਂਦੇ।

ਸਾਡਾ ਇਹ ਸੋਚਣਾ ਕਿ ਮੈਡੀਕਲ ਸਹੂਲਤਾਂ ਕਾਰਨ ਇਨਸਾਨ ਦੀ ਉਮਰ ਵੱਧ ਗਈ ਹੈ, ਗ਼ਲਤ ਹੈ। ਅੱਜ ਔਸਤ ਉਮਰ ਇਸ ਲਈ ਵੱਧ ਰਹੀ ਹੈ ਕਿਉਂਕਿ ਇਨਸਾਨ ਵਿਕਾਸ ਦੀ ਧਾਰਾ ਵਿੱਚ ਵਹਿੰਦਾ ਹੋਇਆ ਇੱਥੇ ਤੱਕ ਪੁੱਜਿਆ ਹੈ।

ਸਟੈਨਫੋਰਡ ਯੂਨੀਵਰਸਿਟੀ ਦੇ ਇਤਿਹਾਸਕਾਰ ਵੌਲਟਰ ਸ਼ੀਡੇਲ ਕਹਿੰਦੇ ਹਨ, "ਔਸਤ ਉਮਰ ਵਧਣ ਅਤੇ ਉਮਰ ਵਧਣ ਵਿੱਚ ਬਹੁਤ ਫ਼ਰਕ ਹੈ। ਲੋਕਾਂ ਦੀ ਉਮਰ ਦੀ ਗੱਲ ਕਰੀਏ, ਤਾਂ ਉਸ ਵਿੱਚ ਬਹੁਤ ਜ਼ਿਆਦਾ ਬਦਲਾਅ ਨਹੀਂ ਆਇਆ ਹੈ।"

ਔਸਤ ਉਮਰ ਇੱਕ ਔਸਤ ਹੈ। ਜੇਕਰ ਕਿਸੇ ਦੇ ਦੋ ਬੱਚੇ ਹਨ। ਉਨ੍ਹਾਂ ਵਿੱਚੋਂ ਇੱਕ ਦੀ ਮੌਤ ਹੋ ਜਾਂਦੀ ਹੈ ਅਤੇ ਦੂਜਾ ਬੱਚਾ 70 ਸਾਲ ਤੱਕ ਜਿਉਂਦਾ ਹੈ, ਤਾਂ ਔਸਤ ਉਮਰ 35 ਸਾਲ ਹੁੰਦੀ ਹੈ। ਗਣਿਤ ਦੇ ਲਿਹਾਜ਼ ਨਾਲ ਇਹ ਸਹੀ ਹੈ। ਇਹ ਕਿਸੇ ਬੱਚੇ ਦੀ ਪਰਵਰਿਸ਼ ਦੇ ਤੌਰ-ਤਰੀਕੇ ਦੇ ਬਾਰੇ ਵਿੱਚ ਵੀ ਦੱਸਦਾ ਹੈ। ਪਰ ਇਹ ਪੂਰੀ ਤਸਵੀਰ ਨਹੀਂ ਦੱਸਦਾ।

ਸਾਨੂੰ ਯਾਦ ਰੱਖਣਾ ਹੋਵੇਗਾ ਕਿ ਇਨਸਾਨ ਇਤਿਹਾਸ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਨਵ-ਜੰਮੇ ਦੀ ਮੌਤ ਦੀ ਦਰ ਬਹੁਤ ਜ਼ਿਆਦਾ ਰਹੀ ਹੈ। ਅੱਜ ਵੀ ਕਈ ਦੇਸਾਂ ਵਿੱਚ ਬੱਚੇ ਪੈਦਾ ਹੁੰਦੇ ਹੀ ਮਰ ਜਾਂਦੇ ਹਨ।

ਔਸਤ ਉਮਰ ਕੱਢਣ ਨਾਲ ਕਈ ਵਾਰ ਅਜਿਹੇ ਸੰਕੇਤ ਮਿਲਦੇ ਹਨ ਕਿ ਲੋਕ ਘੱਟ ਉਮਰ ਹੀ ਜਿਉਂਦੇ ਸਨ। ਜਿਵੇਂ ਪੁਰਾਣੇ ਜ਼ਮਾਨੇ ਵਿੱਚ ਰੋਮਨ ਜਾਂ ਯੂਨਾਨੀ ਸਾਮਰਾਜ ਵਿੱਚ ਰਹਿਣ ਵਾਲਿਆਂ ਦੀ ਔਸਤ ਉਮਰ 30-35 ਸਾਲ ਦੱਸੀ ਗਈ ਸੀ।

### ਪਰ ਇਸ ਗੱਲ ਵਿੱਚ ਕਿੰਨੀ ਸੱਚਾਈ ਹੈ?

ਜੇਕਰ ਅਸੀਂ ਬਹੁਤ ਜ਼ਿਆਦਾ ਬੁਢਾਪੇ ਦੀ ਗੱਲ ਕਰੀਏ ਤਾਂ ਈਸਾ ਤੋਂ ਸੱਤ ਸਦੀ ਪਹਿਲਾਂ ਇਹ ਯੂਨਾਨੀ ਕਵੀ ਹੇਸੀਓਡ ਨੇ ਲਿਖਿਆ ਸੀ, "ਤੁਹਾਨੂੰ 30 ਸਾਲ ਤੋਂ ਬਹੁਤ ਘੱਟ ਉਮਰ ਵਿੱਚ ਵਿਆਹ ਨਹੀਂ ਕਰਵਾਉਣਾ ਚਾਹੀਦਾ।"

ਪੁਰਾਣੇ ਰੋਮਨ ਸਾਮਰਾਜ ਦੀ ਬਿਊਰੋਕਰੇਸੀ 'ਕਰਸਸ ਹੋਨੋਰਮ' ਜਿਹੜਾ ਸਭ ਤੋਂ ਛੋਟੇ ਅਹੁਦੇ 'ਤੇ ਸੀ, ਉਸ 'ਤੇ ਕੋਈ 30 ਸਾਲ ਤੋਂ ਘੱਟ ਉਮਰ ਦਾ ਆਦਮੀ ਨਹੀਂ ਬਹਾਲ ਕੀਤਾ ਜਾ ਸਕਦਾ ਸੀ। ਬਾਅਦ ਵਿੱਚ ਰੋਮਨ ਸਮਰਾਟ ਔਗਸਟਨ ਨੇ ਇਹ ਉਮਰ ਘਟਾ ਕੇ 25 ਸਾਲ ਕਰ ਦਿੱਤੀ ਸੀ। ਖ਼ੁਦ ਔਗਸਟਨ ਦੀ ਮੌਤ 75 ਸਾਲ ਦੀ ਉਮਰ ਵਿੱਚ ਹੋਈ ਸੀ। ਰੋਮਨ ਸਾਮਰਾਜ ਦਾ ਦੂਤ ਬਣਨ ਦੀਆਂ ਸ਼ਰਤਾਂ ਵਿੱਚੋਂ ਇੱਕ ਸੀ ਉਮੀਦਵਾਰ ਦਾ 43 ਸਾਲ ਦਾ ਹੋਣਾ। ਜਦਕਿ ਅੱਜ ਅਮਰੀਕੀ ਰਾਸ਼ਟਰਪਤੀ ਬਣਨ ਲਈ ਘੱਟੋ-ਘੱਟ ਉਮਰ 35 ਸਾਲ ਹੈ।

ਰੋਮਨ ਭੂਗੋਲਵਿਦ ਪਿਲਨੀ ਨੇ ਪਹਿਲੀ ਸਦੀ ਵਿੱਚ ਲਿਖੀ ਆਪਣੀ ਕਿਤਾਬ ਵਿੱਚ ਅਜਿਹੇ ਲੋਕਾਂ ਦੀ ਸੂਚੀ ਬਣਾਈ ਸੀ, ਜਿਨ੍ਹਾਂ ਨੇ ਲੰਬੀ ਉਮਰ ਗੁਜ਼ਾਰੀ। ਇਨ੍ਹਾਂ ਵਿੱਚੋਂ ਇੱਕ ਸਨ ਕੌਨਸੁਲ ਵੈਲੇਰੀਅਸ ਕੌਰਵੀਨਸ, ਜਿਹੜੇ 100 ਸਾਲ ਤੱਕ ਜਿਉਂਦੇ ਰਹੇ।

ਸਿਸੇਰੋ ਦੀ ਪਤਨੀ ਟੇਰੇਂਸ਼ੀਆ 103 ਸਾਲ ਅਤੇ ਕਲੋਡੀਆ ਨਾਮ ਦੀ ਦੂਜੀ ਔਰਤ ਤਾਂ 115 ਸਾਲ ਜਿਉਂਦੀ ਰਹੀ।

ਪਿਲਨੀ ਦੀ ਕਿਤਾਬ ਵਿੱਚ ਲੁਕੇਚੀਆ ਨਾਮ ਦੀ ਅਦਾਕਾਰਾ ਦਾ ਵੀ ਜ਼ਿਕਰ ਹੈ, ਜਿਸ ਨੇ 100 ਸਾਲ ਦੀ ਉਮਰ ਵਿੱਚ ਸਟੇਜ ਪਰਫਾਰਮੈਂਸ ਦਿੱਤੀ ਸੀ। ਮਿਸਰ ਦੇ ਸ਼ਹਿਰ ਅਲ ਸਿਕੰਦਰੀਆ ਵਿੱਚ ਇੱਕ ਕਬਰ ਮਿਲਦੀ ਹੈ, ਜਿਹੜੀ ਈਸਾ ਤੋਂ 3 ਸਦੀ ਪਹਿਲਾਂ ਦੀ ਇੱਕ ਔਰਤ ਦੀ ਹੈ। ਉਸਦੇ ਬਾਰੇ ਲਿਖਿਆ ਹੈ ਕਿ 80 ਸਾਲ ਦੀ ਉਮਰ ਵਿੱਚ ਵੀ ਉਸਦੇ ਹੱਥ ਕੰਬਦੇ ਨਹੀਂ ਸਨ। ਉਹ ਸ਼ਾਨਦਾਰ ਕਸ਼ੀਦਾਕਾਰੀ ਕਰਦੀ ਸੀ।

ਉਂਝ ਪਿਲਨੀ ਨੇ ਬੁਢਾਪੇ ਨੂੰ ਇਨਸਾਨ ਦੀ ਜ਼ਿੰਦਗੀ ਦਾ ਸਭ ਤੋਂ ਮਾੜਾ ਸਮਾਂ ਦੱਸਿਆ ਹੈ।

ਪਿਲਨੀ ਨੇ ਲਿਖਿਆ ਹੈ, "ਇਨਸਾਨ ਨੂੰ ਜਿਹੜੀ ਸਭ ਤੋਂ ਵੱਡੀ ਕੁਦਰਤੀ ਬਖਸ਼ੀਸ਼ ਮਿਲੀ ਹੈ, ਉਹ ਹੈ ਘੱਟ ਉਮਰ ਵਿੱਚ ਮਰ ਜਾਣ ਦੀ। ਜ਼ਿਆਦਾ ਉਮਰ ਤੱਕ ਜਿਉਣ ਨਾਲ ਪੈਰ ਅਕੜ ਜਾਂਦੇ ਹਨ। ਹੱਥ ਹਿਲਦੇ ਨਹੀਂ। ਦਿਖਦਾ-ਸੁਣਦਾ ਹੈ ਨਹੀਂ। ਦੰਦ ਟੁੱਟ ਜਾਂਦੇ ਹਨ। ਪੇਟ ਕਮਜ਼ੋਰ ਹੋਣ ਕਰਕੇ ਰੋਟੀ ਪਚਦੀ ਨਹੀਂ। ਯਾਨਿ ਇਨਸਾਨ ਦੇ ਮਰਨ ਤੋਂ ਪਹਿਲਾਂ ਉਸਦੇ ਸਰੀਰ ਦਾ ਇੱਕ-ਇੱਕ ਅੰਗ ਮਰ ਚੁੱਕਿਆ ਹੁੰਦਾ ਹੈ।"

ਪਿਲਨੀ ਦੀ ਨਜ਼ਰ ਵਿੱਚ ਸਿਰਫ਼ ਇੱਕ ਸ਼ਖ਼ਸ ਅਜਿਹਾ ਗੁਜ਼ਰਿਆ ਸੀ, ਜਿਹੜਾ 105 ਸਾਲ ਦੀ ਉਮਰ ਵਿੱਚ ਵੀ ਚੁਸਤ ਸੀ।

ਸਾਮਰਾਜਵਾਦ ਦੇ ਦੌਰ ਦੀ ਗੱਲ ਕਰੀਏ, ਤਾਂ ਵੀ ਉਮਰ ਦੇ ਅਜਿਹੇ ਉਤਾਰ-ਚੜ੍ਹਾਅ ਦੇਖਣ ਨੂੰ ਮਿਲਦੇ ਹਨ।

1994 ਵਿੱਚ ਇੱਕ ਰਿਸਰਚ ਹੋਈ ਸੀ ਜਿਸ ਵਿੱਚ ਆਕਸਫੋਰਡ ਕਲਾਸੀਕਲ ਡਿਕਸ਼ਨਰੀ ਵਿੱਚ ਦਰਜ ਇਤਿਹਾਸਕ ਲੋਕਾਂ ਦੀ ਉਮਰ ਦੀ ਪੜਤਾਲ ਹੋ ਗਈ। ਇਨ੍ਹਾਂ ਦੀ ਤੁਲਨਾ ਚੈਂਬਰਸ ਬਾਇਓਗ੍ਰਾਫ਼ੀਕਲ ਡਿਕਸ਼ਨਰੀ ਵਿੱਚ ਦਰਜ ਲੋਕਾਂ ਦੇ ਨਾਮ ਨਾਲ ਕੀਤੀ ਗਈ।

**ਜਦੋਂ ਟੀਬੀ ਵੀ ਇੱਕ ਮਾਰੂ ਬਿਮਾਰੀ ਸੀ**

ਆਕਸਫੋਰਡ ਡਿਕਸ਼ਨਰੀ ਵਿੱਚ 397 ਲੋਕਾਂ ਵਿੱਚ 99 ਦੀ ਮੌਤ ਹਿੰਸਾ ਜਾਣੀ ਕਤਲ, ਖ਼ੁਦਕੁਸ਼ੀ ਜਾਂ ਲੜਾਈ ਦੇ ਮੈਦਾਨ ਵਿੱਚ ਲੜਨ ਕਾਰਨ ਹੋਈ।

ਈਸਾ ਤੋਂ ਕੋਈ 100 ਸਾਲ ਪਹਿਲਾਂ ਜਨਮੇ ਬਾਕੀਨ ਦੇ 298 ਲੋਕਾਂ ਦੀ ਔਸਤ ਉਮਰ 72 ਸਾਲ ਮਿੱਥੀ ਗਈ। ਜਦਕਿ ਇਸ ਤੋਂ ਬਾਅਦ ਪੈਦਾ ਹੋਣ ਵਾਲਿਆਂ ਦੀ ਔਸਤ ਉਮਰ 66 ਸਾਲ ਦੇਖੀ ਗਈ। ਇਸ ਦੀ ਵਜ੍ਹਾ ਸੀਸੇ ਤੋਂ ਫੈਲਣ ਵਾਲਾ ਜ਼ਹਿਰੀਲਾ ਰਸਾਇਣ ਮੰਨਿਆ ਗਿਆ।

ਦੇਖਿਆ ਜਾਵੇ ਤਾਂ ਈਸਾ ਤੋਂ ਪਹਿਲਾਂ ਅਤੇ ਬਾਅਦ ਪੈਦਾ ਹੋਣ ਵਾਲੇ ਲੋਕਾਂ ਵਿੱਚ ਕੋਈ ਬੁਨਿਆਦੀ ਫਰਕ ਤਾਂ ਨਹੀਂ ਹੋ ਸਕਦਾ।

ਇਸ ਵੰਨਗੀ ਵਿੱਚ ਔਰਤਾਂ ਸ਼ਾਮਲ ਨਹੀਂ ਸਨ। ਇਹ ਸਮਾਜ ਦੇ ਸੰਪਨ ਵਰਗ ਤੋਂ ਸਨ ਜਿਨ੍ਹਾਂ ਕੋਲ ਜ਼ਿੰਦਗੀ ਜਿਊਣ ਦੇ ਬਿਹਤਰ ਸਾਧਨ ਸਨ।

ਸ਼ੀਡੇਲ ਮੁਤਾਬਕ ਇਸ ਖੋਜ ਦੇ ਨਤੀਜਿਆਂ ਨੂੰ ਨਕਾਰਿਆ ਨਹੀਂ ਜਾ ਸਕਦਾ।

ਲਾ ਸੈਪਿਏਂਜ਼ ਯੂਨੀਵਰਸਿਟੀ ਇਟਲੀ ਦੀ ਵੈਲੈਂਟਿਨਾ ਗਜ਼ਾਨਿਗਾ ਕਹਿੰਦੀ ਹੈ ਕਿ ਉਸ ਸਮੇਂ ਵੀ ਅਮੀਰ-ਗਰੀਬ ਦਰਮਿਆਨ ਡੂੰਘਾ ਪਾੜਾ ਸੀ।

ਸਾਲ 2016 ਵਿੱਚ ਛਪੀ ਇੱਕ ਖੋਜ ਲਈ ਵੈਲੈਂਟਿਨਾ ਨੇ ਪ੍ਰਾਚੀਨ ਰੋਮ ਦੇ 2000 ਕੰਕਾਲਾਂ ਦਾ ਅਧਿਐਨ ਕੀਤਾ ਜਿਨ੍ਹਾਂ ਦੀ ਔਸਤ ਉਮਰ 30 ਸਾਲ ਹੈ। ਇਨ੍ਹਾਂ ਵਿੱਚੋਂ ਬਹੁਤੇ ਲੋਕ ਮਿਹਨਤ-ਮਜ਼ਦੂਰੀ ਦੇ ਬੋਝ ਹੇਠ ਆਏ ਸਨ ਜਾਂ ਕਿਸੇ ਬਿਮਾਰੀ ਦੇ ਸ਼ਿਕਾਰ ਬਣੇ ਸਨ।

ਉਸ ਸਮੇਂ ਜਿੱਥੇ ਮਰਦ ਮਿਹਨਤ ਦੇ ਨਾਲ ਹੋਰ ਤਸ਼ਦੱਦ ਸਹਿੰਦੇ ਸਨ ਉੱਥੇ ਹੀ ਔਰਤਾਂ ਵੀ ਕਿਸੇ ਚੰਗੀ ਹਾਲਤ ਵਿੱਚ ਨਹੀਂ ਸਨ। ਸਗੋਂ ਮਰਦਾਂ ਦੇ ਮੋਢੇ ਨਾਲ ਮੋਢਾ ਡਾਹ ਕੇ ਕੰਮ ਕਰਦੀਆਂ ਸਨ।

ਔਰਤਾਂ ਜਣੇਪੇ ਦੌਰਾਨ ਵੀ ਮਰ ਜਾਂਦੀਆਂ ਸਨ। ਗਰਭ ਅਵਸਥਾ ਨਾਲ ਜੁੜੀਆਂ ਦਿੱਕਤਾਂ ਕਰਕੇ ਵੀ ਉਨ੍ਹਾਂ ਦੀ ਸਿਹਤ ਕਮਜ਼ੋਰ ਹੋ ਜਾਂਦੀ ਸੀ। ਆਕਸਫੋਰਡ ਯੂਨੀਵਰਸਿਟੀ ਦੇ ਇਤਿਹਾਸਕਾਰ ਜੇਨ ਹਮਫਰਿਸ ਮੁਤਾਬਕ, "ਗਰਭਵਤੀ ਹੋਣ ਨਾਲ ਤੁਹਾਡੀ ਸਰੀਰ ਰੱਖਿਆ ਪ੍ਰਣਾਲੀ ਕਮਜ਼ੋਰ ਹੋ ਜਾਂਦੀ ਹੈ। ਫਿਰ ਹੋਰ ਬਿਮਾਰੀਆਂ ਹੋਣ ਦਾ ਡਰ ਵਧ ਜਾਂਦਾ ਹੈ। ਇਸ ਹਾਲਤ ਵੀ ਤਪੈਦਿਕ ਦਾ ਮੁਕਾਬਲਾ ਕਰਨਾ ਬੜਾ ਮੁਸ਼ਕਿਲ ਹੋ ਜਾਂਦਾ ਹੈ।



### ਪੈਸਾ ਹੋਣ ਕਰਕੇ ਵੱਧ ਉਮਰ ਤੱਕ ਜਿਉਂਦੇ ਹਨ ਲੋਕ ?

ਇਸ ਸਵਾਲ ਦਾ ਜਵਾਬ ਹਮੇਸ਼ਾ ਹਾਂ ਵਿੱਚ ਹੋਵੇ ਇਹ ਜ਼ਰੂਰੀ ਨਹੀਂ। ਮੱਧ ਯੁਗ ਦੇ ਇੱਕ ਲੱਖ 15 ਹਜ਼ਾਰ ਯੂਰਪੀ ਲੋਕਾਂ ਦੀ ਉਮਰ ਦੇ ਅੰਕੜੇ ਦੱਸਦੇ ਹਨ ਕਿ ਉਹ ਆਪਣੇ ਰਾਜਾ ਜਾਂ ਉਨ੍ਹਾਂ ਦੇ ਮੰਤਰੀਆਂ ਤੋਂ 6 ਸਾਲ ਵੱਧ ਜਿਉਂਦੇ ਸਨ। 17ਵੀਂ ਸ਼ਤਾਬਦੀ ਵਿੱਚ ਇੰਗਲੈਂਡ ਵਿੱਚ ਰਾਜਸੀ ਤਬਕੇ ਦੇ ਲੋਕਾਂ ਤੋਂ ਵੱਧ ਉਮਰ ਪਿੰਡ ਵਿੱਚ ਰਹਿਣ ਵਾਲਿਆਂ ਦੀ ਹੋਇਆ ਕਰਦੀ ਸੀ। ਰਈਸ ਲੋਕ ਤਮਾਮ ਸਰੋਤ ਹੋਣ ਦੇ ਬਾਵਜੂਦ ਇਸ ਲਈ ਘੱਟ ਉਮਰ ਹੀ ਜਿਉਂਦੇ ਸਨ ਕਿਉਂਕਿ 18ਵੀਂ ਸਦੀ ਤੱਕ ਦੇ ਸ਼ਹਿਰਾਂ ਵਿੱਚ ਗੰਦਗੀ ਅਤੇ ਬਿਮਾਰੀਆਂ ਕਾਫੀ ਸਨ। ਨਤੀਜਾ ਇਹ ਹੁੰਦਾ ਸੀ ਕਿ ਉਹ ਬਿਮਾਰੀਆਂ ਦੇ ਸ਼ਿਕਾਰ ਹੁੰਦੇ ਸਨ।







# ਉਤਸ਼ਾਹ ਵਿਖਾਏ ਰਾਹ

**ਮਨ 'ਚ ਖ਼ੁਸ਼ੀ ਤੇ ਉਤਸ਼ਾਹ ਹੋਵੇ ਤਾਂ ਪਸੰਦੀਦੀ ਟੀਚਾ ਪ੍ਰਾਪਤ ਕਰਨ ਦੀ ਰਾਹ ਕਾਫ਼ੀ ਆਸਾਨ ਹੋ ਜਾਂਦੀ ਹੈ। ਆਦਮੀ ਦਾ ਮਨੋਬਲ ਵਧਦਾ ਹੈ ਤੇ ਉਹ ਹਾਰਾਂ ਤੋਂ ਨਾ ਘਬਰਾਉਂਦਾ ਹੈ ਨਾ ਹਾਰਦਾ ਹੈ, ਬਲਕਿ ਉਨ੍ਹਾਂ ਤੋਂ ਸਬਕ ਲੈ ਕੇ ਅੱਗੇ ਵਧਣ ਦੀ ਕੋਸ਼ਿਸ਼ ਕਰਦਾ ਹੈ। ਉਤਸ਼ਾਹ ਨੂੰ ਕਾਇਮ ਰੱਖਣਾ ਕਿਉਂ ਜ਼ਰੂਰੀ ਹੈ, ਜਾਣਕਾਰੀ ਦੇ ਰਹੇ ਨੇ ਅਰੁਣ ਸ਼੍ਰੀਵਾਸਤਵ...**

ਬਲਬ ਦੀ ਕਾਢ ਕੱਢਣ ਵਾਲੇ ਮਹਾਨ ਵਿਗਿਆਨੀ ਥਾਮਸ ਅਲਵਾ ਐਡਸਨ ਨੂੰ ਆਪਣੇ ਸੌਵੇਂ ਯਤਨ 'ਚ ਕਾਮਯਾਬੀ ਪ੍ਰਾਪਤ ਹੋਈ ਸੀ। 99 ਵਾਰ ਅਸਫਲ ਰਹਿਣ ਤੋਂ ਬਾਅਦ ਜਦ ਉਨ੍ਹਾਂ ਦੇ ਇਕ ਸਾਥੀ ਨੇ ਇਸ ਦਿਸ਼ਾ 'ਚ ਯਤਨ ਕਰਨਾ ਚੱਡ ਦੇਣ ਦੀ ਗੱਲ ਆਖੀ ਤਾਂ ਉਨ੍ਹਾਂ ਨੇ ਇਸ ਗੱਲ ਤੋਂ ਇਨਕਾਰ ਕਰਕੇ ਹੋਏ ਉੱਸੇ ਲਗਨ ਤੇ ਉਤਸਾਹ ਨਾਲ 100ਵੀਂ ਵਾਰ ਯਤਨ ਕੀਤਾ, ਜਿਹੋ ਜਿਹਾ ਪਹਿਲੀ ਵਾਰ ਕੀਤਾ ਸੀ। ਐਡੀਸਨ ਦਾ ਮੰਨਣਾ ਸੀ ਕਿ ਸਾਡੀ ਸਭ ਤੋਂ ਵੱਡੀ ਕਮਜ਼ੋਰੀ ਹਾਰ ਮੰਨ ਲੈਣਾ ਹੈ। ਅਸਲ ਵਿਚ ਐਡੀਸਨ ਦੇ ਮਨ 'ਚ ਆਪਣੀ ਖੋਜ ਨੂੰ ਲੈ ਕੇ ਜ਼ਬਰਦਸਤ ਭਰੋਸਾ ਅਤੇ ਉਤਸਾਹ ਸੀ। ਉਹ ਹਮੇਸ਼ਾ ਇਹੀ ਮੰਨਦੇ ਸਨ ਕਿ ਉਨ੍ਹਾਂ ਦੀ ਕਿਸੇ ਗ਼ਲਤੀ ਕਾਰਨ ਉਨ੍ਹਾਂ ਨੂੰ ਪਹਿਲਾਂ ਕਾਮਯਾਬੀ ਨਹੀਂ ਮਿਲੀ ਹੋਵੇਗੀ। ਉਹ ਇਹ ਵੀ ਮੰਨਦੇ ਸਨ ਕਿ ਆਪਣੀਆਂ ਗ਼ਲਤੀਆਂ ਨੂੰ ਸੁਧਾਰਦੇ ਹੋਏ ਇਕ ਨਾ ਇਕ ਦਿਨ ਉਨ੍ਹਾਂ ਨੂੰ ਕਾਮਯਾਬੀ ਜ਼ਰੂਰ ਮਿਲੇਗੀ। ਇਹੀ ਕਾਰਨ ਸੀ ਕਿ ਇਕ ਤੋਂ ਬਾਅਦ ਇਕ ਯਤਨ ਕਰਦੇ ਹੋਏ ਆਖ਼ਰ ਉਨ੍ਹਾਂ ਨੇ ਕਾਮਯਾਬੀ ਹਾਸਲ ਕਰ ਹੀ ਲਈ। ਅੱਜ ਦੁਨੀਆ ਉਨ੍ਹਾਂ ਦੀ ਇਸ ਕਾਢ ਦੀ ਰੋਸ਼ਨੀ 'ਚ ਤੁਰਦੀ ਹੈ।

**ਆਪਣੇ ਟੀਚੇ 'ਚ ਲਓ ਰੁਚੀ** ਉਤਸ਼ਾਹ ਨੂੰ ਕਾਇਮ ਰੱਖਣਾ ਹਰ ਕਿਸੇ ਲਈ ਜ਼ਰੂਰੀ ਹੈ। ਜਿਹੜਾ ਕੰਮ ਸਾਨੂੰ ਚੰਗਾ ਲਗਦਾ ਹੈ, ਉਸ ਨੂੰ ਤਾਂ ਅਸੀਂ ਖ਼ੁਸੀ-ਖ਼ੁਸ਼ੀ ਅਤੇ ਆਸਾਨੀ ਨਾਲ ਮੁਕੰਮਲ ਕਰ ਲੈਂਦੇ ਹਾਂ ਪਰ ਜਿਹੜਾ ਕੰਮ ਸਾਨੂੰ ਚੰਗਾ ਨਹੀਂ ਲਗਦਾ, ਜਾਂ ਸਾਡੀ ਪਸੰਦ ਦਾ ਨਹੀਂ ਹੁੰਦਾ, ਉਸ ਨੂੰ ਕਰਨ ਤੋਂ ਅਸੀਂ ਟਾਲ-ਮਟੋਲ ਕਰਦੇ ਰਹਿੰਦੇ ਹਾਂ। ਮਰੇ ਹੋਏ ਮਨ ਨਾਲ ਜੇ ਅਸੀਂ ਉਸ ਨੂੰ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਗ਼ਲਤੀਆਂ ਤੇ ਗ਼ਲਤੀਆਂ ਹੋਣ ਲਗਦੀਆਂ ਹਨ। ਇਸ ਲਈ ਜ਼ਰੂਰੀ ਹੈ ਕਿ ਪੜ੍ਹਾਈ ਜਾਂ ਕਰੀਅਰ ਨੂੰ ਲੈ ਕੇ ਅਸੀਂ ਜਿਹੜਾ ਵੀ ਟੀਚਾ ਤੈਅ ਕਰਦੇ ਹਾਂ, ਉਸ ਵਿਚ ਰੁਚੀ ਜ਼ਰੀਰ ਲਈਏ ਤੇ ਉਤਸ਼ਾਹ ਨਾਲ ਉਸ ਨੂੰ ਕਰਨ ਦਾ ਯਤਨ ਕਰੀਏ।

**ਧੀਰਜ ਦੀ ਪ੍ਰੀਖਿਆ** ਕਈ ਵਾਰ ਸਾਡੇ ਟੀਚੇ ਵੱਡੇ ਹੁੰਦੇ ਹਨ। ਉਨ੍ਹਾਂ ਦੀ ਪ੍ਰਾਪਤੀ ਲਈ ਸਾਨੂੰ ਆਪਣੀ ਇੱਛਾ ਸ਼ਕਤੀ ਨੂੰ ਵਧਾਉਣਾ ਚਾਹੀਦਾ ਹੈ। ਅਜੋਕੇ ਸਮੇਂ ਕਈ ਵਾਰ ਇਕ ਜਾਂ ਦੋ ਯਤਨਾਂ ਤੋਂ ਬਾਅਦ ਹੀ ਸਾਡੀ ਇੱਛਾ ਸ਼ਕਤੀ ਜਵਾਬ ਦੇਣ ਲਗਦੀ ਹੈ। ਅਸੀਂ ਇਸ ਸਿਲਸਿਲੇ ਨੂੰ ਅੱਗੇ ਵਧਾਉਣ ਦਾ ਸੰਯਮ ਗੁਆ ਦਿੰਦੇ ਹਾਂ। ਗ਼ੌਰ ਨਾਲ ਵੇਖੀਏ ਤਾਂ ਦੁਨੀਆ 'ਚ ਜਿਨ੍ਹਾਂ ਨੇ ਵੀ ਹਾਰਾਂ ਦੀ ਪਰਵਾਹ ਨਾ ਕਰਦੇ ਹੋਏ ਲਗਨ ਅਤੇ ਧੀਰਜ ਨਾਲ ਆਪਣੇ ਯਤਨ ਜਾਰੀ ਰੱਖੇ ਹਨ, ਉਨ੍ਹਾਂ ਨੇ ਹੀ ਅੰਤ ਸਫ਼ਲਤਾ ਪ੍ਰਾਪਤ ਕੀਤੀ ਹੈ। ਝਾਰਖੰਡ ਦੇ ਦਸ਼ਰਥ ਮਾਂਝੀ ਜਦ ਆਪਣੀ ਪਤਨੀ ਨੂੰ ਲੈ ਕੇ ਸਮੇਂ ਸਿਰ ਹਸਪਤਾਲ ਨਾ ਪਹੁੰਚ ਸਕੇ ਤੇ ਪਤਨੀ ਦਾ ਇਕ ਪਹਾੜੀ ਰੁਕਾਵਟ ਕਾਰਨ ਰਸਤੇ 'ਚ ਹੀ ਦੇਹਾਂਤ ਹੋ ਗਿਆ ਤਾਂ ਉਨ੍ਹਾਂ ਨੇ ਪਹਾੜ ਤੋੜ ਕੇ ਸ਼ਹਿਰ ਤਕ ਆਸਾਨ ਰਸਤਾ ਬਣਾਉਣ ਦਾ ਫ਼ੈਸਲਾ ਲਿਆ ਤਾਂ ਕਿ ਭਵਿੱਖ ਵਿਚ ਕਿਸੇ ਨੂੰ ਉਨ੍ਹਾਂ ਵਰਗੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਜਦ ਉਨ੍ਹਾਂ ਨੇ ਪਹਾੜ ਤੋੜਨਾ ਸ਼ੁਰੂ ਕੀਤਾ ਤਾਂ ਸਾਰੇ ਉਨ੍ਹਾਂ ਨੂੰ ਪਾਗ਼ਲ ਸਮਝਣ ਲੱਗੇ ਪਰ ਉਹ ਲੋਕਾਂ ਦੀ ਪਰਵਾਹ ਕੀਤੇ ਬਿਨਾ ਆਪਣੇ ਕੰਮ 'ਚ ਲੱਗੇ ਰਹੇ ਤੇ ਅੰਤ 22 ਸਾਲ ਦੀ ਮਿਹਨਤ ਤੋਂ ਬਾਅਦ ਉਨ੍ਹਾਂ ਨੂੰ ਕਾਮਯਾਬੀ ਮਿਲੀ। ਅੱਜ ਉਹ 'ਮਾਊਂਟੇਨ ਮੈਨ' ਦੇ ਨਾਂ ਨਾਲ ਮਸ਼ਹੂਰ ਹਨ।

**ਕਮਜ਼ੋਰੀਆਂ 'ਤੇ ਪਾਓ ਕਾਬੂ** ਕਿਸੇ ਵੀ ਟੀਚੇ ਦੀ ਪ੍ਰਾਪਤੀ ਲਈ ਯਤਨ ਕਰਦੇ ਸਮੇਂ ਹੋ ਸਕਦਾ ਹੈ ਕਿ ਤੁਹਾਡੇ ਕੋਲੋਂ ਕੁਝ ਗ਼ਲਤੀਆਂ ਵੀ ਹੋਣ ਜਾਂ ਫਿਰ ਕੁਝ ਕਮਜ਼ੋਰੀਆਂ ਕਾਰਨ ਤੁਸੀਂ ਅੱਗੇ ਨਾ ਵਧ ਸਕੋ। ਅਜਿਹੀ ਹਾਲਤ 'ਚ ਅੱਖ ਮੀਟ ਕੇ ਅੱਗੇ ਵਧਣ ਦੀ ਥਾਂ ਇਹ ਜਾਨਣ ਦੀ ਜ਼ਰੂਰ ਯਤਨ ਕਰੋ ਕਿ ਅਜਿਹੇ ਕਿਹੜੇ ਕਾਰਨ ਹਨ, ਜਿਨ੍ਹਾਂ ਕਾਰਨ ਤੁਸੀਂ ਅੱਗੇ ਨਹੀਂ ਵਧ ਸਕੇ। ਜੇ ਕੋਈ ਆਪਣੇ ਕਮਜ਼ੋਰੀ ਸਾਹਮਣੇ ਆਉਂਦੀ ਹੈ ਤਾਂ ਅਪਣੇ ਅਗਲੇ ਯਤਨਾ ਨੂੰ ਜਾਰੀ ਰੱਖਣ ਤੋਂ ਪਹਿਲਾਂ ਉਸ ਨੂੰ ਦੂਰ ਕਰਨ ਦਾ ਯਤਨ ਕਰੋ।

**ਖ਼ੁਦ ਨੂੰ ਦਿਓ ਹੱਲਾਸ਼ੇਰੀ** ਤੁਸੀਂ ਕਿਸੇ ਪ੍ਰੀਖਿਆ ਦੀ ਤਿਆਰੀ ਕਰ ਰਹੇ ਹੋ ਜਾਂ ਕਿਸੇ ਨੌਕਰੀ ਦੀ ਭਾਲ ਕਰ ਰਹੇ ਹੋ ਜਾਂ ਕਿਸੇ ਨਵੀਂ ਕਿਸਮ ਦੇ ਇਨੋਵੇਸ਼ਨ 'ਚ ਰੁੱਝੇ ਹੋਏ ਹੋ, ਆਪਣੇ ਕੰਮ ਪ੍ਰਤੀ ਉਤਸਾਹ ਬਣਾਈ ਰੱਖਣ ਲਈ ਜ਼ਰੂਰੀ ਹੈ ਕਿ ਆਪਣੇ ਆਪ ਨੂੰ ਪ੍ਰੇਰਿਤ ਕਰਦੇ ਰਹੋ। ਦੂਸਰਿਆਂ ਪਾਸੋਂ ਹੱਲਾਸ਼ੇਰੀ ਦੀ ਆਸ ਰੱਖਣ ਦੀ ਥਾਂ ਆਪਣੇ ਆਪ ਨੂੰ ਹੱਲਾਸ਼ੇਰੀ ਦਿਓ, ਇਹ ਬੇਹੱਦ ਅਸਰ ਰੱਖਦੀ ਹੈ।

**ਤਿਆਰੀ ਹੋਵੇ ਪੂਰੀ** ਕੋਈ ਟੀਚਾ ਤੈਅ ਕਰਦੇ ਸਮੇਂ ਇਹ ਧਿਆਨ ਰੱਖੋ ਕਿ ਤੁਸੀਂ ਉਸ ਦੀ ਪ੍ਰਾਪਤੀ ਲਈ ਖ਼ੁਦ ਨੂੰ ਕਿਸ ਤਰ੍ਹਾਂ ਯੋਗ ਬਣਾ ਰਹੇ ਹੋ। ਕਾਮਯਾਬੀ ਕਦੇ ਵੀ ਸੁਪਨੇ ਵੇਖਣ ਨਾਲ ਨਹੀਂ ਬਲਕਿ ਉਨ੍ਹਾਂ ਦੀ ਪ੍ਰਾਪਤੀ ਲਈ ਸਹੀ ਦਿਸ਼ 'ਚ ਸਹੀ ਤਰੀਕੇ ਨਾਲ ਯਤਨ ਕਰਨ ਨਾਲ ਹੀ ਮਿਲਦੀ ਹੈ। ਇਸ ਲਈ ਜ਼ਰੂਰੀ ਹੈ ਕਿ ਆਪਣੇ ਟੀਚੇ ਮਿੱਥਣ ਦੇ ਨਾਲ-ਨਾਲ ਉਨ੍ਹਾਂ ਦੀ ਪੂਰਤੀ ਲਈ ਤੁਹਾਡੀ ਤਿਆਰੀ ਵੀ ਪੂਰੀ ਹੋਣੀ ਚਾਹੀਦੀ ਹੈ। •



# ਵਧਿਆ ਥੀਮ ਵੈਡਿੰਗ ਦਾ ਚਲਨ




**ਵਿਆਹਾਂ ਦੇ ਸੀਜ਼ਨ ਆ ਗਿਆ ਹੈ। ਇਸ ਲਈ ਚਾਰੇ ਪਾਸੇ ਜੋਸ਼ ਅਤੇ ਖੁਸ਼ੀਆਂ ਫ਼ਿਜ਼ਾ ਵਿਚ ਫੈਲ ਰਹੀਆਂ ਹਨ। ਭਾਰਤੀ ਵਿਆਹਾਂ ਵਿਚ ਹਰ ਦੀ ਚਾਹਤ ਹੁੰਦੀ ਹੈ ਕਿ ਇਸ ਮੌਕੇ ਨੂੰ ਯਾਦਗਾਰ ਬਣਾਇਆ ਜਾਵੇ, ਜਿਸ ਲਈ ਨਵੇਂ ਨਵੇਂ ਪ੍ਰਯੋਗ ਕੀਤੇ ਜਾਂਦੇ ਹਨ। ਇਸੇ ਚਾਹਤ ਵਿਚ ਭਾਰਤੀ ਰਵਾਇਤੀ ਵਿਆਹਾਂ ਦਾ ਰੂਪ ਤੇਜ਼ੀ ਨਾਲ ਬਦਲ ਰਿਹਾ ਹੈ। ਰਵਾਇਤੀ ਵਿਆਹਾਂ ਦੀ ਥਾਂ ਥੀਮ ਵੈਡਿੰਗ ਦਾ ਚਲਨ ਤੇਜ਼ੀ ਨਾਲ ਵੱਧ ਰਿਹਾ ਹੈ।**

ਕੇਂਦਰ ਬਣਿਆ ਹੋਇਆ ਹੈ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਹਰ ਕੋਈ ਆਪਣੇ ਵਿਆਹ ਨੂੰ ਯਾਦਗਾਰ ਅਤੇ ਇਕ ਅਲੱਗ ਨਜ਼ਰੀਆ ਦੇਣਾ ਚਾਹੁੰਦਾ ਹੈ। ਭਾਰਤੀ ਵਿਆਹਾਂ ਆਪਣੇ ਆਪ ਵਿਚ ਬਹੁਤ ਵਿਲੱਖਣ ਹੁੰਦੇ ਹਨ। ਸ਼ੋਖ ਰੰਗ, ਭਾਰੇ ਭਾਰੇ ਰਵਾਇਤੀ ਪਹਿਰਾਵੇ ਤੇ ਗਹਿਣੇ, ਐਨਰਜੈਟਿਕ ਡਾਂਸ, ਥਿਰਕਣ ਵਾਲਾ ਸੰਗੀਤ ਸਭ ਕੁਝ ਇਸ ਦੇ ਅਨਿਖੜਵੇਂ ਅੰਗ ਹਨ। ਪਰ ਬਦਲਦੇ ਸਮੇਂ ਵਿਚ ਹਰ ਸ਼ਾਦੀਸ਼ੁਦਾ ਜੋੜਾ ਚਾਹੁੰਦਾ ਹੈ ਕਿ ਉਸ ਦਾ ਵਿਆਹ ਉਸ ਦੀਆਂ ਕਲਪਨਾਵਾਂ ਅਤੇ ਪਸੰਦ ਦਾ ਸੁਮੇਲ ਹੋਵੇ। ਜ਼ਾਹਿਰ ਹੈ ਕਿ ਥੀਮ ਵੈਡਿੰਗ ਇਸ ਨੂੰ ਇਸ ਇੱਛਾ ਨੂੰ ਪੂਰਾ ਕਰਦੇ ਹਨ ਬਲਕਿ ਸ਼ਾਨ ਵੀ ਵਧਾਉਂਦੇ ਹਨ ਅਤੇ ਇਕ ਯਾਦਗਾਰ ਮੌਕੇ ਨੂੰ ਜਨਮ ਦਿੰਦੇ ਹਨ।



**ਮੁਗਲ ਥੀਮ** ਅੱਜ ਕੱਲ੍ਹ ਸ਼ਾਹੀ ਅੰਦਾਜ਼ ਵਿਚ ਮਹਿਲਾਂ ਅਤੇ ਪੁਰਾਣੇ ਕਿਲ੍ਹਿਆਂ ਵਿਚ ਵਿਆਹਾਂ ਦਾ ਚਲਨ ਤੇਜ਼ੀ ਨਾਲ ਵੱਧ ਰਿਹਾ ਹੈ। ਇਸ ਵਿਚ ਮੁਗਲ ਵਾਸਤੂਕਲਾ ਨੂੰ ਖਾਸ ਥਾਂ ਦਿਤੀ ਜਾਂਦੀ ਹੈ। ਪਿੱਠਭੂਮੀ ਵਿਚ ਤਾਜ ਮਹਿਲ ਜਾਂ ਮੁਗਲ ਗੁੰਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਵਿਚ ਹਰੇ ਅਤੇ ਸੁਨਹਿਰੇ ਰੰਗ ਅਦਭੁਤ ਨਜ਼ਾਰਾ ਪੇਸ਼ ਕਰਦੇ ਹਨ। ਇਹੀ ਨਹੀਂ ਮਹਿਮਾਨਾਂ ਦੀ ਆਓ ਭਗਤ ਲਈ ਅਨਾਰਕਲੀ ਸਟਾਈਲ ਵਿਚ ਸਜੀਆਂ ਲੜਕੀਆਂ ਫੁੱਲ ਅਤੇ ਇਤਰ ਛਿੜਕਦੀਆਂ ਹਨ। ਮਨੋਰੰਜਨ ਲਈ ਕਵਾਲੀ ਆਦਿ ਦਾ ਇੰਤਜ਼ਾਮ ਕੀਤਾ ਜਾਂਦਾ ਹੈ।



**ਪੰਜਾਬੀ ਥੀਮ** ਪੰਜਾਬੀ ਥੀਮ ਵਾਲੇ ਵਿਆਹਾਂ ਵਿਚ ਸ਼ੋਖ ਰੰਗ ਅਤੇ ਜੀਵੰਤਤਾ ਹੁੰਦੀ ਹੈ। ਮਹਿਮਾਨਾਂ ਦਾ ਸਵਾਗਤ ਢੋਲ ਅਤੇ ਭੰਗੜੇ ਨਾਲ ਕੀਤਾ ਜਾਂਦਾ ਹੈ ਜਿਸ ਨਾਲ ਮਾਹੌਲ ਮਸਤ ਹੋ ਜਾਂਦਾ ਹੈ। ਇਸ ਤੋਂ ਇਲਾਵਾ ਖਾਣੇ ਦੀਆਂ ਸਟਾਲਾਂ ਢਾਬੇ ਸਟਾਈਲ ਵਿਚ ਜਦਕਿ ਕਠਪੁਤਲੀ ਸ਼ੋਅ ਅਤੇ ਪੰਜਾਬੀ ਲੋਕ ਨਾਚ ਦਾ ਪ੍ਰਬੰਧ ਇਕ ਵੱਖਰਾ ਰੰਗ ਬੰਨ੍ਹਦਾ ਹੈ।

**ਬਾਲੀਵੁਡ ਥੀਮ** ਇਸ ਤਰ੍ਹਾਂ ਦੇ ਵਿਆਹਾਂ ਲਈ ਕਿਸੇ ਰੋਮਾਂਟਿਕ ਜਾਂ ਇਤਿਹਾਸਕ ਸਥਾਨ ਦੀ ਚੋਣ ਕੀਤੀ ਜਾਂਦੀ ਹੈ। ਉਦੈਪੁਰ, ਜੈਪੁਰ ਵਰਗੀਆਂ ਥਾਵਾਂ ਵਿਆਹਾਂ ਲਈ ਪਸੰਦੀਦਾ ਸਥਾਨ ਬਣਦੇ ਜਾ ਰਹੇ ਹਨ। ਇਸ ਵਿਚ ਬਹੁਤ ਆਤਿਸ਼ਬਾਜ਼ੀ ਕੀਤੀ ਜਾਂਦੀ ਹੈ।

**ਬੀਚ ਵੈਡਿੰਗ** ਵਿਆਹ ਦੀ ਪਿੱਠਭੂਮੀ ਵਿਚ ਸਮੁੰਦਰ ਦਾ ਨਜ਼ਾਰਾ ਇਕ ਅਨੋਖਾ ਰੰਗ ਬੰਨਦਾ ਹੈ। ਇਸ ਤਰ੍ਹਾਂ ਦੇ ਵਿਆਹ ਆਪਣੇ ਆਪ ਵਿਚ ਵੱਖਰਾ ਨਜ਼ਾਰਾ ਦਿੰਦੇ ਹਨ।

**ਵੈਲਨਟਾਈਨ ਵਿਆਹ** ਪੱਛਮੀ ਦੇਸ਼ਾਂ ਦੀ ਤਰਜ 'ਤੇ ਭਾਰਤ ਵਿਚ ਵੀ ਵੈਲਨਟਾਈਨ ਡੇਅ 'ਤੇ ਰਿਕਾਰਡ ਵਿਆਹ ਹੁੰਦੇ ਹਨ। ਪਿਆਰ, ਮੁੱਹਬਤ, ਇਸ਼ਕ ਅਤੇ ਰੁਮਾਂਸ ਨਾਲ ਭਰੇ ਇਸ ਦਿਨ 'ਤੇ ਵਿਆਹ ਦਾ ਥੀਮ ਅੰਗੂਠੀ ਹੁੰਦਾ ਹੈ।



# ਗਾਇਬ ਹੋ ਰਿਹਾ ਹਾਸਾ ਠੱਠਾ

ਪੈਸੇ ਦੀ ਝੂਠੀ ਚਮਕ ਨੇ ਹਰ ਕਿਸੇ ਨੂੰ ਆਪਣਿਆਂ ਤੋਂ ਵੱਖ ਅਤੇ ਦੂਰ ਕਰ ਕੇ ਰੱਖ ਦਿੱਤਾ ਹੈ। ਇਹ ਹੀ ਕਾਰਨ ਹੈ ਕਿ ਇਨਸਾਨ ਹਰ ਸਮੇਂ ਤਣਾਅ 'ਚ ਰਹਿੰਦਾ ਹੈ..

ਟੁੱਟਦੇ ਰਿਸ਼ਤੇ, ਬਿਖਰਦੇ ਪਰਿਵਾਰ ਅੱਜਕੱਲ੍ਹ ਇਕ ਘਰ-ਘਰ ਦੀ ਸਮੱਸਿਆ ਬਣ ਗਈ ਹੈ...

ਹਰ ਇਕ ਵਿਅਕਤੀ ਦੀ ਜ਼ਿੰਦਗੀ ਰੁਝੇਵਿਆਂ ਭਰੀ ਹੋ ਗਈ ਹੈ ਤੇ ਸਾਰੇ ਆਪਣੇ ਕੰਮਾਂ-ਕਾਜਾਂ ਲਈ ਭੱਜ-ਦੌੜ 'ਚ ਲੱਗੇ ਹੋਏ ਹਨ। ਭੌਤਿਕ ਵਾਦ ਦਾ ਅਸਰ ਅੱਜ ਹਰ ਇਕ ਮਨੁੱਖ ਉਪਰ ਹੈ। ਹਰ ਕੋਈ ਇਕ ਦੂਸਰੇ ਤੋਂ ਵੱਧ ਧੰਨ ਦੌਲਤ, ਐਸ਼ੋ ਆਰਾਮ ਤੇ ਸੁੱਖ ਸਹੂਲਤ ਦਾ ਆਨੰਦ ਮਾਨਣ ਵਿਚ ਅੱਗੇ ਰਹਿਣਾ ਚਾਹੁੰਦਾ ਹੈ। ਕਿਸੇ ਕੋਲ ਬੈਠਣ, ਗੱਲਾਂ ਕਰਨ, ਦੁੱਖ ਸੁੱਖ ਵੰਡਣ ਤੇ ਹਾਸਾ ਠੱਠਾ ਕਰਨ ਦਾ ਸਮਾਂ ਹੀ ਨਹੀਂ ਰਿਹਾ। ਇੱਥੋਂ ਤਕ ਕਿ ਅਸੀ ਆਪਣੇ ਘਰ-ਪਰਿਵਾਰ, ਯਾਰਾਂ ਦੋਸਤਾਂ ਤੇ ਰਿਸ਼ਤੇਦਾਰਾ ਲਈ ਵੀ ਸਮਾਂ ਨਹੀਂ ਕੱਢ ਪਾਉਂਦੇ। ਇਸ ਸਭ ਕੁਝ ਦੇ ਚਲਦੇ ਲੋਕ ਆਪਣੇ ਆਪ ਵਿਚ ਬਹੁਤ ਪ੍ਰੇਸ਼ਾਨ ਰਹਿਣ ਲੱਗ ਪਏ ਹਨ। ਕਿਸੇ ਨੂੰ ਨੌਕਰੀ ਦੀ ਚਿੰਤਾ, ਕਿਸੇ ਨੂੰ ਆਪਣੇ ਅਹੁਦੇ ਦੀ, ਕਿਸੇ ਨੂੰ ਸੱਤਾ ਪ੍ਰਾਪਤ ਜਾਂ ਸੱਤਾ ਖ਼ੁਸ (ਗੁਆਚ) ਜਾਣ ਦੀ ਚਿੰਤਾ। ਕੋਈ ਬਹੁਤ ਗਰੀਬ ਹੈ ਤੇ ਕੋਈ ਰਿਸ਼ਤਿਆਂ ਨੂੰ ਲੈ ਕੇ ਬਹੁਤ ਪ੍ਰੇਸ਼ਾਨ ਹੈ। ਇਨ੍ਹਾਂ ਕਾਰਨਾਂ ਕਰਕੇ ਦਿਮਾਗ ਓਵਰ ਲੋਡ ਹੋ ਜਾਂਦਾ ਹੈ ਤੇ ਇਨਸਾਨ ਡਿਪਰੈਸ਼ਨ ਵਿਚ ਚਲਾ ਜਾਂਦਾ ਹੈ। ਇਨ੍ਹਾਂ ਗੱਲਾਂ ਕਾਰਨ ਇਨਸਾਨ ਆਪਣੇ ਆਪ ਤੋਂ ਹੀ ਦੁਖੀ ਹੋਣ ਲੱਗਦਾ ਹੈ। ਅੱਜ ਹਰ ਇਨਸਾਨ ਦੇ ਚਿਹਰੇ 'ਤੇ ਉਦਾਸੀ ਹੈ। ਟੁੱਟਦੇ ਰਿਸ਼ਤੇ, ਬਿਖਰਦੇ ਪਰਿਵਾਰਾਂ ਦੀ ਸਮੱਸਿਆ ਅੱਜਕੱਲ੍ਹ ਹਰ ਇਕ ਘਰ ਦੀ ਸਮੱਸਿਆ ਬਣ ਗਈ ਹੈ। ਪੈਸੇ ਦੀ ਝੂਠੀ ਚਮਕ ਨੇ ਹਰ ਕਿਸੇ ਨੂੰ ਆਪਣਿਆ ਤੋਂ ਵੱਖ ਅਤੇ ਦੂਰ ਕਰਕੇ ਰੱਖ ਦਿੱਤਾ। ਹਰ ਇਕ ਦੀ ਸੋਚ ਆਪਣੇ ਫ਼ਾਇਦੇ ਤਕ ਹੀ ਸੀਮਤ ਰਹਿ ਗਈ ਹੈ, ਜਿਸ ਕਾਰਨ ਲੋਕ ਇਕ ਦੂਜੇ ਨਾਲ ਹਾਸਾ ਠੱਠਾ ਜਾਂ ਮਜ਼ਾਕ ਕਰਨਾ ਹੀ ਭੁੱਲ ਗਏ ਹਨ ਤੇ ਨਾ ਹੀ ਇਕ ਦੂਜੇ ਨਾਲ ਦਿਲ ਦੀ ਗੱਲ ਸਾਂਝੀ ਕਰਦੇ ਹਨ। ਬੱਸ ਇਕ ਹੀ ਉਦੇਸ਼ ਰਹਿ ਜਾਂਦਾ ਹੈ ਕਿ ਮੈਂ ਦੂਜੇ ਤੋਂ ਵੱਧ ਅਮੀਰ ਹੋ ਜਾਵਾਂ। ਇਹ ਮੰਨਿਆ ਜਾਂਦਾ ਹੈ ਕਿ ਖੁੱਲ੍ਹ ਕੇ ਹੱਸਣਾ ਸਾਡੇ ਜੀਵਨ ਤੇ ਸਿਹਤ ਲਈ ਸਭ ਤੋਂ ਉੱਤਮ ਹੈ। ਇਸ ਦੇ ਨਾਲ ਦਿਮਾਗੀ ਥਕਾਵਟ ਘੱਟ ਜਾਂਦੀ ਹੈ। ਖ਼ੂਨ ਵਿਚ ਵਾਧਾ ਹੁੰਦਾ ਹੈ ਅਤੇ ਸਰੀਰ ਨੂੰ ਊਰਜਾ ਪ੍ਰਾਪਤ ਹੁੰਦੀ ਹੈ। ਪਰ ਜ਼ਿੰਦਗੀ ਵਿਚ ਹੁਣ ਇਹ ਸਭ ਚੀਜ਼ਾਂ, ਅਸੀਂ ਮਜਬੂਰਨ ਕਸਰਤ ਰਾਹੀਂ ਪ੍ਰਾਪਤ ਕਰਦੇ ਹਾਂ। ਪੈਸੇ ਅਤੇ ਰੁਤਬੇ ਦੇ ਘਮੰਡ ਨੇ ਲੋਕਾਂ ਦਾ ਹਾਸਾ ਹੀ ਗਾਇਬ ਕਰ ਦਿੱਤਾ ਹੈ, ਕਿਸੇ ਦੇ ਦੁੱਖ ਦਰਦ ਨਾਲ ਕਿਸੇ ਨੂੰ ਕੋਈ ਵਾਸਤਾ ਨਹੀਂ ਰਹਿ ਗਿਆ। ਪੁਰਾਣੇ ਸਮਿਆਂ ਵਿਚ ਵਿਆਹ ਸ਼ਾਦੀਆ ਵਿਚ ਹੋਣ ਵਾਲੇ ਹਾਸੇ ਮਜ਼ਾਕ ਗੁਆਚ ਚੁੱਕੇ ਹਨ। ਇਨਸਾਨ ਨੂੰ ਆਪਣੇ ਆਉਣ ਵਾਲੇ ਕੱਲ੍ਹ ਦਾ ਪਤਾ ਨਹੀਂ ਪਰ ਕੱਲ੍ਹ ਦੀ ਚਿੰਤਾ ਕਾਰਨ ਅੱਜ ਨੂੰ ਆਪਣੇ ਹੱਥੋਂ ਕੱਢ ਰਿਹਾ ਹੈ। ਸਾਡੇ ਕੋਲ ਮਨੋਰੰਜਨ ਦੇ ਸਾਧਨ ਤਾਂ ਹਨ ਪਰ ਇਨ੍ਹਾਂ ਨੂੰ ਵਰਤਣ ਦਾ ਸਮਾਂ ਨਹੀਂ। ਨਿੱਜੀ ਜ਼ਿੰਦਗੀ ਦੀਆਂ ਸੁੱਖ ਸਹੂਲਤਾਂ ਜੋੜ ਤਾਂ ਰਹੇ ਹਾਂ ਪਰ ਉਸ ਨੂੰ ਵਰਤ ਨਹੀਂ ਪਾਉਂਦੇ। ਜੇ ਕੋਈ ਕਿਸੇ ਨੂੰ ਨਿੱਕਾ ਜਿਹਾ ਮਜ਼ਾਕ ਕਰ ਦੇਵੇ ਤਾਂ ਗੱਲ ਲੜਾਈ ਝਗੜੇ ਤਕ ਪਹੁੰਚ ਜਾਂਦੀ ਹੈ। ਜਿਸ ਕਾਰਨ ਇਨਸਾਨ ਆਪਣੇ ਹੀ ਸਮਾਜ ਦੇ ਲੋਕਾਂ ਤੋਂ ਦੂਰ ਹੋ ਜਾਂਦਾ ਹੈ। ਡਾਕਟਰਾਂ ਮੁਤਾਬਿਕ ਹੱਸਣਾ ਸਰੀਰ ਲਈ ਬਹੁਤ ਲਾਭਦਾਇਕ ਹੈ। ਇਸ ਨਾਲ ਅਨੇਕਾਂ ਸੂਖ਼ਮ ਨਾ ਦਿਸਣ ਵਾਲੀਆਂ ਬਿਮਾਰੀਆਂ ਦੂਰ ਹੋ ਜਾਂਦੀਆਂ ਹਨ। ਅਕਸਰ ਜਾਗਰੂਕ ਲੋਕ ਸਵੇਰ ਦੀ ਕਸਰਤ ਸਮੇਂ ਨਕਲੀ ਹਾਸੇ ਦਿਖਾਈ ਦਿੰਦੇ ਹਨ। ਸਮੇਂ ਦੀ ਲੋੜ ਹੈ ਹਾਸ-ਰਾਸ ਤੇ ਚੁਟਕਲਿਆਂ ਦੀਆਂ ਕਿਤਾਬਾਂ ਵੱਧ ਤੋਂ ਵੱਧ ਪੜ੍ਹੀਆਂ ਜਾਣ। ਟੈਲੀਵਿਜ਼ਨ ਤੇ ਹਾਸਿਆਂ ਵਾਲੇ ਪ੍ਰੋਗਰਾਮ ਦੇਖੇ ਜਾਣ। ਘਰਾਂ ਪਰਿਵਾਰਾਂ ਵਿਚ ਅਸਲੀ ਹਾਸਾ ਹੱਸਿਆ ਜਾਵੇ। ਆਪਣੀ ਜੀਵਨ ਸ਼ੈਲੀ ਨੂੰ ਬਦਲਿਆ ਜਾਵੇ ਤੇ ਬੱਚਿਆਂ ਦੇ ਬਹੁਪੱਖੀ ਵਿਕਾਸ ਲਈ ਉਨ੍ਹਾਂ ਨੂੰ ਹਾਸੇ ਤੇ ਮਨੋਰੰਜਨ ਨਾਲ ਜੋੜਿਆ ਜਾਵੇ। ਯਾਰਾਂ ਦੋਸਤਾਂ ਨਾਲ ਮਜ਼ਾਕ ਕੀਤਾ ਜਾਵੇ ਪਰ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਕਿਸੇ ਦੇ ਦਿਲ ਨੂੰ ਠੇਸ ਨਾ ਪਹੁੰਚੇ। ਇਸ ਯਤਨ ਨਾਲ ਖ਼ੁਸ਼ਨੁਮਾ ਜ਼ਿੰਦਗੀ ਤੇ ਖ਼ੁਸ਼ਨੁਮਾ ਸਮਾਜ ਦੀ ਸਿਰਜਨਾ ਹੋਵੇਗੀ।

• ਨਵਜੋਤ ਬਜਾਜ ਗੱਗੂ 98721-02614

*ਈਰਖਾਲੂ ਇਨਸਾਨ ਕਦੇ ਵੀ ਕਿਸੇ ਦੇ ਸਾਹਮਣੇ ਆ ਕੇ ਵਾਰ ਨਹੀਂ ਕਰਦਾ ਸਗੋਂ ਹਰ ਵਾਰ ਛੁਪ ਕੇ ਡਰਪੋਕਾਂ ਵਾਂਗ ਹੀ ਵਾਰ ਕਰਦਾ ਹੈ। ਸਗੋਂ ਕਈ ਵਾਰੀ ਤਾਂ ਉਹ ਤੁਹਾਨੂੰ ਆਪਣਾ ਸਨੇਹੀ, ਦੋਸਤ, ਭਰਾ, ਭੈਣ, ਹਮਦਰਦ ਜਾਂ ਸ਼ੁਭਚਿੰਤਕ ਹੀ ਆਖ਼ਦਾ ਹੈ। ਉਪਰੋਂ-ਉਪਰੋਂ ਉਸਦੀ ਕੋਸ਼ਿਸ਼ ਹੁੰਦੀ ਹੈ ਕਿ ਕਿਸੇ ਨੂੰ ਭਿਣਕ ਤੱਕ ਨਾ ਪਵੇ, ਪਰ ਈਰਖਾ ਕਦੋਂ ਕੁ ਤੱਕ ਕੋਈ ਲੁਕਾ ਕੇ ਰੱਖ ਸਕਦਾ ਹੈ? ਜਿਵੇਂ ਇਕ ਨ ਇਕ ਦਿਨ ਚੋਰ ਫੜਿਆ ਹੀ ਜਾਂਦਾ ਹੈ*

# ਸਾਡੀਆਂ ਆਦਤਾਂ, ਸਾਡੇ ਸੁਭਾਅ-ਈਰਖਾ !

ਈਰਖਾ ਇਕ ਰੋਗ ਹੈ, ਬਹੁਤ ਭੈੜਾ ਅਤੇ ਬਹੁਤ ਭਿਆਨਕ ਰੋਗ। ਇਸ ਰੋਗ ਨੂੰ ਲਾਉਣਾ ਸੌਖਾ ਹੈ ਪਰ ਇਸ ਤੋਂ ਛੁਟਕਾਰਾ ਪਾਉਣਾ ਬਹੁਤ ਹੀ ਔਖਾ ਹੈ। ਅਸਲ ਵਿਚ ਈਰਖਾ ਕਰਨ ਵਾਲਾ ਇਨਸਾਨ ਬਹੁਤ ਹੀ ਬਦਕਿਸਮਤ ਹੁੰਦਾ ਹੈ ਕਿਉਂਕਿ ਉਹ ਆਪਣਾ ਸਮਾਂ ਚੰਗੇ ਕੰਮ ਕਰਨ ਦੀ ਬਜਾਏ ਇਹ ਸੋਚਣ 'ਤੇ ਜ਼ਾਇਆ ਕਰਦਾ ਹੈ ਕਿ ਦੂਜਿਆਂ ਦੇ ਵਿਰੁੱਧ ਅਗਲੀ ਘਟੀਆ ਹਰਕਤ ਕਿਹੜੀ ਕਰਨੀ ਹੈ। ਈਰਖਾ ਦੇ ਮਾਰੇ ਇਨਸਾਨ ਬਹੁਤ ਬਦਕਿਸਮਤ ਹਨ ਕਿਉਂਕਿ ਉਹ ਹਰ ਵੇਲੇ ਇਹੋ ਸੋਚਦੇ ਰਹਿੰਦੇ ਹਨ ਕਿ ਦੂਜਿਆਂ ਨੂੰ ਕਿਵੇਂ ਥੱਲੇ ਲਾਉਣਾ ਹੈ; ਕਿਸੇ ਦਾ ਕਿਵੇਂ ਨੁਕਸਾਨ ਕਰਨਾ ਹੈ; ਕਿਸੇ ਦੀ ਚਲਦੀ ਗੱਡੀ ਨੂੰ ਕਿਵੇਂ ਲੀਹੋਂ ਲਾਹੁਣਾ ਹੈ; ਕਿਸੇ ਦੇ ਚੰਗੇ ਦਿਨਾਂ ਨੂੰ ਮਾੜੇ ਦਿਨਾਂ ਵਿਚ ਕਿਵੇਂ ਬਦਲਣਾ ਹੈ; ਕਿਸੇ ਉੱਪਰ ਚੜ੍ਹਦੇ ਨੂੰ ਥੱਲੇ ਕਿਵੇਂ ਡੇਗਣਾ ਹੈ; ਕਿਸੇ ਤੰਦਰੁਸਤ ਨੂੰ ਬਿਮਾਰ ਕਿਵੇਂ ਕਰਨਾ ਹੈ; ਕਿਸੇ ਦੀ ਲੱਤ ਬਾਂਹ ਕਿਵੇਂ ਭੰਨਣੀ ਹੈ; ਕਿਸੇ ਦਾ ਸਿਰ ਕਿਵੇਂ ਪਾੜਨਾ ਹੈ; ਕਿਸੇ ਨੂੰ ਚੰਗੇ ਕੰਮਾਂ ਤੋਂ ਹਟਾ ਕੇ ਮਾੜੇ ਕੰਮਾਂ ਵੱਲ ਕਿਵੇਂ ਲਾਉਣਾ ਹੈ; ਕਿਸੇ ਖੁਸ਼ੀ ਵਿਚ ਵੱਸਦੇ ਨੂੰ ਕਿਵੇਂ ਖ਼ਤਮ ਕਰਨਾ ਹੈ; ਲੁੱਕ ਛੁੱਪ ਕੇ ਕਿਸੇ ਦੀ ਇੱਜ਼ਤ ਨੂੰ ਮਿੱਟੀ ਵਿਚ ਕਿਵੇਂ ਰਲਾਉਣਾ ਹੈ; ਖੁਸ਼ੀ ਵਿਚ ਵਸਦੇ ਘਰਾਂ ਵਿਚ ਲੜਾਈ-ਝਗੜਾ ਕਿਵੇਂ ਪਾਉਣਾ ਹੈ।

ਈਰਖਾਲੂ ਇਨਸਾਨ ਕਦੇ ਵੀ ਕਿਸੇ ਦੇ ਸਾਹਮਣੇ ਆ ਕੇ ਵਾਰ ਨਹੀਂ ਕਰਦਾ ਸਗੋਂ ਹਰ ਵਾਰ ਛੁਪ ਕੇ ਡਰਪੋਕਾਂ ਵਾਂਗ ਹੀ ਵਾਰ ਕਰਦਾ ਹੈ। ਸਗੋਂ ਕਈ ਵਾਰੀ ਤਾਂ ਉਹ ਤੁਹਾਨੂੰ ਆਪਣਾ ਸਨੇਹੀ, ਦੋਸਤ, ਭਰਾ, ਭੈਣ, ਹਮਦਰਦ ਜਾਂ ਸ਼ੁਭਚਿੰਤਕ ਹੀ ਆਖ਼ਦਾ ਹੈ। ਉਪਰੋਂ-ਉਪਰੋਂ ਉਸਦੀ ਕੋਸ਼ਿਸ਼ ਹੁੰਦੀ ਹੈ ਕਿ ਕਿਸੇ ਨੂੰ ਭਿਣਕ ਤੱਕ ਨਾ ਪਵੇ, ਪਰ ਈਰਖਾ ਕਦੋਂ ਕੁ ਤੱਕ ਕੋਈ ਲੁਕਾ ਕੇ ਰੱਖ ਸਕਦਾ ਹੈ ? ਜਿਵੇਂ ਇਕ ਨ ਇਕ ਦਿਨ ਚੋਰ ਫੜਿਆ ਹੀ ਜਾਂਦਾ ਹੈ ਅਤੇ ਇਕ ਨ ਇਕ ਦਿਨ ਬੇਈਮਾਨ ਇਨਸਾਨ ਨੰਗਾ ਹੋ ਹੀ ਜਾਂਦਾ ਹੈ, ਇਸੇ ਤਰ੍ਹਾਂ ਇਕ ਨਾ ਇਕ ਦਿਨ ਈਰਖਾਲੂ ਇਨਸਾਨ ਦੀਆਂ ਕੋਝੀਆਂ ਕਰਤੂਤਾਂ ਤੋਂ ਵੀ ਪੜ੍ਹਦਾ ਉੱਠ ਹੀ ਜਾਂਦਾ ਹੈ ਭਾਵੇਂ ਉਹ ਇਨ੍ਹਾਂ ਨੂੰ ਲੁਕਾਉਣ ਦੀਆਂ ਲੱਖ ਕੋਸ਼ਿਸ਼ਾਂ ਕਰ ਲਵੇ। ਵੈਸੇ ਕੋਈ ਵੀ ਇਨਸਾਨ ਈਰਖਾ ਤੋਂ ਬਿਲਕੁਲ ਰਹਿਤ ਨਹੀਂ ਹੋ ਸਕਦਾ। ਥੋੜ੍ਹੀ ਬਹੁਤ ਈਰਖਾ ਕਦੇ ਨਾ ਕਦੇ ਸਾਲ-ਛਿਮਾਹੀਂ ਹਰ ਇਕ ਦੇ ਮਨ ਵਿਚ ਆ ਜਾਂਦੀ ਹੈ। ਜੇ ਮੈਂ ਕਹਾਂ ਕਿ ਮੈਨੂੰ ਕਦੇ ਵੀ ਕਿਸੇ ਨਾਲ ਈਰਖਾ ਨਹੀਂ ਹੋਈ ਤਾਂ ਮੈਂ ਝੂਠ ਬੋਲਦਾ ਹੋਵਾਂਗਾ। ਪਰ ਈਰਖਾ ਕਦੇ-ਕਦਾਈਂ ਆ ਜਾਣੀ ਹੋਰ ਗੱਲ ਹੈ ਅਤੇ ਇਸ ਬੀਮਾਰੀ ਦਾ ਸਦਾ ਲਈ ਰੋਗੀ ਬਣਨਾ ਹੋਰ ਗੱਲ ਹੈ। ਈਰਖਾ ਕਦੇ-ਕਦਾਈਂ ਮਹਿਸੂਸ ਕਰਨੀ ਹੋਰ ਗੱਲ ਹੈ ਅਤੇ ਈਰਖਾ ਨਾਲ ਭਰ ਕੇ ਕਿਸੇ ਦੇ ਵਿਰੁੱਧ ਉਸਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਨੀ ਰੋਗ ਵੀ ਹੈ ਅਤੇ ਕਮੀਨਾਪਣ ਵੀ। ਅਸੀਂ ਇਨਸਾਨ ਹਾਂ ਰੱਬ ਨਹੀਂ। ਇਨਸਾਨ ਹੋ ਕੇ ਕਦੇ-ਕਦਾਈਂ ਵਰ੍ਹੇ ਕਦੀ ਵੀ ਕਰੋਧ, ਲੋਭ ਜਾਂ ਈਰਖਾ ਦੀ ਗਲੀ ਵਿਚੋਂ ਲੰਘਣਾ ਸੁਭਾਵਕ ਹੈ। ਪਰ ਇਨ੍ਹਾਂ ਰੋਗਾਂ ਦੇ ਗ਼ੁਲਾਮ ਬਣਨਾ ਅਤੇ ਇਨ੍ਹਾਂ ਦੀ ਪੂਜਾ ਕਰਨੀ ਗ਼ਲਤ ਹੈ। ਈਰਖਾ ਦੀਆਂ ਕੁਝ ਉਦਾਹਰਣਾਂ ਹਨ:

ਛੋਟੇ ਮੁਲਾਜ਼ਮਾਂ ਦਾ ਵੱਡੇ ਮੁਲਾਜ਼ਮਾਂ ਜਾਂ ਅਫ਼ਸਰਾਂ ਨਾਲ ਖ਼ਾਰ ਖਾਣਾ। "ਇਹ ਸਾਲਾ ਵਜ਼ੀਰ ਦੀ ਸਿਫ਼ਾਰਸ਼ ਨਾਲ ਅਫ਼ਸਰ ਬਣ ਗਿਆ, ਆਉਂਦਾ ਊਂਦਾ ਕੁਝ ਵੀ ਨਹੀਂ। ਜੀਅ ਕਰਦਾ ਹਰਾਮੀ ਨੂੰ ਕਤਲ ਕਰ ਦਿਆਂ।"

– ਛੋਟੇ ਲੇਖਕ ਦਾ ਵੱਡੇ ਲੇਖਕ ਨੂੰ ਪਸੰਦ ਨਾ ਕਰਨਾ। "ਸ਼ਿਵ ਵੀ ਕੋਈ ਕਵੀ ਐ! ਐਵੇਂ ਸਾਰੀ ਉਮਰ ਰੋਂਦਾ ਰਿਹਾ।"

– ਕਿਸੇ ਦੋਸਤ ਨੂੰ ਆਪਣੇ ਨਾਲੋਂ ਉੱਚੀ ਸਥਿਤੀ 'ਤੇ ਪਹੁੰਚਿਆ ਦੇਖ ਕੇ ਨਾ ਜਰਨਾ, ਜਾਂ ਕਿਸੇ ਨੂੰ ਤਰੱਕੀ ਕਰਦਾ ਦੇਖ ਕੇ ਉਸਦੀ ਲੱਤ ਖਿੱਚੀ ਜਾਣੀ।



– ਕਿਸੇ ਦੂਜੇ ਦੀ ਸਫ਼ਲਤਾ ਬਿਲਕੁਲ ਝੱਲੀ ਨਾ ਜਾਣੀ।

– ਕਿਸੇ ਹੋਰ ਦੇ ਵਧੀਆ ਘਰ ਬਣਾ ਲੈਣ ਜਾਂ ਵਧੀਆ ਕਾਰ ਲੈਣ ਤੇ ਐਵੇਂ ਈਰਖਾ ਨਾਲ ਜਲੀ ਜਾਣਾ।

– ਕਿਸੇ ਨੂੰ ਆਪਣੇ ਤੋਂ ਜ਼ਿਆਦਾ ਲਾਇਕ ਦੇਖ ਕੇ ਖਿਝੀ ਜਾਣਾ।

– ਛੋਟੇ ਗੀਤਕਾਰ ਦਾ ਆਪਣੇ ਤੋਂ ਵਧੀਆ ਗੀਤਕਾਰ ਨੂੰ ਭੰਡਣਾ।

– ਕਿਸੇ ਕਿਸਾਨ ਦਾ ਦੂਸਰੇ ਕਿਸਾਨ ਦੀ ਵਧੀਆ ਫ਼ਸਲ ਦੇਖ ਕੇ ਸੜੀ ਹੋਈ ਜਾਣਾ।

– ਕਿਸੇ ਦੋਸਤ ਦਾ ਖ਼ੂਬਸੂਰਤ ਲੜਕੀ ਨਾਲ ਜਾਂ ਸਹੇਲੀ ਦਾ ਚੰਗੇ ਅਮੀਰ ਲੜਕੇ ਨਾਲ ਵਿਆਹ ਹੋਇਆ ਦੇਖ ਕੇ ਨਾ ਜਰਨਾ ਅਤੇ ਐਵੇਂ ਕਿੜੀ ਜਾਣਾ।

ਇਹ ਸਭ ਈਰਖਾ ਭਰੀਆਂ ਗੱਲਾਂ ਅਸੀਂ ਆਪਣੇ ਆਪ ਨੂੰ ਦੂਜਿਆਂ ਸਾਹਮਣੇ ਵਧੀਆ ਹੋਣ ਦਾ ਝੂਠਾ ਧਰਵਾਸ ਦੇਣ ਲਈ ਹੀ ਕਰਦੇ ਹਾਂ। ਕਈ ਵਾਰੀ ਅਸੀਂ ਈਰਖਾ ਦੀ ਅੱਗ ਵਿਚ ਇੰਨੇ ਭੱਖ ਰਹੇ ਹੁੰਦੇ ਹਾਂ ਕਿ ਅਸੀਂ ਅਜਿਹੀਆਂ ਭੱਦੀਆਂ ਹਰਕਤਾਂ ਕਰ ਜਾਂਦੇ ਹਾਂ ਜਿਨ੍ਹਾਂ ਬਾਰੇ ਆਮ ਤੌਰ 'ਤੇ ਕਦੇ ਸੋਚਿਆ ਵੀ ਨਹੀਂ ਜਾ ਸਕਦਾ।

ਈਰਖਾ ਵਜੋਂ ਕੀਤੀਆਂ ਗਈਆਂ ਘਿਨੌਣੀਆਂ ਹਰਕਤਾਂ ਨਾਲ ਇਤਿਹਾਸ ਭਰਿਆ ਪਿਆ ਹੈ। ਕੁਝ ਸਮਾਂ ਪਹਿਲਾਂ ਇੰਗਲੈਂਡ ਵਿਚ ਰਹਿੰਦੀ ਪੰਜਾਬੀ ਮੂਲ ਦੀ ਲੜਕੀ ਨੂੰ ਬਹੁਤ ਲੰਬੀ ਉਮਰ ਕੈਦ ਹੋਈ ਹੈ ਇਸ ਲਈ ਕਿ ਉਸਨੇ ਈਰਖਾ ਕਾਰਨ ਆਪਣੇ ਆਸ਼ਕ ਲੜਕੇ ਦੀ ਪਹਿਲੀ ਪਤਨੀ ਦਾ ਬਹੁਤ ਹੀ ਬੇਦਰਦੀ ਨਾਲ 40 ਤੋਂ ਵੱਧ ਵਾਰੀ ਚਾਕੂ ਮਾਰ ਕੇ ਖ਼ੂਨ ਕੀਤਾ ਸੀ। ਟਾਨੀਆ ਹਾਰਡਿੰਗ ਅਤੇ ਨੈਂਸੀ ਕੈਰੀਗਨ ਕੁਝ ਸਾਲ ਪਹਿਲਾਂ ਅਮਰੀਕਾ ਦੀਆਂ ਮਸ਼ਹੂਰ ਫਿਗਰ ਸਕੇਟਰਜ਼ ਸਨ। ਨੈਂਸੀ ਜ਼ਿਆਦਾ ਵਧੀਆ ਸਕੇਟਰ ਸੀ ਜਿਸਨੇ ਕਈ ਤਗਮੇ ਜਿੱਤੇ ਸਨ। ਨੈਂਸੀ ਦੇ ਹੁੰਦਿਆਂ ਟਾਨੀਆ ਨੂੰ ਆਪਣੇ ਜਿੱਤਣ ਦੀ ਆਸ ਨਹੀਂ ਸੀ। 1994 ਵਿਚ ਕਿਸੇ ਨੇ ਪ੍ਰੈਕਟਿਸ ਕਰਦੀ ਨੈਂਸੀ ਦੇ ਗੋਡਿਆਂ ਵਿਚ ਕੁਝ ਮਾਰ ਕੇ ਉਸਨੂੰ ਬੁਰੀ ਤਰ੍ਹਾਂ ਫੱਟੜ ਕਰ ਦਿੱਤਾ ਸੀ। ਇਸ ਤਰ੍ਹਾਂ ਉਹ ਅਮਰੀਕਾ ਦੀ ਉਸ ਸਾਲ ਹੋਈ ਚੈਂਪੀਅਨਸ਼ਿਪ ਵਿਚ ਹਿੱਸਾ ਨਾ ਲੈ ਸਕਦੀ ਅਤੇ ਟਾਨੀਆ ਨੇ ਉਹ ਚੈਂਪੀਅਨਸ਼ਿਪ ਜਿੱਤ ਲਈ। ਪਿੱਛੋਂ ਪੁਲਿਸ ਦੀ ਜਾਂਚ-ਪੜਤਾਲ ਨੇ ਇਹ ਲੱਭਿਆ ਕਿ ਜੋ ਹਮਲਾ ਨੈਂਸੀ 'ਤੇ ਕੀਤਾ ਗਿਆ ਸੀ ਉਹ ਟਾਨੀਆ ਨੇ ਹੀ ਈਰਖਾ ਕਾਰਨ ਆਪਣੇ ਦੋਸਤ ਤੋਂ ਕਰਵਾਇਆ ਸੀ ਤਾਂ ਜੋ ਨੈਂਸੀ ਚੈਂਪੀਅਨਸ਼ਿਪ ਵਿਚ ਹਿੱਸਾ ਨਾ ਲੈ ਸਕੇ ਅਤੇ ਟਾਨੀਆ ਇਹ ਚੈਂਪੀਅਨਸ਼ਿਪ ਜਿੱਤ ਜਾਵੇ। ਟਾਨੀਆ ਇਹ ਚੈਂਪੀਅਨਸ਼ਿਪ ਜਿੱਤ ਵੀ ਗਈ ਸੀ। ਪਰ ਬਾਅਦ ਵਿਚ ਇਸ ਜ਼ੁਰਮ ਵਿਚ ਫਸ ਕੇ ਟਾਨੀਆ ਸਭ ਕੁਝ ਗੁਆ ਬੈਠੀ। ਉਸਨੂੰ ਜੇਲ੍ਹ ਵਿਚ ਵੀ ਜਾਣਾ ਪਿਆ ਅਤੇ ਉਸ ਉੱਤੇ ਅਮਰੀਕਾ ਵਿਚ ਫਿੱਗਰ ਸਕੇਟਿੰਗ ਵਿਚ ਹਿੱਸਾ ਲੈਣ ਤੋਂ ਹਮੇਸ਼ਾ ਲਈ ਪਾਬੰਦੀ ਲਾ ਦਿੱਤੀ ਗਈ ਸੀ। ਹਿੰਦੁਸਤਾਨ ਵਿਚ ਕਈ ਲੋਕ ਦੂਜਿਆਂ ਨਾਲ ਈਰਖਾ ਕਰਕੇ ਉਨ੍ਹਾਂ ਦੇ ਕੰਮ ਵਿਗਾੜਨ ਲਈ ਉਨ੍ਹਾਂ ਵਿਰੁੱਧ ਜਾਦੂ-ਟੂਣੇ ਵੀ ਕਰਦੇ ਹਨ। ਕਈ ਵਾਰ ਲੋਕ ਈਰਖਾ ਦਾ ਸ਼ਿਕਾਰ ਹੋ ਕੇ ਦੂਸਰਿਆਂ ਨੂੰ ਜ਼ਹਿਰ ਦੇਣ ਤੱਕ ਵੀ ਚਲੇ ਜਾਂਦੇ ਹਨ।

ਹਿੰਦੁਸਤਾਨ ਵਿਚ ਮਤਰੇਈਆਂ ਮਾਵਾਂ ਦੇ ਆਪਣੇ ਮਤਰੇਵੇਂ ਪੁੱਤਾਂ ਧੀਆਂ ਨਾਲ ਕੀਤੇ ਸਲੂਕਾਂ ਦੀਆਂ ਕਹਾਣੀਆਂ ਸਭ ਨੂੰ ਹੀ ਪਤਾ ਹਨ। ਪੰਜਾਬ ਵਿਚ ਕਈ ਵਾਰੀ ਲੋਕ ਈਰਖਾ ਕਾਰਨ ਚੰਗੇ ਘਰਾਂ ਦੇ ਲੜਕਿਆਂ ਨੂੰ ਨਸ਼ਿਆਂ ਵਿਚ ਲਾ ਦਿੰਦੇ ਹਨ ਜਾਂ ਉਨ੍ਹਾਂ ਨੂੰ ਹੋਰ ਬੁਰੇ ਕੰਮਾਂ ਵਿਚ ਪਾ ਕੇ ਉਨ੍ਹਾਂ ਦੀ ਜ਼ਿੰਦਗੀ ਤਬਾਹ ਕਰ ਦਿੰਦੇ ਹਨ। ਪੰਜਾਬੀ ਲੋਕ ਤਾਂ ਈਰਖਾ ਲਈ ਬਹੁਤ ਮੰਨੇ ਹੋਏ ਹਨ।

# ਭਾਰਤ ਦੀ ਆਜ਼ਾਦੀ ਵਿੱਚ ਪੰਜਾਬੀਆਂ ਦਾ ਯੋਗਦਾਨ

ਸੰਨ 1600 ਵਿੱਚ ਵਪਾਰੀਆਂ ਦੇ ਰੂਪ ਵਿੱਚ ਅੰਗਰੇਜ਼ ਭਾਰਤ ਵਿੱਚ ਆਏ। ਹੌਲੀ ਹੌਲੀ ਉਨ੍ਹਾਂ ਨੇ ਭਾਰਤ ਦੇ ਦੱਖਣੀ ਅਤੇ ਪੂਰਬੀ ਭਾਗਾਂ ਉੱਤੇ ਕਬਜ਼ਾ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਤੋਂ ਬਾਅਦ ਦੂਜੀ ਐਂਗਲੋ ਸਿੱਖ ਜੰਗ (1848-49) ਮਗਰੋਂ ਭਾਰਤ ਦੇ ਗਵਰਨਰ ਜਨਰਲ ਲਾਰਡ ਡਲਹੌਜ਼ੀ ਨੇ ਪੰਜਾਬ ਨੂੰ ਬ੍ਰਿਟਿਸ਼ ਰਾਜ ਵਿੱਚ ਸ਼ਾਮਿਲ ਕਰ ਲਿਆ। ਬ੍ਰਿਟਿਸ਼ ਸਰਕਾਰ ਵੱਲੋਂ ਖ਼ਾਲਸਾ ਸੈਨਾ ਤੋੜ ਦਿੱਤੀ ਗਈ। ਪਰ ਅੱਠ ਸਾਲਾਂ ਬਾਅਦ ਪੰਜਾਬੀਆਂ ਨੂੰ ਫਿਰ ਹਥਿਆਰ ਚੁੱਕਣ ਦਾ ਮੌਕਾ ਮਿਲ ਗਿਆ। 1857 ਵਿੱਚ ਭਾਰਤੀਆਂ ਵੱਲੋਂ ਲੜੀ ਗਈ ਆਜ਼ਾਦੀ ਦੀ ਪਹਿਲੀ ਜੰਗ ਵਿੱਚ ਪੰਜਾਬੀਆਂ ਨੇ ਵੀ ਹਿੱਸਾ ਪਾਇਆ।

10 ਮਈ 1857 ਨੂੰ ਮੇਰਠ ਵਿਖੇ ਆਜ਼ਾਦੀ ਦੀ ਪਹਿਲੀ ਜੰਗ ਸ਼ੁਰੂ ਹੋਈ। ਜਦੋਂ 12 ਮਈ, 1857 ਈ. ਨੂੰ ਉਸ ਜੰਗ ਦੀ ਖ਼ਬਰ ਲਾਹੌਰ ਪੁੱਜੀ ਤਾਂ ਪੰਜਾਬ ਵਿੱਚ ਬਗ਼ਾਵਤ ਦੇ ਡਰ ਤੋਂ ਮੀਆਂ ਮੀਰ ਛਾਉਣੀ ਵਿੱਚ ਭਾਰਤੀ ਅਤੇ ਪੰਜਾਬੀ ਸਿਪਾਹੀਆਂ ਨੂੰ ਬੇਹਥਿਆਰ ਕਰ ਦਿੱਤਾ ਗਿਆ। ਫਿਰ ਵੀ ਪੰਜਾਬ ਦੇ ਪੂਰਬੀ ਭਾਗਾਂ ਵਿੱਚ ਪੰਜਾਬੀ ਅਤੇ ਭਾਰਤੀ ਸੈਨਿਕਾਂ ਨੇ ਬਗ਼ਾਵਤ ਕਰ ਦਿੱਤੀ। ਕਈ ਸੈਨਿਕਾਂ ਨੇ ਆਪਣੇ ਕਮਾਂਡਰਾਂ ਦੀ ਹੀ ਹੱਤਿਆ ਕਰ ਦਿੱਤੀ। ਦਿੱਲੀ ਤੇ ਰੋਹੇਲਖੰਡ ਦੇ ਨੇੜਲੇ ਲੋਕਾਂ ਨੇ ਬਾਗ਼ੀਆਂ ਦੇ ਪੱਖ ਵਿੱਚ ਬਗ਼ਾਵਤਾਂ ਕੀਤੀਆਂ। ਕਰਨਾਲ ਦੇ ਜਾਟਾਂ ਨੇ ਸਰਕਾਰ ਨੂੰ ਜ਼ਮੀਨ ਦਾ ਲਗਾਨ ਦੇਣ ਤੋਂ ਇਨਕਾਰ ਕਰ ਦਿੱਤਾ। ਰੋਹਤਕ ਅਤੇ ਰਿਵਾੜੀ ਵਿਖੇ ਵੀ ਬਗ਼ਾਵਤਾਂ ਹੋਈਆਂ। ਬ੍ਰਿਟਿਸ਼ ਰਾਜ ਨੂੰ ਮਾਲੀਆ ਨਾ ਦੇਣ ਤਹਿਤ ਖਰਲ ਕਬੀਲੇ ਦੇ ਸਰਦਾਰ ਅਹਿਮਦ ਖ਼ਾਂ ਖਰਲ ਨੇ ਬਗ਼ਾਵਤ ਕੀਤੀ। ਅੰਗਰੇਜ਼ਾਂ ਨੂੰ ਸਰਦਾਰ ਖਰਲ ਦੇ ਸਿਰ ਦਾ ਇਨਾਮ ਤੈਅ ਕਰਨਾ ਪਿਆ। ਸਿੱਟੇ ਵਜੋਂ ਉਹ ਪਾਕਪਟਨ ਦੇ ਨੇੜੇ ਸ਼ਹੀਦ ਹੋ ਗਿਆ। ਇਨ੍ਹੀਂ ਦਿਨੀਂ ਪੰਜਾਬ ਵਿੱਚ ਨਾਮਧਾਰੀ ਜਾਂ ਕੂਕਾ ਲਹਿਰ ਉਦੈ ਹੋਈ। 12 ਅਪਰੈਲ, 1857 ਨੂੰ ਵਿਸਾਖੀ ਵਾਲੇ ਦਿਨ ਗੁਰੂ ਰਾਮ ਸਿੰਘ ਨੇ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਇੱਕ ਨਵੇਂ ਜਥੇਬੰਦੀ ਦੀ ਨੀਂਹ ਰੱਖੀ, ਜਿਸ ਨੂੰ ਨਾਮਧਾਰੀ ਜਾਂ ਕੂਕਾ ਲਹਿਰ ਆਖਿਆ ਜਾਂਦਾ ਹੈ। ਨਾਮਧਾਰੀ ਲਹਿਰ ਦਾ ਉਦੇਸ਼ ਧਾਰਮਿਕ ਅਤੇ ਸਮਾਜਿਕ ਖੇਤਰ ਵਿੱਚ ਸੁਧਾਰ ਕਰਨ ਦੇ ਨਾਲ ਨਾਲ ਦੇਸ਼ ਦੀ ਆਜ਼ਾਦੀ ਪ੍ਰਾਪਤ ਕਰਨਾ ਸੀ। ਇਸੇ ਲਈ ਇਸ ਲਹਿਰ ਨੇ ਅੰਗਰੇਜ਼ਾਂ ਪ੍ਰਤੀ ਅਸਹਿਯੋਗ ਦੀ ਨੀਤੀ ਅਪਣਾਈ। ਨਾਮਧਾਰੀਆਂ ਨੇ ਸਰਕਾਰੀ ਡਾਕ ਸਹੂਲਤਾਂ, ਵਿਦੇਸ਼ੀ ਕੱਪੜੇ, ਸਰਕਾਰੀ ਅਦਾਲਤਾਂ ਅਤੇ ਸਕੂਲਾਂ-ਕਾਲਜਾਂ ਦਾ ਬਾਈਕਾਟ ਕੀਤਾ ਅਤੇ ਆਪਣੀ ਸਰਕਾਰ ਕਾਇਮ ਕਰ ਲਈ। ਬ੍ਰਿਟਿਸ਼ ਹਾਕਮਾਂ ਨੂੰ ਯਕੀਨ ਹੋ ਗਿਆ ਸੀ ਕਿ ਨਾਮਧਾਰੀ ਸਿੱਖ ਉਨ੍ਹਾਂ ਦੇ ਖ਼ਿਲਾਫ਼ ਇੱਕ ਦਿਨ ਅੰਦੋਲਨ ਜ਼ਰੂਰ ਕਰਨਗੇ। ਨਾਮਧਾਰੀਆਂ ਦੀ ਨਾ-ਮਿਲਵਰਤਣ ਲਹਿਰ ਨੂੰ ਦਬਾਉਣ ਲਈ ਬ੍ਰਿਟਿਸ਼ ਸਰਕਾਰ ਨੇ ਇੱਕ ਕੋਝੀ ਚਾਲ ਚੱਲੀ। ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾ ਕੇ ਇੱਕ-ਦੂਜੇ ਦੇ ਖ਼ਿਲਾਫ਼ ਕਰਨ ਅਤੇ ਭਾਰਤੀ ਲੋਕਾਂ ਨੂੰ ਗ਼ੁਲਾਮੀ ਦਾ ਅਹਿਸਾਸ ਕਰਵਾਉਣ ਲਈ ਹਿੰਦੂ ਮੁਸਲਿਮਾਂ ਵਿੱਚ 'ਪਾੜੋ ਤੇ ਰਾਜ ਕਰੋ' ਦੀ ਨੀਤੀ ਹੇਠ ਥਾਂ-ਥਾਂ ਬੁੱਚੜਖ਼ਾਨੇ ਖੋਲ੍ਹ ਦਿੱਤੇ। ਨਾਮਧਾਰੀ ਸਿੱਖਾਂ ਨੇ ਗਊ ਰੱਖਿਆ ਦਾ ਕੰਮ ਸ਼ੁਰੂ ਕਰ ਦਿੱਤਾ। ਉਹ ਗਊ ਰੱਖਿਆ ਵੀ ਕਰਦੇ ਅਤੇ ਬੁੱਚੜਾਂ ਨੂੰ ਵੀ ਮਾਰ ਦਿੰਦੇ। 1871 ਵਿੱਚ ਉਨ੍ਹਾਂ ਨੇ ਅੰਮ੍ਰਿਤਸਰ ਅਤੇ ਰਾਏਕੋਟ ਦੇ ਬੁੱਚੜਖ਼ਾਨਿਆਂ 'ਤੇ ਹਮਲਾ ਕਰ ਕੇ ਕਈ ਬੁੱਚੜਾਂ ਨੂੰ ਮਾਰ ਦਿੱਤਾ। ਇਸ 'ਤੇ ਨਾਮਧਾਰੀਆਂ ਤੇ ਬ੍ਰਿਟਿਸ਼ ਸਰਕਾਰ ਦਰਮਿਆਨ ਸਿੱਧੀ ਜੰਗ ਸ਼ੁਰੂ ਹੋ ਗਈ। 68 ਕੂਕਿਆਂ ਨੇ ਗ੍ਰਿਫ਼ਤਾਰੀ ਲਈ ਆਪਣੇ ਆਪ ਨੂੰ ਪੇਸ਼ ਕੀਤਾ। ਲੁਧਿਆਣਾ ਦੇ ਡਿਪਟੀ ਕਮਿਸ਼ਨਰ -ਮਿਸਟਰ ਕੋਵਨ ਨੇ ਪੂਰੀ ਤਹਿਕੀਕਾਤ ਬਿਨਾਂ ਹੀ ਉਨ੍ਹਾਂ ਵਿੱਚੋਂ, 49 ਕੂਕਿਆਂ ਨੂੰ 17 ਜਨਵਰੀ, 1872 ਨੂੰ ਤੋਪਾਂ ਨਾਲ ਉਡਾ ਦਿੱਤਾ। ਇੰਜ ਹੀ ਕਮਿਸ਼ਨਰ ਫੋਰਸਾਥ ਵੱਲੋਂ ਤੀਹ ਕੂਕੇ ਫ਼ਾਂਸੀ ਲਟਕਾ ਦਿੱਤੇ ਗਏ। ਸਤਿਗੁਰੂ ਰਾਮ ਸਿੰਘ ਨੂੰ ਦੇਸ਼ ਨਿਕਾਲਾ ਦੇ ਕੇ ਰੰਗੂਨ ਭੇਜ ਦਿੱਤਾ ਗਿਆ।

ਜਿਹੜੀਆਂ ਸਮਾਜਿਕ ਅਤੇ ਧਾਰਮਿਕ ਲਹਿਰਾਂ ਨੇ ਸਮੁੱਚੇ ਭਾਰਤੀਆਂ ਨੂੰ ਰਾਜਨੀਤਕ ਤੌਰ 'ਤੇ ਪ੍ਰਭਾਵਤ ਕੀਤਾ, ਉਨ੍ਹਾਂ ਵਿੱਚੋਂ ਇੱਕ ਲਹਿਰ ਆਰੀਆ ਸਮਾਜ ਲਹਿਰ ਵੀ ਹੈ। ਸਵਾਮੀ ਦਯਾਨੰਦ ਸਰਸਵਤੀ ਨੇ ਕੇਵਲ ਵਿੱਦਿਆ ਰਾਹੀਂ ਹੀ ਬ੍ਰਿਟਿਸ਼ ਲੋਕਾਂ ਦਾ ਵਿਰੋਧ ਨਹੀਂ ਕੀਤਾ, ਸਗੋਂ ਉਨ੍ਹਾਂ ਨੇ ਪੰਜਾਬ ਵਿੱਚ ਪੰਜਾਬੀਆਂ ਦੇ ਕੌਮੀ ਜਜ਼ਬੇ ਨੂੰ ਵੀ ਜਗਾਇਆ। ਲਾਲਾ ਲਾਜਪਤ ਰਾਏ, ਸ. ਅਜੀਤ ਸਿੰਘ ਅਤੇ ਸ਼ਰਧਾ ਨੰਦ, ਭਾਈ ਪਰਮਾਨੰਦ, ਲਾਲਾ ਹਰਦਿਆਲ ਵੀ ਪ੍ਰਸਿੱਧ ਆਰੀਆ ਸਮਾਜੀ ਸਨ। ਆਰੀਆ ਸਮਾਜੀਆਂ ਦੇ ਅਖ਼ਬਾਰ ਵੀ ਪੰਜਾਬ ਦੀ ਆਜ਼ਾਦੀ ਦੀ ਲਹਿਰ ਵਿੱਚ ਪੂਰੀ ਤਰ੍ਹਾਂ ਸਰਗਰਮ ਰਹੇ।

ਅੰਗਰੇਜ਼ ਸਰਕਾਰ ਨੇ ਭੂਮੀ ਕਰ ਅਤੇ ਸਿੰਜਾਈ ਕਰ ਵਿੱਚ ਵਾਧਾ ਕਰ ਦਿੱਤਾ ਸੀ। ਇਸ ਨਾਲ ਕਿਸਾਨਾਂ ਵਿੱਚ ਨਾਖ਼ੁਸ਼ੀ ਦੀ ਲਹਿਰ ਦੌੜ ਗਈ ਸੀ। ਸਿੱਟੇ ਵਜੋਂ ਪੰਜਾਬ ਵਿੱਚ ਕਿਸਾਨੀ ਲਹਿਰਾਂ ਨੇ ਜਨਮ ਲਿਆ। ਆਰਥਿਕ ਸੰਕਟ ਵਿੱਚ ਫਸੇ ਪੰਜਾਬੀਆਂ ਨੂੰ 1905 ਵਿੱਚ ਰੋਟੀ ਅਤੇ ਦਾਲ ਦੀ ਭਾਲ ਵਿੱਚ ਫਿਜ਼ੀ, ਘਾਨਾ, ਮਲਾਇਆ, ਕੈਨੇਡਾ, ਅਮਰੀਕਾ ਆਦਿ ਦੇਸ਼ਾਂ ਵਿੱਚ ਜਾਣਾ ਪਿਆ। ਭਾਰਤ ਤੋਂ ਬਾਹਰ ਗਏ ਇਨ੍ਹਾਂ ਪੰਜਾਬੀਆਂ ਨੇ ਬਾਹਰ ਰਹਿ ਕੇ ਵੀ ਦੇਸ਼ ਦੀ ਆਜ਼ਾਦੀ ਲਈ ਯਤਨ ਕੀਤੇ। ਉਨ੍ਹਾਂ ਯਤਨਾਂ ਵਿੱਚੋਂ ਇੱਕ ਮਹੱਤਵਪੂਰਨ ਯਤਨ ਗ਼ਦਰ ਅੰਦੋਲਨ ਸੀ। ਗ਼ਦਰ ਪਾਰਟੀ ਨੇ ਸਾਂਫਰਾਂਸਿਸਕੋ ਤੋਂ ਉਰਦੂ ਭਾਸ਼ਾ ਵਿੱਚ ਇੱਕ ਸਪਤਾਹਿਕ ਪੱਤਰ - 'ਗ਼ਦਰ' ਕੱਢਣਾ ਸ਼ੁਰੂ ਕੀਤਾ। ਸੰਪਾਦਨਾ ਦਾ ਕੰਮ ਕਰਤਾਰ ਸਿੰਘ ਸਰਾਭਾ ਨੂੰ ਸੌਂਪਿਆ ਗਿਆ। ਉਸ ਦੀ ਮਿਹਨਤ ਸਦਕਾ ਉਹ ਅਖ਼ਬਾਰ ਹਿੰਦੀ, ਪੰਜਾਬੀ, ਗੁਜਰਾਤੀ, ਬੰਗਾਲੀ ਅਤੇ ਨੇਪਾਲੀ ਭਾਸ਼ਾਵਾਂ ਵਿੱਚ ਵੀ ਛਪਣ ਲੱਗਾ। ਇਸ ਸੰਸਥਾ ਦਾ ਮੁੱਖ ਉਦੇਸ਼ ਹਥਿਆਰਬੰਦ ਬਗ਼ਾਵਤ ਰਾਹੀਂ ਭਾਰਤ ਨੂੰ ਆਜ਼ਾਦ ਕਰਵਾਉਣਾ ਸੀ।

ਕੇਂਦਰੀ ਲੈਜਿਸਲੇਟਿਵ ਕੌਂਸਲ ਵਿੱਚ ਦੋ ਬਿਲ ਪਾਸ ਕੀਤੇ ਗਏ, ਜਿਨ੍ਹਾਂ ਨੂੰ ਰੋਲੈਂਟ ਬਿਲ ਕਹਿੰਦੇ ਹਨ। 13 ਮਾਰਚ, 1919 ਨੂੰ ਮਹਾਤਮਾ ਗਾਂਧੀ ਨੇ ਰੋਲੈਂਟ ਬਿਲਾਂ ਨੂੰ ਅਸਫਲ ਬਣਾਉਣ ਲਈ ਹੜਤਾਲ ਕਰ ਦਿੱਤੀ। ਪੰਜਾਬ ਸਰਕਾਰ ਦੇ ਹੁਕਮ ਨਾਲ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਸੂਬੇ ਦੇ ਦੋ ਪ੍ਰਸਿੱਧ ਨੇਤਾਵਾਂ- ਡਾ. ਸਤਿਆਪਾਲ ਅਤੇ ਡਾ. ਕਿਚਲੂ ਨੂੰ ਫੜ ਲਿਆ। ਸਿੱਟੇ ਵਜੋਂ ਸ਼ਹਿਰ ਵਾਸੀਆਂ ਨੇ ਹੜਤਾਲ ਕਰ ਦਿੱਤੀ। ਅਸ਼ਾਂਤੀ ਅਤੇ ਕ੍ਰੋਧ ਦੇ ਇਸ ਵਾਤਾਵਰਣ ਵਿੱਚ ਅੰਮ੍ਰਿਤਸਰ ਅਤੇ ਪਿੰਡਾਂ ਦੇ ਲਗਪਗ 25,000 ਲੋਕ 13 ਅਪਰੈਲ 1919 ਨੂੰ (ਵਿਸਾਖੀ ਵਾਲੇ ਦਿਨ) ਜਲ੍ਹਿਆਂਵਾਲਾ ਬਾਗ ਵਿੱਚ ਜਲਸਾ ਕਰਨ ਲਈ ਇਕੱਠੇ ਹੋਏ। ਜਨਰਲ ਡਾਇਰ ਆਪਣੇ 150 ਸੈਨਿਕਾਂ ਨਾਲ ਜਲ੍ਹਿਆਂਵਾਲਾ ਬਾਗ ਦੇ ਦਰਵਾਜ਼ੇ ਅੱਗੇ ਪੁੱਜ ਗਿਆ। ਬਾਗ ਦੇ ਭੀੜੇ ਜਿਹੇ ਦਰਵਾਜ਼ੇ 'ਤੇ ਪਹੁੰਚ ਕੇ ਹੁਕਮ ਕੀਤਾ ਕਿ ਸਭ ਲੋਕ ਤਿੰਨ ਮਿੰਟਾਂ ਦੇ ਵਿੱਚ ਵਿੱਚ ਬਾਹਰ ਨਿਕਲ ਜਾਣ। ਬਾਗ ਦੇ ਤੰਗ ਰਸਤੇ ਰਾਹੀਂ ਇਹ ਨਹੀਂ ਸੀ ਹੋ ਸਕਦਾ। ਜਨਰਲ ਡਾਇਰ ਨੇ ਗੋਲੀ ਦਾ ਹੁਕਮ ਦੇ ਦਿੱਤਾ। ਸਿੱਟੇ ਵਜੋਂ ਲਗਪਗ 1,000 ਲੋਕ ਮਾਰੇ ਗਏ ਅਤੇ 3,000 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ। ਇਸ ਘਟਨਾ ਦਾ ਬਦਲਾ ਸਰਦਾਰ ਊਧਮ ਸਿੰਘ ਨੇ 21 ਸਾਲ ਬਾਅਦ ਇੰਗਲੈਂਡ ਵਿੱਚ ਸਰ ਓਡਵਾਇਰ ਨੂੰ ਗੋਲੀ ਨਾਲ ਮਾਰ ਕੇ ਲਿਆ। 1920 ਤਕ ਪੰਜਾਬ ਦੇ ਗੁਰਦੁਆਰੇ ਅੰਗਰੇਜ਼ ਪੱਖੀ ਚਰਿੱਤਰਹੀਣ ਮਹੰਤਾਂ ਦੇ ਅਧਿਕਾਰ ਹੇਠ ਆ ਚੁੱਕੇ ਸਨ। ਮਹੰਤਾਂ ਦੀਆਂ ਅਨੈਤਿਕ ਕਾਰਵਾਈਆਂ ਤੋਂ ਸਿੱਖ ਤੰਗ ਆ ਕੇ ਅੰਗਰੇਜ਼ਾਂ ਦੀ ਸਹਾਇਤਾ ਨਾਲ ਗੁਰਦੁਆਰਿਆਂ ਵਿੱਚ ਸੁਧਾਰ ਚਾਹੁੰਦੇ ਸਨ। ਬ੍ਰਿਟਿਸ਼ ਹਕੂਮਤ ਨੇ ਜਿਸ ਵੇਲੇ ਸਿੱਖਾਂ ਨੂੰ ਸਹਾਇਤਾ ਨਾ ਦਿੱਤੀ ਤਾਂ ਸਿੱਖਾਂ ਦੇ ਯਤਨਾਂ ਨਾਲ 16 ਨਵੰਬਰ, 1920 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆ ਗਈ। 14 ਦਸੰਬਰ, 1920 ਨੂੰ ਸ਼੍ਰੋਮਣੀ ਅਕਾਲੀ ਦਲ ਹੋਂਦ ਵਿੱਚ ਆ ਗਿਆ। ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਸਿੱਖਾਂ ਦਾ ਕਬਜ਼ਾ ਸੀ, ਪਰ ਬ੍ਰਿਟਿਸ਼ ਸਰਕਾਰ ਨਹੀਂ ਸੀ ਚਾਹੁੰਦੀ ਕਿ ਗੁਰਦੁਆਰੇ ਦੀ ਗੋਲਕ ਦੀਆਂ ਚਾਬੀਆਂ ਸਿੱਖਾਂ ਦੇ ਕਬਜ਼ੇ ਵਿੱਚ ਰਹਿਣ। ਸਿੱਖਾਂ ਨੇ ਇਸ ਗੱਲ ਦਾ ਭਾਰੀ ਵਿਰੋਧ ਕੀਤਾ। ਬਹੁਤ ਸਾਰੇ ਸਿੱਖ ਨੇਤਾਵਾਂ ਨੂੰ ਬੰਦੀ ਬਣਾ ਲਿਆ ਗਿਆ। ਇਸ ਨਾਲ ਸਿੱਖਾਂ ਦਾ ਵਿਰੋਧ ਹੋਰ ਵੀ ਤਿੱਖਾ ਹੋ ਗਿਆ। ਇਸ ਵਿਰੋਧ ਨੂੰ ਕਾਂਗਰਸ ਅਤੇ ਖ਼ਿਲਾਫ਼ਤ ਕਮੇਟੀ ਨੇ ਵੀ ਸਹਾਇਤਾ ਦਿੱਤੀ। ਅੰਤ ਨੂੰ ਬ੍ਰਿਟਿਸ਼ ਸਰਕਾਰ ਨੂੰ ਸਿੱਖਾਂ ਅੱਗੇ ਝੁਕਣਾ ਪਿਆ।

ਬੱਬਰ ਅਕਾਲੀ ਲਹਿਰ ਦਾ ਜਨਮ ਗੁਰਦੁਆਰਿਆਂ ਵਿੱਚ ਬੈਠੇ ਮਹੰਤਾਂ ਅਤੇ ਪੁਲੀਸ ਦਾ ਮੁਕਾਬਲਾ ਕਰਨ ਲਈ ਹੋਇਆ। ਬੱਬਰ ਅਕਾਲੀਆਂ ਨੇ ਸਰਕਾਰ ਅਤੇ ਉਸ ਦੇ ਪਿੱਠੂਆਂ ਨਾਲ ਟੱਕਰ ਲੈਣ ਲਈ ਪਹਿਲਾ ਚੱਕਰਵਰਤੀ ਜਥਾ ਬਣਾਇਆ। ਜਦੋਂ ਇਸ ਨੇ 'ਬੱਬਰ ਅਕਾਲੀ' ਨਾਂ ਦਾ ਅਖ਼ਬਾਰ ਕੱਢਿਆ ਤਾਂ ਜਥੇ ਦਾ ਨਾਂ 'ਬੱਬਰ ਅਕਾਲੀ ਜਥਾ' ਬਣ ਗਿਆ। ਇਹ ਹਿੰਸਕ ਲਹਿਰ ਸੀ। ਸੌ ਤੋਂ ਵੱਧ ਬੱਬਰਾਂ ਉੱਤੇ ਮੁਕੱਦਮਾ ਚੱਲਿਆ। ਦਰਜਨਾਂ ਬੱਬਰਾਂ ਨੂੰ ਫਾਂਸੀ ਲਾਈ ਗਈ। ਭਾਵੇਂ ਇਹ ਲਹਿਰ ਫੇਲ੍ਹ ਹੋ ਗਈ, ਪਰ ਇਸ ਲਹਿਰ ਨੇ ਪੰਜਾਬੀਆਂ ਨੂੰ ਦੇਸ਼ ਦੀ ਆਜ਼ਾਦੀ ਲਈ ਜਾਨਾਂ ਵਾਰਨ ਦਾ ਵੱਲ ਜ਼ਰੂਰ ਸਿਖਾਇਆ। ਸਰਦਾਰ ਭਗਤ ਸਿੰਘ, ਭਗਵਤੀ ਚਰਨ ਵੋਹਰਾ, ਸੁਖਦੇਵ, ਪ੍ਰਿੰਸੀਪਲ ਛਬੀਲ ਦਾਸ ਅਤੇ ਯਸ਼ਪਾਲ ਆਦਿ ਨੇ 1925-26 ਈ. ਵਿੱਚ ਲਾਹੌਰ ਵਿਖੇ-ਨੌਜਵਾਨ ਭਾਰਤ ਸਭਾ-ਦੀ ਸਥਾਪਨਾ ਕੀਤੀ। ਭਗਤ ਸਿੰਘ ਉਸ ਦਾ ਜਨਰਲ ਸਕੱਤਰ ਨਿਯੁਕਤ ਹੋਇਆ। ਇਸ ਸੰਸਥਾ ਦਾ ਉਦੇਸ਼ ਨੌਜਵਾਨਾਂ ਵਿੱਚ ਜਾਗ੍ਰਤੀ ਲਿਆਉਣਾ ਸੀ। ਇਸ ਸਭਾ ਵਿੱਚ ਦੂਸਰੇ ਦੇਸ਼ਾਂ ਵਿੱਚ ਆਏ ਇਨਕਲਾਬਾਂ ਉੱਤੇ ਵੀ ਵਿਚਾਰ ਕੀਤਾ ਜਾਂਦਾ ਸੀ। ਬਾਅਦ ਵਿੱਚ ਇਸ ਦਾ ਨਾਮ ਹਿੰਦੋਸਤਾਨ ਰਿਪਬਲੀਕਨ ਆਰਮੀ ਕਰ ਦਿੱਤਾ ਗਿਆ। 31 ਦਸੰਬਰ, 1929 ਨੂੰ ਲਾਹੌਰ ਵਿਖੇ ਕਾਂਗਰਸ ਦਾ ਇਜਲਾਸ ਬੁਲਾਇਆ ਗਿਆ। ਉਸ ਇਤਿਹਾਸਕ ਇਜਲਾਸ ਦੇ ਪ੍ਰਧਾਨ ਜਵਾਹਰ ਲਾਲ ਨਹਿਰੂ ਸਨ। ਉਸ ਦਿਨ ਅੱਧੀ ਰਾਤ ਵੇਲੇ ਰਾਵੀ ਦੇ ਕੰਢੇ 'ਤੇ ਪੂਰਨ ਆਜ਼ਾਦੀ ਦਾ ਮਤਾ ਪਾਸ ਕੀਤਾ ਗਿਆ। ਨਹਿਰੂ ਨੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰਿਆਂ ਵਿੱਚ ਕੌਮੀ ਝੰਡਾ ਲਹਿਰਾਇਆ। 1930 ਵਿੱਚ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਦੇ ਦਿੱਤੀ ਗਈ, ਪਰ ਇਹ ਕਾਰਵਾਈ ਬ੍ਰਿਟਿਸ਼ ਹਕੂਮਤ ਖ਼ਿਲਾਫ਼ ਦੇਸ਼ ਭਰ ਵਿੱਚ ਅੰਤਾਂ ਦਾ ਰੋਹ ਭਰ ਗਈ। ਨੇਤਾ ਸੁਭਾਸ਼ ਚੰਦਰ ਬੋਸ ਨੇ 1943 ਵਿੱਚ ਸਿੰਗਾਪੁਰ ਵਿਖੇ ਭਾਰਤੀਆਂ ਨੂੰ ਇਕੱਠਿਆਂ ਕਰ ਕੇ-ਆਜ਼ਾਦ ਹਿੰਦ ਫ਼ੌਜ ਦੀ ਸਥਾਪਨਾ ਕੀਤੀ। ਉਸ ਫ਼ੌਜ ਵਿੱਚ ਪੰਜਾਬੀ ਸਨ - ਜਨਰਲ ਸ਼ਾਹਨਵਾਜ਼, ਜਨਰਲ ਗੁਰਦਿਆਲ ਸਿੰਘ ਢਿੱਲੋਂ, ਕੈਪਟਨ ਪ੍ਰੇਮ ਸਹਿਗਲ ਅਤੇ ਜਨਰਲ ਮੋਹਣ ਸਿੰਘ ਆਦਿ। ਇਸ ਫ਼ੌਜ ਦਾ ਮੁੱਖ ਉਦੇਸ਼ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਬਾਹਰ ਕੱਢਣਾ ਸੀ। 1 ਮਾਰਚ, 1944 ਨੂੰ ਆਜ਼ਾਦ ਹਿੰਦ ਫ਼ੌਜ ਦੇ ਸੈਨਿਕ ਬਰਮਾ ਤੋਂ ਹੁੰਦੇ ਹੋਏ ਆਸਾਮ ਪੁੱਜੇ।

1947 ਵਿੱਚ ਜਦੋਂ ਭਾਰਤ ਦੀ ਵੰਡ ਹੋਈ ਤਾਂ ਉਸ ਵੇਲੇ ਵੀ ਸਭ ਤੋਂ ਵੱਧ ਕਸ਼ਟ ਪੰਜਾਬੀਆਂ ਨੇ ਹੀ ਝੱਲੇ। ਪੰਜਾਬ ਪੱਛਮੀ ਅਤੇ ਪੂਰਬੀ ਪੰਜਾਬ ਦੋ ਭਾਗਾਂ ਵਿੱਚ ਵੰਡਿਆ ਗਿਆ। ਲੱਖਾਂ ਮਰਦ ਅਤੇ ਔਰਤਾਂ ਅਤੇ ਬੱਚੇ ਆਜ਼ਾਦੀ ਦਾ ਆਨੰਦ ਨਾ ਮਾਣ ਸਕੇ। ਉਸ ਸਮੇਂ ਦੇ ਜ਼ਖ਼ਮ ਅਜੇ ਵੀ ਅੱਲ੍ਹੇ ਹਨ।


**ਪ੍ਰੋ. ਸੁਲੱਖਣ ਮੀਤ**
**ਸੰਪਰਕ: 094633-29939**

# ਪੰਜਾਬ ਕੋਲ ਵਾਧੂ ਪਾਣੀ ਕਿਉਂ ਨਹੀਂ ?

ਪੰਜਾਬ ਵਿੱਚ ਇਸ ਵੇਲੇ ਕਿੰਨਾ ਪਾਣੀ ਉਪਲੱਬਧ ਹੈ ਅਤੇ ਰਾਜ ਅੰਦਰ ਸਿਰਫ਼ ਇੱਕ ਫ਼ਸਲ (ਝੋਨਾ) ਪਾਲਣ ਲਈ ਕਿੰਨੇ ਪਾਣੀ ਦੀ ਲੋੜ ਹੈ, ਇਸ ਬਾਰੇ ਤਾਜ਼ਾ ਜਾਣਕਾਰੀ ਇਹ ਸਪੱਸ਼ਟ ਦਰਸਾਉਂਦੀ ਹੈ ਕਿ ਗੁਆਂਢੀ ਰਾਜ ਹਰਿਆਣਾ ਨੂੰ ਦੇਣ ਵਾਸਤੇ ਪੰਜਾਬ ਕੋਲ ਹੋਰ ਇੱਕ ਬੂੰਦ ਵੀ ਨਹੀਂ ਹੈ। ਇਸ ਜਲ ਸੰਕਟ ਨੂੰ ਸਿਰਫ਼ ਇੱਕ ਤੱਥ ਨਾਲ ਉਭਾਰਿਆ ਜਾ ਸਕਦਾ ਹੈ ਕਿ ਇੱਕ ਫ਼ਸਲ (ਝੋਨਾ ਤੇ ਬਾਸਮਤੀ) ਪਾਲਣ ਲਈ ਪੰਜਾਬ ਨੂੰ ਜਿੰਨੇ ਪਾਣੀ ਦੀ ਲੋੜ ਹੈ, ਉਹ ਰਾਜ ਅੰਦਰ ਸਾਰੇ ਸਰੋਤਾਂ ਤੋਂ ਪ੍ਰਾਪਤ ਪਾਣੀ ਨਾਲੋਂ ਵੱਧ ਬਣਦੀ ਹੈ।

ਖੇਤੀਬਾੜੀ ਲਾਗਤ ਤੇ ਕੀਮਤ ਕਮਿਸ਼ਨ (ਸੀਸੀਪੀਸੀ) ਤੋਂ ਪ੍ਰਾਪਤ ਜਾਣਕਾਰੀ ਦੇ ਆਧਾਰ 'ਤੇ ਸਾਡਾ ਅੰਦਾਜ਼ਾ ਹੈ ਕਿ ਸਾਲ 2011-12 ਦੇ ਅੰਤ ਤਕ ਬਣਦੇ ਤਿੰਨ ਸਾਲਾਂ ਵਿੱਚ ਇੱਕ ਕਿਲੋਗ੍ਰਾਮ ਚਾਵਲ ਪੈਦਾ ਕਰਨ ਲਈ 5389 ਲਿਟਰ ਅਤੇ 2013-14 ਦੇ ਅੰਤ ਤਕ ਬਣਦੇ ਤਿੰਨ ਸਾਲਾਂ ਵਿੱਚ ਇੱਕ ਕਿਲੋਗ੍ਰਾਮ ਚਾਵਲ ਪੈਦਾ ਕਰਨ ਲਈ 5337 ਲਿਟਰ ਪਾਣੀ ਦੀ ਲੋੜ ਪਈ ਸੀ। ਪੰਜਾਬ ਵਿੱਚ 2009-10, 2010-11, 2011-12, 2012-13 ਅਤੇ 2013-14 ਦੌਰਾਨ ਕੁਝ ਚਾਵਲ ਉਤਪਾਦ ਕ੍ਰਮਵਾਰ 11236, 10837, 10542, 11374 ਅਤੇ 11267 ਹਜ਼ਾਰ ਟਨ ਹੋਇਆ ਸੀ। ਇਸ ਲਈ ਉਪਰੋਕਤ ਚਾਵਲ ਉਤਪਾਦਨ ਲਈ ਪਾਣੀ ਦੀ ਲੋੜ ਔਸਤਨ 49.08 ਐੱਮਏਐੱਫ (2009-10), 47.34 ਐੱਮਏਐੱਫ (2010-11), 45.61 ਐੱਮਏਐੱਫ (2011-12), 49.21 ਐੱਮਏਐੱਫ (2012-13) ਅਤੇ 48.74 ਐੱਮਏਐੱਫ (2013-14) ਪਈ ਸੀ। ਪਾਣੀ ਦੀ ਇਸ ਲੋੜ ਦੀ ਪੂਰਤੀ ਵਾਸਤੇ ਪੰਜਾਬ ਵਿੱਚ ਤਿੰਨ ਜਲ ਸਰੋਤ ਉਪਲੱਬਧ ਹਨ:ਬਾਰਸ਼ਾਂ ਰਾਹੀਂ, ਦਰਿਆਈ ਪਾਣੀ ਦੀਆਂ ਨਹਿਰਾਂ ਰਾਹੀਂ ਸਿੰਜਾਈ ਅਤੇ ਟਿਊਬਵੈੱਲਾਂ ਰਾਹੀਂ ਜ਼ਮੀਨੀ ਪਾਣੀ ਦੀਆਂ ਵਰਤੋਂ। ਇਨ੍ਹਾਂ ਤਿੰਨਾਂ ਜਲ ਸਰੋਤਾਂ ਉੱਪਰ ਹੋਰ ਪੜਚੋਲ ਕਰਨ ਦੀ ਲੋੜ ਹੈ। ਭਾਵੇਂ ਅਸੀਂ ਜਾਣਦੇ ਹਾਂ ਕਿ ਚਾਵਲ ਉਤਪਾਦਨ ਲਈ ਬਾਰਸ਼ਾਂ ਦਾ ਪਾਣੀ ਕਿੰਨੀ ਮਾਤਰਾ ਵਿੱਚ ਵਰਤਿਆ ਗਿਆ, ਮਾਪਣਾ ਮੁਸ਼ਕਲ ਹੈ, ਫਿਰ ਵੀ, ਅਸੀਂ ਇੱਕ ਜਾਇਜ਼ ਅੰਦਾਜ਼ਾ ਤਾਂ ਲਾ ਹੀ ਸਕਦੇ ਹਾਂ। ਪੰਜਾਬ ਵਿੱਚ 2010-2014 ਦੌਰਾਨ, ਮਈ-ਸਤੰਬਰ ਮਹੀਨਿਆਂ ਵਿੱਚ ਅੰਦਾਜ਼ਨ 82 ਫ਼ੀਸਦੀ ਬਾਰਸ਼ ਹੋਈ ਜਿਹੜੀ ਸਾਲਾਨਾ ਬਾਰਸ਼ 501.4 ਐੱਮਐੱਮ ਦਾ 411.8 ਐੱਮਐੱਮ ਬਣਦੀ ਹੈ। ਇਨ੍ਹਾਂ ਪੰਜ ਮਹੀਨਿਆਂ ਨੂੰ ਝੋਨਾ-ਬਾਸਮਤੀ ਫ਼ਸਲੀ ਸੀਜ਼ਨ ਦਾ ਸਮਾਂ ਮੰਨਿਆ ਜਾਂਦਾ ਹੈ। ਇਹ ਮੰਨਦਿਆਂ ਕਿ ਰਾਜ ਦੇ ਸਮੁੱਚੇ ਚਾਵਲ ਉਤਪਾਦਨ ਖੇਤਰ ਵਿੱਚ ਉਪਰੋਕਤ ਮਹੀਨਿਆਂ ਦੌਰਾਨ ਬਾਰਸ਼ ਇਕਸਾਰ ਹੋਈ ਸੀ, ਆਲਮੀ ਏਜੰਸੀ-ਖ਼ੁਰਾਕ ਤੇ ਖੇਤੀਬਾੜੀ ਸੰਗਠਨ (ਐੱਫਏਓ) ਵੱਲੋਂ ਅਪਣਾਈਆਂ ਜਾਂਦੀਆਂ ਪ੍ਰਣਾਲੀਆਂ ਅਨੁਸਾਰ ਬਾਰਸ਼ਾਂ ਰਾਹੀਂ 9.35 ਐੱਮਏਐੱਫ (2009-10), 9.45 ਐੱਮਏਐੱਫ (2010-11), 9.40 ਐੱਮਏਐੱਫ (2011-12), 9.49 ਐੱਮਏਐੱਫ (2012-13) ਅਤੇ 9.51 ਐੱਮਏਐੱਫ (2013-14) ਜਲ ਪ੍ਰਾਪਤ ਹੋਣ ਦਾ ਅਨੁਮਾਨ ਹੈ। ਭਾਵੇਂਕਿ ਬਾਰਸ਼ਾਂ ਇਕਸਾਰ ਨਾ ਹੋਣ ਕਾਰਨ ਇਹ ਕੁਝ ਸਹੀ ਅਨੁਮਾਨ ਨਹੀਂ ਹੋ ਸਕਦਾ। ਚਾਵਲ ਉਤਪਾਦਨ ਲਈ ਜਿੰਨੇ ਪਾਣੀ ਦੀ ਲੋੜ ਹੈ, ਉਸ ਵਿੱਚੋਂ ਉਪਰੋਕਤ ਅੰਕੜੇ ਘਟਾਉਣ ਬਾਅਦ ਵੀ ਪੰਜ ਸਾਲਾਂ (2009-14) ਲਈ ਹੋਰ ਕ੍ਰਮਵਾਰ 39.73, 37.89, 36.20, 39.71 ਅਤੇ 39.23 ਐੱਮਏਐੱਫ ਪਾਣੀ ਦੀ ਲੋੜ ਸੀ। ਇਹ ਪਾਣੀ ਦੂਜੇ ਬਚਦੇ ਦੋ ਜਲ ਸਰੋਤਾਂ-ਦਰਿਆਈ ਤੇ ਜ਼ਮੀਨੀ ਤੋਂ ਪ੍ਰਾਪਤ ਹੋਇਆ ਮੰਨਿਆ ਜਾ ਸਕਦਾ ਹੈ। ਜੇ ਦਰਿਆਈ ਪਾਣੀ ਸਰੋਤ ਉੱਪਰ ਝਾਤ ਮਾਰੀਏ ਤਾਂ ਇਹ ਪਤਾ ਲੱਗਦਾ ਹੈ ਕਿ ਕੁੱਲ ਉਪਲੱਬਧ ਔਸਤਨ 34.34 ਐੱਮਏਐੱਫ ਪਾਣੀ ਵਿੱਚੋਂ ਪੰਜਾਬ ਨੂੰ 14.54 ਐੱਮਏਐੱਫ ਪਾਣੀ ਅਲਾਟ ਹੋਇਆ ਸੀ। ਅਸੀਂ ਆਪਣੇ ਆਂਕਲਨ ਦਾ ਪ੍ਰਗਟਾਵਾ ਕਰਨ ਲਈ ਇਹ ਮੰਨ ਲੈਂਦੇ ਹਾਂ ਕਿ ਪੰਜਾਬ ਨੂੰ ਅਲਾਟ ਸਾਰਾ ਦਰਿਆਈ ਪਾਣੀ (14.54 ਐੱਮਏਐੱਫ) ਚਾਵਲ ਉਤਪਾਦਨ ਲਈ ਵਰਤਿਆ ਗਿਆ ਸੀ। ਇਸ ਦਾ ਭਾਵ ਹੈ ਕਿ ਸਾਨੂੰ ਚਾਵਲ ਉਤਪਾਦਨ ਲਈ ਹੋਰ 25.19 ਐੱਮਏਐੱਫ (2009-10), 23.35 ਐੱਮਏਐੱਫ (2010-11), 21.66 ਐੱਮਏਐੱਫ (2011-12), 25.17 ਐੱਮਏਐੱਫ (2012-13) ਅਤੇ 24.69 ਐੱਮਏਐੱਫ (2013-14) ਪਾਣੀ ਦੀ ਲੋੜ ਪਈ ਸੀ। ਇਹ ਪੂਰੀ ਤਰ੍ਹਾਂ ਸਪੱਸ਼ਟ ਹੋ ਗਿਆ ਹੈ ਕਿ ਜੇ ਸਾਰਾ ਦਰਿਆਈ ਪਾਣੀ ਚਾਵਲ ਉਤਪਾਦਨ ਲਈ ਵਰਤਿਆ ਗਿਆ ਸੀ ਤਾਂ ਵੀ ਹਰੇਕ ਸਾਲ ਔਸਤਨ ਤੋਰ 14 ਐੱਮਏਐੱਫ ਪਾਣੀ ਦੀ ਲੋੜ ਸੀ ਜਿਹੜੀ ਬਚਦੇ ਤੀਜੇ ਜਲ ਸਰੋਤ ਭਾਵ ਜ਼ਮੀਨੀ ਪਾਣੀ ਤੋਂ ਪੂਰੀ ਕੀਤੀ ਗਈ ਸੀ। ਇਸ ਤਰ੍ਹਾਂ ਪੰਜਾਬ ਵਿੱਚ ਅੰਦਾਜ਼ਨ ਹਰੇਕ ਸਾਲ 50 ਫ਼ੀਸਦੀ (ਕੁੱਲ 48 ਐੱਮਏਐੱਫ ਵਿੱਚੋਂ 24 ਐੱਮਏਐੱਫ) ਪਾਣੀ ਚਾਵਲ ਉਤਪਾਦਨ ਦੀ ਲੋੜ ਪੂਰੀ ਕਰਨ ਵਾਸਤੇ ਜ਼ਮੀਨ ਵਿੱਚੋਂ ਟਿਊਬਵੈੱਲਾਂ ਰਾਹੀਂ ਕੱਢਿਆ ਗਿਆ ਹੋਵੇਗਾ। ਪੰਜਾਬ ਹਰੇਕ ਸਾਲ ਕੇਵਲ ਚਾਵਲ ਉਤਪਾਦਨ ਲਈ ਅੰਦਾਜ਼ਨ 29603544000000 ਲਿਟਰ ਜ਼ਮੀਨੀ ਪਾਣੀ ਦੀ ਵਰਤੋਂ ਕਰਦਾ ਹੈ। ਜੇ ਇਨ੍ਹਾਂ ਵਿੱਚ ਹੋਰ ਫ਼ਸਲਾਂ ਜਿਵੇਂ ਕਣਕ, ਗੰਨਾ, ਮੱਕੀ, ਫਲ ਤੇ ਸਬਜ਼ੀਆਂ ਸ਼ਾਮਲ ਕਰ ਲਈਏ ਤਾਂ ਪੰਜਾਬ ਲਈ ਪਾਣੀ ਦੀ ਲੋੜ ਅਤੇ ਰਾਜ ਦੇ ਜ਼ਮੀਨੀ ਪਾਣੀ ਉੱਪਰ ਦਬਾਅ ਹੋਰ ਵੱਧ ਪੈਂਦਾ ਹੈ। ਕੇਂਦਰੀ ਜ਼ਮੀਨੀ ਜਲ ਬੋਰਡ ਦੇ ਅੰਕੜਿਆਂ ਅਨੁਸਾਰ ਪੰਜਾਬ ਦੇ ਜ਼ਮੀਨੀ ਪਾਣੀ ਉੱਪਰ ਇਸ ਦਬਾਅ ਨੇ, ਰਾਜ ਦੇ ਜ਼ਮੀਨੀ ਪਾਣੀ ਦੀ ਵਰਤੋਂ ਦਾ ਅੰਕੜਾ 172 ਫ਼ੀਸਦੀ ਤਕ ਪਹੁੰਚਾ ਦਿੱਤਾ ਹੈ ਜੋ ਦੇਸ਼ ਦੇ ਸਾਰੇ ਰਾਜਾਂ ਨਾਲੋਂ ਵੱਧ ਹੈ। ਇਹ ਹੈ ਪੰਜਾਬ ਦੇ ਜ਼ਮੀਨੀ ਪਾਣੀ ਦੀ ਡਰਾਉਣ ਵਾਲੀ ਸਥਿਤੀ। ਜ਼ਮੀਨੀ ਪਾਣੀ ਦੀ 100 ਫ਼ੀਸਦੀ ਵਰਤੋਂ ਸਥਿਤੀ ਇਹ ਪ੍ਰਗਟਾਉਂਦੀ ਹੈ ਕਿ ਜਿੰਨੇ ਜ਼ਮੀਨੀ ਪਾਣੀ ਦੀ ਵਰਤੋਂ ਕੀਤੀ ਗਈ, ਓਨੀ ਹੀ ਪਾਣੀ ਜ਼ਮੀਨ ਵਿੱਚ ਮੁੜ ਜਜ਼ਬ ਹੋ ਗਿਆ, ਜ਼ਮੀਨੀ ਪਾਣੀ ਦੀ 100 ਫ਼ੀਸਦੀ ਤੋਂ ਵੱਧ ਵਰਤੋਂ ਦੀ ਸਥਿਤੀ ਸਪੱਸ਼ਟ ਕਰਦੀ ਹੈ ਕਿ ਜਿੰਨਾ ਜ਼ਮੀਨੀ ਪਾਣੀ ਵਰਤਿਆ ਗਿਆ, ਉਹ ਸਾਲਾਨਾ ਜ਼ਮੀਨੀ ਪਾਣੀ ਜਜ਼ਬ ਹੋਣ ਦੀ ਮਾਤਰਾ ਨਾਲੋਂ ਵੱਧ ਹੈ। ਜ਼ਮੀਨੀ ਪਾਣੀ ਦੀ 172 ਫ਼ੀਸਦੀ ਬਹੁਤ ਉੱਚੀ ਵਰਤੋਂ ਦਰ ਪ੍ਰਗਟਾਉਂਦੀ ਹੈ ਕਿ ਜ਼ਮੀਨ ਵਿੱਚ ਸਾਲਾਨਾ ਪਾਣੀ ਜਜ਼ਬ ਹੋਣ ਦੀ ਦਰ ਨਾਲੋਂ, ਇਸ ਦੀ ਵਰਤੋਂ ਬਹੁਤ ਜ਼ਿਆਦਾ ਹੋ ਰਹੀ ਹੈ। ਗੁਆਂਢੀ ਰਾਜ ਰਾਜਸਥਾਨ ਤੇ ਹਰਿਆਣਾ ਇਸ ਪੱਖੋਂ ਸੁਖਾਵੀਂ ਸਥਿਤੀ ਵਿੱਚ ਹਨ। ਇਨ੍ਹਾਂ ਰਾਜਾਂ ਵਿੱਚ ਜ਼ਮੀਨੀ ਪਾਣੀ ਦੀ ਵਰਤੋਂ ਕ੍ਰਮਵਾਰ 137 ਫ਼ੀਸਦੀ ਅਤੇ 133 ਫ਼ੀਸਦੀ ਹੈ। ਪੰਜਾਬ ਵਿੱਚ ਆਉਣ ਵਾਲੇ ਸਮੇਂ ਦੌਰਾਨ ਸਿੰਜਾਈ ਲਈ ਜ਼ਮੀਨੀ ਪਾਣੀ ਦੀ ਪ੍ਰਾਪਤੀ ਸਾਰੇ ਰਾਜਾਂ ਨਾਲੋਂ ਕੇਵਲ ਘੱਟ ਹੀ ਨਹੀਂ ਹੋਵੇਗੀ, ਇਹ ਘਾਟ ਮਨਫ਼ੀ 14.83 ਬਿਲੀਅਨ ਕਿਊਬਿਕ ਮੀਟਰ (ਬੀਸੀਐੱਮ) ਜਾਂ ਮਨਫ਼ੀ 12.02 ਐੱਮਏਐੱਫ ਹੋਵੇਗੀ। ਇਸ ਦੇ ਮੁਕਾਬਲੇ ਗ਼ੈਰ-ਰਿਪੇਰੀਅਨ ਰਾਜ ਰਾਜਸਥਾਨ ਦੀ ਸਥਿਤੀ ਸੁਖਾਵੀਂ ਹੈ। ਉਹ ਪੰਜਾਬ ਕੋਲੋਂ ਜਿੱਥੇ ਮੁਫ਼ਤ 8 ਐੱਮਏਐੱਫ ਪਾਣੀ ਹਾਸਲ ਕਰ ਰਿਹਾ ਹੈ, ਉੱਥੇ ਭਵਿੱਖ ਵਿੱਚ ਜ਼ਮੀਨੀ ਪਾਣੀ ਦੀ ਸਿੰਜਾਈ ਲਈ ਪ੍ਰਾਪਤੀ 0.91 ਬੀਸੀਐੱਮ (0.73 ਐੱਮਏਐੱਫ) ਬਣਦੀ ਹੈ। ਇਸੇ ਤਰ੍ਹਾਂ, ਭਾਵੇਂ ਹਰਿਆਣਾ ਵਿੱਚ ਜ਼ਮੀਨੀ ਪਾਣੀ ਦੀ ਸਥਿਤੀ ਮਨਫ਼ੀ (-3.31 ਬੀਸੀਐੱਮ ਜਾਂ-2.68 ਐੱਮਏਐੱਫ) ਹੈ ਪ੍ਰੰਤੂ ਇਹ ਸੰਕਟ ਪੱਧਰ ਤੋਂ ਅਜੇ ਬਹੁਤ ਪਿੱਛਾਂਹ ਹੈ ਅਤੇ ਇਹ ਪੰਜਾਬ ਦੇ ਮੁਕਾਬਲੇ (-14.83 ਬੀਸੀਐੱਫ ਜਾਂ -12.02 ਐੱਮਏਐੱਫ) ਬਹੁਤ ਘੱਟ ਸੰਕਟ ਵਾਲੀ ਹੈ। ਦੇਸ਼ ਵਿੱਚ ਕੇਵਲ ਪੰਜਾਬ ਅਜਿਹਾ ਰਾਜ ਹੈ ਜਿਹੜਾ ਘੋਰ ਜਲ ਸੰਕਟ ਦੇ ਕਿਨਾਰੇ ਪਹੁੰਚ ਚੁੱਕਾ ਹੈ। ਭਾਰਤ ਸਰਕਾਰ, ਭਾਵ ਸੱਤਾ ਵਿੱਚ ਸਿਆਸੀ ਪਾਰਟੀ ਨੇ ਕਦੇ ਵੀ ਪੰਜਾਬ ਦੇ ਇਸ ਸੰਕਟ ਦੀ ਗੰਭੀਰਤਾ ਨੂੰ ਪਛਾਣਿਆ ਨਹੀਂ, ਜਿਸ ਕਾਰਨ ਇਸ ਸੰਕਟ ਨੂੰ ਹੱਲ ਕਰਨ ਲਈ ਕੋਈ ਯਤਨ ਨਹੀਂ ਕੀਤੇ ਗਏ। ਪੰਜਾਬ ਦੇ, ਭਾਰਤ ਦੇ ਕੇਂਦਰੀ ਸੱਤਾ ਢਾਂਚੇ ਵਿੱਚ ਕਮਜ਼ੋਰ ਦਰਜੇ ਕਾਰਨ ਸਾਰੇ ਸੰਕੇਤ ਇਹ ਉੱਭਰਦੇ ਹਨ ਕਿ ਜਦੋਂ ਤਕ ਭਾਰਤ ਦੇ ਸੰਘਾਤਮਿਕ ਢਾਂਚੇ ਵਿੱਚ ਪੰਜਾਬ ਦੀ ਸਿਆਸੀ ਕਮਜ਼ੋਰੀ ਦੀ ਅੰਸ਼ਕ ਪੂਰਤੀ ਲਈ, ਪੰਜਾਬ ਦੀਆਂ ਸਾਰੀਆਂ ਧਿਰਾਂ ਵੱਲੋਂ ਮਿਲ ਕੇ ਆਪਣਾ ਹੱਕ ਲੈਣ ਲਈ ਇੱਕ ਸ਼ਕਤੀ ਦੇ ਰੂਪ ਵਿੱਚ ਯਤਨ ਨਹੀਂ ਹੁੰਦੇ, ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਜਲ ਸੰਕਟ ਦੀ ਚਿੰਤਾ ਕੀਤੇ ਜਾਣ ਦੀ ਕੋਈ ਸੰਭਾਵਨਾ ਨਹੀਂ। ਪੰਜਾਬ ਦੇ ਸਾਰੇ ਹਿੱਸੇਦਾਰ, ਭਾਵੇਂ ਉਹ ਸੱਤਾ ਧਿਰ ਵਿੱਚ ਹਨ ਜਾਂ ਵਿਰੋਧੀ ਪਾਰਟੀਆਂ ਜਾਂ ਸਮਾਜਿਕ ਸੰਸਥਾਵਾਂ, ਸਾਰਿਆਂ ਨੂੰ ਹਰ ਹਾਲਤ ਇੱਕ ਸਹਿਮਤੀ ਉੱਪਰ ਇਕੱਠੇ ਹੋਣਾ ਪਏਗਾ ਕਿ ਪੰਜਾਬ ਕੋਲ ਪਾਣੀ ਦੀ ਇੱਕ ਵੀ ਬੂੰਦ ਫਾਲਤੂ ਨਹੀਂ ਹੈ। ਇਹ ਇਤਿਹਾਸਕ ਪਲ ਹੋਣਗੇ ਜਦੋਂ ਵਿਅਕਤੀਗਤ ਤੇ ਸਿਆਸੀ ਦੁਸ਼ਵਾਰੀਆਂ ਨੂੰ ਨਜ਼ਰਅੰਦਾਜ਼ ਜਾਂ ਭੁਲਾ ਕੇ ਇਸ ਸਾਂਝੇ ਨੁਕਤੇ ਉੱਪਰ ਇਕਮੁੱਠਤਾ ਹੋਵੇਗੀ। ਪੰਜਾਬ ਦਾ ਭਵਿੱਖ ਦਾਅ ਉੱਪਰ ਹੈ। ਪੰਜਾਬ ਦੇ ਜਲ ਸੰਕਟ ਨੂੰ ਤਰਕ ਤੇ ਸਬਰ ਰਾਹੀਂ ਹੱਲ ਕਰਨ ਦੀ ਲੋੜ ਹੈ। ਕੇਵਲ ਧਿਰ ਲਈ ਇਹ ਸੱਚ ਮਹੱਤਵਪੂਰਨ ਨਹੀਂ, ਸਗੋਂ ਇਸ ਸੱਚਾਈ ਲਈ ਦੂਜਿਆਂ ਨੂੰ ਵੀ ਕਾਇਲ ਕਰਨਾ ਉਨ੍ਹਾਂ ਹੀ ਮਹੱਤਵਪੂਰਨ ਹੈ। ਇੱਕ ਗੱਲ ਵਿਸ਼ੇਸ਼ ਮਹੱਤਵ ਵਾਲੀ ਹੈ ਕਿ ਜਦੋਂ ਇਸ ਦਾ ਸੱਚਾਈ ਆਧਾਰਿਤ ਕੇਸ ਪ੍ਰਚਾਰਿਆ ਜਾਵੇ, ਗੁਆਂਢੀ ਰਾਜਾਂ ਦੇ ਕਿਸਾਨ ਭਾਈਚਾਰਿਆਂ ਪ੍ਰਤੀ ਗ਼ੈਰ-ਮਿੱਤਰਤਾ ਦਾ ਪ੍ਰਗਟਾਵਾ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਸਾਨ ਭਾਈਚਾਰਿਆਂ ਨੂੰ ਭਾਰਤ ਦੇ ਕੇਂਦਰ ਆਧਾਰਿਤ ਸ਼ਾਸਨ ਢਾਂਚੇ ਕਾਰਨ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਖੇਤੀ ਖੇਤਰ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਪੰਜਾਬ ਦਾ ਕੇਸ ਪੇਸ਼ ਕਰਨ ਸਮੇਂ ਪੀੜਤ ਭਾਈਚਾਰਿਆਂ ਨਾਲ ਇਕਮੁੱਠਤਾ ਵਿਖਾਉਣੀ ਮਹੱਤਵਪੂਰਨ ਹੈ।





# ਵੈਡਿੰਗ ਸੀਜ਼ਨ ਵਿਚ ਟ੍ਰੈਡੀਸ਼ਨਲ ਰੰਗਾਂ ਦਾ ਜਾਦੂ

ਇਸ ਵੇਡਿੰਗ ਸੀਜ਼ਨ ਦੇ ਫ਼ੈਸ਼ਨ ਦੇ ਅਪਡੇਟਸ ਵਿਚ ਜਿਥੇ ਡਿਜੀਟਲ ਪ੍ਰਿੰਟਾਂ ਦੀ ਰੰਗਤ ਦੇਖਣ ਨੂੰ ਮਿਲਣਗੇ ਉਥੇ ਟ੍ਰੈਡੀਸ਼ਨਲ ਰੰਗ ਵੀ ਛਾਏ ਰਹਿਣਗੇ।

**ਗੋਲਡਨ ਬਾਰਡਰ** ਫ਼ੈਸ਼ਨ ਵਿਚ ਇਨ ਗੋਲਡਨ ਬਾਰਡਰ ਇਸ ਵੇਡਿੰਗ ਸੀਜ਼ਨ ਵਿਚ ਕਾਫੀ ਪਸੰਦ ਕੀਤਾ ਜਾਵੇਗਾ। ਲਹਿੰਗਾ ਚੁੰਨੀ ਦਾ ਸ਼ਾਨਦਾਰ ਕੁਲੇਕਸ਼ਨ ਲਾਂਚ ਕੀਤਾ ਗਿਆ ਹੈ। ਰੰਗਾਂ ਦੇ ਨਾਲ ਗੋਲਡਨ ਬਾਰਡਰ ਦਾ ਫਿਊਜ਼ਨ ਦਿਤਾ ਗਿਆ ਹੈ। ਇਸ ਤੋਂ ਇਲਾਵਾ ਲੇਅਰਸ ਵੀ ਪਹਿਲਾਂ ਨਾਲੋਂ ਜ਼ਿਆਦਾ ਦੇਖਣ ਨੂੰ ਮਿਲ ਰਹੇ ਹਨ।

**ਹੈਵੀ ਵਰਕ ਲਹਿੰਗਾ** ਕਢਾਈ ਦਾ ਕੰਮ ਇਕ ਵਾਰ ਫਿਰ ਤੋਂ ਫ਼ੈਸ਼ਨ ਵਿਚ ਹੈ। ਐਲੀਗੈਂਟ ਅਤੇ ਲਾਈਟ ਵੈਟ ਦੇ ਹਿਸਾਬ ਨਾਲ ਕਢਾਈ ਦਾ ਕੰਮ ਪਸੰਦ ਕੀਤਾ ਜਾਂਦਾ ਹੈ। ਜਰੀ ਦੀ ਕਢਾਈ ਦੇ ਕੰਮ ਨਾਲ ਸਜਿਆ ਲਹਿੰਗਾ ਵੀ ਕਾਫੀ ਪਸੰਦ ਕੀਤਾ ਜਾ ਰਿਹਾ ਹੈ। ਇਸ ਨਾਲ ਨੇਟ ਦੀ ਕਢਾਈ ਵਾਲੀ ਚੁੰਨੀ ਖੂਬ ਫਬਦੀ ਹੈ।

**ਲਹਿੰਗਾ ਵਿਦ ਲਾਂਗ ਕੁੜਤੀ** ਟ੍ਰੈਡੀਸ਼ਨਲ ਲਹਿੰਗਾ ਚੋਲੀ ਵਿਚ ਕੁਝ ਨਵਾਂਪਨ ਲਿਆਉਣ ਲਈ ਫ਼ੈਸ਼ਨ ਡਿਜ਼ਾਈਨਰ ਕਾਫੀ ਇਨੋਵੇਸ਼ਨ ਕਰ ਰਹੇ ਹਨ। ਖਾਸ ਕਰਕੇ ਲਹਿੰਗੇ ਦੇ ਨਾਲ ਸਟਾਇਲਿਸ਼ ਟ੍ਰੈਂਡਸ ਦੇਖਣ ਨੂੰ ਮਿਲ ਰਹੇ ਹਨ। ਲਹਿੰਗਾ ਵਿਦ ਲਾਂਗ ਕੁੜਤੀ ਵੀ ਕਾਫੀ ਪਸੰਦ ਕੀਤਾ ਜਾ ਰਿਹਾ ਹੈ। ਨੇਟ ਬੇਸ 'ਤੇ ਤਿਆਰ ਇਹ ਲਾਂਗ ਕੁੜਤੀ ਲਹਿੰਗਾ ਨਿਊ ਲੁਕ ਦਿੰਦੇ ਹਨ। ਇਸ 'ਤੇ ਜਰੀ ਦਾ ਕੰਮ ਵੀ ਦੇਖਣ 'ਚ ਬਹੁਤ ਸੋਹਣਾ ਲਗਦਾ ਹੈ। ਨਾਲ ਹੀ ਰਵਾਇਤੀ ਰੰਗਾਂ ਦੀ ਵਰਤੋਂ ਵੀ ਕੀਤੀ ਗਈ ਹੈ।









# ਟ੍ਰੈਡੀਸ਼ਨਲ ਅਤੇ ਟ੍ਰੈਂਡੀ ਵੀ ਰਾਜਸਥਾਨੀ ਜਿਊਲਰੀ

ਤਿਉਹਾਰਾਂ ਤੋਂ ਬਾਅਦ ਵਿਆਹਾਂ ਦਾ ਸੀਜ਼ਨ ਵੀ ਪੂਰੇ ਜੋਬਨ 'ਤੇ ਆ ਜਾਂਦਾ ਹੈ। ਅਜਿਹੇ ਵਿਚ ਤੁਸੀਂ ਜ਼ਰੂਰ ਇਹ ਸੋਚ ਰਹੇ ਹੋਵੋਗੇ ਕਿ ਜਿਊਲਰੀ ਵਿਚ ਕਿਸ ਤਰ੍ਹਾਂ ਦੇ ਟ੍ਰੈਂਡ ਨੂੰ ਅਪਨਾਇਆ ਜਾਵੇ? ਜਦੋਂ ਅਜਿਹੀ ਚਰਚਾ ਹੋਵੇ ਤਾਂ ਰਾਜਸਥਾਨੀ ਜਿਊਲਰੀ ਦਾ ਕੋਈ ਸਾਨੀ ਨਹੀਂ ਹੈ। ਬਾਜੂਬੰਦ, ਹੱਥਫੁੱਲ, ਬੋੜਲਾ ਵਰਗੀ ਟ੍ਰੈਡੀਸ਼ਨਲ ਰਾਜਪੂਤੀ ਰਾਜਸਥਾਨੀ ਗਹਿਣਿਆਂ ਨੂੰ ਅੱਜ ਕਾਫੀ ਪਸੰਦ ਕੀਤਾ ਜਾ ਰਿਹਾ ਹੈ। ਇਹ ਟ੍ਰੈਡੀਸ਼ਨਲ ਹੋਣ ਦੇ ਨਾਲ ਨਾਲ ਬੇਹੱਦ ਟ੍ਰੈਂਡੀ ਵੀ ਹੈ। **ਬੋਡਲਾ** : ਰਾਜਸਥਾਨੀ ਬੋਡਲਾ ਦਾ ਫ਼ੈਸ਼ਨ ਰਾਜਸੀ ਲੁਕ ਦਿੰਦਾ ਹੈ। ਇਹ ਸਦਾਬਹਾਰ ਹੈ। ਤਿਉਹਾਰਾਂ ਤੋਂ ਲੈ ਕੇ ਵਿਆਹਾਂ ਵਿਚ ਤੁਸੀਂ ਰਾਜਸਥਾਨੀ ਬੋਡਲਾ ਨੂੰ ਆਪਣੇ ਲੁਕ ਵਿਚ ਸ਼ਾਮਲ ਕਰ ਸਕਦੇ ਹੋ। ਬਾਜੂਬੰਦ : ਬਾਜੂਬੰਦ ਹੁਣ ਤਾਂ ਵੈਸਟਰਨ ਡਰੈਸ ਨਾਲ ਵੀ ਪਹਿਨਿਆ ਜਾਣ ਲੱਗ ਪਿਆ ਹੈ। ਇਸ ਤੋਂ ਤੁਸੀਂ ਇਸ ਦੀ ਲੋਕਪ੍ਰਿਅਤਾ ਦਾ ਅੰਦਾਜ਼ਾ ਲਗਾ ਸਕਦੇ ਹੋ। ਤੁਸੀਂ ਬਾਜੂਬੰਦ ਪਹਿਨ ਕੇ ਖੁਦ ਵੀ ਗਾਰਜੀਅਸ ਲੁਕ ਅਪਨਾ ਸਕਦੀ ਹੋ। **ਆਡ** : ਬੋਡਲਾ ਵਾਂਗ ਹੀ ਆਡ ਵੀ ਕਾਫੀ ਮਸ਼ਹੂਰ ਗਹਿਣਾ ਹੈ। ਗਲੇ ਨਾਲ ਚਿਪਕਿਆ ਹੋਇਆ ਇਹ ਨੈਕਲੇਸ ਨਾ ਸਿਰਫ ਗਲੇ ਬਲਕਿ ਪੂਰੇ ਵਿਅਕਤੀਤਵ ਦੀ ਸ਼ਾਨ ਵਧਾ ਦਿੰਦਾ ਹੈ। ਤੁਸੀਂ ਸਿਰਫ਼ ਆਡ ਅਤੇ ਈਅਰਰਿੰਗ ਪਹਿਨ ਕੇ ਖੁਦ ਨੂੰ ਵਖਰਾ ਦਰਸਾ ਸਕਦੇ ਹੋ। **ਪੀਕਾਕ ਰਿੰਗ** : ਰਿੰਗ ਵਿਚ ਤੁਸੀਂ ਪੀਕਾਕ ਰਿੰਗ ਨੂੰ ਆਪਣੀ ਰਾਜਸਥਾਨੀ ਜਿਊਲਰੀ ਨਾਲ ਜੋੜ ਕੇ ਆਪਣੇ ਲੁਕ ਨੂੰ ਪੂਰਾ ਕਰ ਸਕਦੀ ਹੈ। ਗੋਲਡ, ਅਨਕਟ ਡਾਇਮੰਡ ਤੋਂ ਇਲਾਵਾ ਕੁੰਦਨ, ਪੋਲਕਾ ਅਤੇ ਮੀਨਾਕਾਰੀ ਇਨ੍ਹੀਂ ਦਿਨੀਂ ਇਨ੍ਹਾਂ ਤੋਂ ਬਿਨਾ ਇਨ੍ਹਾਂ ਰਾਜਸਥਾਨੀ ਗਹਿਣਿਆਂ ਦੀ ਸਭ ਤੋਂ ਜ਼ਿਆਦਾ ਮੰਗ ਹੈ ਜਿਸ ਵਿਚ ਐਮਰਲਡ, ਸਫਾਇਰ ਅਤੇ ਰੂਬੀ ਨੂੰ ਜੋੜਿਆ ਗਿਆ ਹੈ। ਜੇ ਤੁਹਾਡਾ ਬਜਟ ਬਹੁਤ ਜਿਆਦਾ ਹੈ ਤੁਸੀਂ ਉਨ੍ਹਾਂ ਦੀ ਵਰਤੋਂ ਆਪਣੇ ਰਾਜਸਥਾਨੀ ਸਟਾਈਲ ਜਿਊਲਰੀ ਨੂੰ ਹੋਰ ਵੀ ਆਕਰਸ਼ਕ ਬਣਾ ਸਕਦੇ ਹੋ।

# ਦੁਲਹਨ ਦੇ ਪੈਰਾਂ ਦਾ ਸ਼ਿੰਗਾਰ

ਦੁਲਹਨ ਦੇ ਪਹਿਰਾਵੇ, ਮੇਕਅਪ ਜਿੰਨੀ ਹੀ ਅਹਿਮੀਅਤ ਰਖਦੇ ਹਨ ਉਸਦੇ ਫੁਟਵੀਅਰ। ਕੀ ਹੈ ਟ੍ਰੈਂਡ ਆਓ ਜਾਣੀਏ...

ਦੁਲਹਨ ਨੂੰ ਆਪਣੇ ਲਹਿੰਗੇ ਅਤੇ ਜਿਊਲਰੀ ਨਾਲ ਫੁਟਵੀਅਰ ਦਾ ਵੀ ਚੰਗਾ ਕਲੈਕਸ਼ਨ ਰੱਖਣਾ ਚਾਹੀਦਾ ਹੈ ਕਿਉਂਕਿ ਕਿਸੇ ਆਊਟਫਿਟ ਨੂੰ ਕੰਪਲੀਟ ਲੁਕ ਦੇਣ ਲਈ ਇਹ ਬਹੁਤ ਜ਼ਰੂਰੀ ਹੈ। ਅੱਜ ਕੱਲ੍ਹ ਕੰਪਲੀਟ ਟ੍ਰੈਡੀਸ਼ਨਲ ਅਤੇ ਪੂਰੇ ਵੈਸਟਰਨ ਦੀ ਬਜਾਏ ਇੰਡੋਵੈਸਟਰਨ ਸਟਾਈਲ ਜ਼ਿਆਦਾ ਪਸੰਦ ਕੀਤੇ ਜਾ ਰਹੇ ਹਨ। ਭਾਵ ਅਜਿਹੇ ਫੁਟਵੀਅਰ ਹੋਰ ਵੀ ਜ਼ਿਆਦਾ ਪਸੰਦ ਕੀਤੇ ਜਾ ਰਹੇ ਹਨ ਜਿਨ੍ਹਾਂ ਨੂੰ ਇੰਡੀਅਨ ਅਤੇ ਵੈਸਟਰਨ ਦੋਵੇਂ ਤਰ੍ਹਾਂ ਦੇ ਪਹਿਰਾਵਿਆਂ ਨਾਲ ਪਹਿਨਿਆ ਜਾ ਸਕੇ। ਅੱਜ ਕੱਲ੍ਹ ਗੋਲਡਨ ਫੁਟਵੀਅਰ ਦੁਲਹਨਾਂ ਜ਼ਿਆਦਾ ਪਸੰਦ ਕਰ ਰਹੀਆਂ ਹਨ। ਬੇਜ, ਲਾਲ, ਸਟੀਲ ਗ੍ਰੇਅ ਰੰਗ ਇਸ ਸੀਜ਼ਨ ਵਿਚ ਖੂਬ ਪਸੰਦ ਕੀਤੇ ਜਾ ਰਹੇ ਹਨ। ਲਹਿੰਗਾ ਗਾਊਨ, ਸਾੜੀ ਆਦਿ ਨਾਲ ਹਾਈ ਹੀਲ ਵਾਲੇ ਫੁਟਵੀਅਰ ਹੀ ਚੰਗੇ ਲਗਦੇ ਹਨ।

# ਪਈਆਂ ਚਾਟੀਆਂ ਵਿੱਚ ਮਧਾਣੀਆਂ ਨੀ...

ਪੰਜਾਬੀ ਸਮਾਜਿਕ ਵਰਤਾਰੇ ਵਿੱਚੋਂ ਬਹੁਤ ਸਾਰੇ ਅਜਿਹੇ ਸੰਦ ਅਤੇ ਵਸਤੂਆਂ ਲੋਪ ਹੁੰਦੇ ਜਾ ਰਹੇ ਹਨ, ਜਿਹੜੇ ਕੁਝ ਸਮਾਂ ਪਹਿਲਾਂ ਇਸ ਦਾ ਅਟੁੱਟ ਹਿੱਸਾ ਰਹੇ ਹਨ ਜਾਂ ਫਿਰ ਇਨ੍ਹਾਂ ਦੇ ਨਵੇਂ ਰੂਪ ਅਤੇ ਵਿਕਲਪ ਸਾਹਮਣੇ ਆ ਗਏ ਹਨ। ਅਜਿਹੇ ਹੀ ਸੰਦਾਂ ਜਾਂ ਵਸਤੂਆਂ ਵਿੱਚੋਂ ਮਧਾਣੀ ਵੀ ਇੱਕ ਹੈ ਜੋ ਕਿ ਹਰ ਘਰ ਵਿੱਚ ਦੁੱਧ ਰਿੜਕਣ ਲਈ ਵਰਤੋਂ ਵਿੱਚ ਲਿਆਂਦੀ ਜਾਂਦੀ ਰਹੀ ਹੈ। ਪਹਿਲਾਂ ਹੱਥੀਂ ਕੰਮ ਕਰਨ ਕਰਕੇ ਚੰਗੀ ਖ਼ੁਰਾਕ ਲੋੜੀਂਦੀ ਹੁੰਦੀ ਸੀ, ਸਾਰੇ ਕੰਮ ਸਰੀਰਿਕ ਹੁੰਦੇ ਸੀ, ਸਰੀਰਿਕ ਤੰਦਰੁਸਤੀ ਅਤੇ ਜ਼ੋਰ ਇਨ੍ਹਾਂ ਕੰਮਾਂ-ਕਾਰਾਂ ਵਾਸਤੇ ਅਤਿ ਜ਼ਰੂਰੀ ਸੀ। ਸਿਆਣੇ ਆਮ ਕਹਿੰਦੇ ਹੁੰਦੇ ਸਨ, 'ਦੱਬ ਕੇ ਵਾਹ ਤੇ ਰੱਜ ਕੇ ਖਾਹ' ਪਰ ਜੇ ਇਸ ਗੱਲ ਨੂੰ ਉਲਟਾ ਕੇ ਵੇਖੀਏ ਤਾਂ ਦੱਬ ਕੇ ਵੀ ਉਹੀ ਵਾਹ ਸਕਦਾ ਸੀ ਜੋ ਰੱਜ ਕੇ ਖਾਂਦਾ ਸੀ ਤੇ ਖਾਣ ਵਾਸਤੇ ਉਦੋਂ ਦੇਸੀ ਖ਼ੁਰਾਕਾਂ ਹੁੰਦੀਆਂ ਸੀ। ਘਰਾਂ ਵਿੱਚ ਚੰਗੀਆਂ ਲਵੇਰੀਆਂ ਰੱਖੀਆਂ ਹੋਣੀਆਂ ਤੇ ਦੁੱਧ, ਦਹੀਂ ਆਦਿ ਖੁੱਲ੍ਹਾ ਹੋਣਾ। ਘਰ-ਘਰ ਸਵੇਰੇ ਤੜਕੇ ਹੀ ਮਧਾਣੀਆਂ ਦੀ ਘੁੱਕਰ ਸੁਣਾਈ ਦੇਣ ਲੱਗਦੀ ਸੀ। ਵਾਰਿਸ ਸ਼ਾਹ ਆਪਣੀ ਸ਼ਾਹਕਾਰ ਰਚਨਾ ਹੀਰ ਵਿੱਚ ਵੀ ਮੱਧਕਾਲੀ ਪੰਜਾਬ ਦੀ ਚੜ੍ਹਦੀ ਸਵੇਰ ਦਾ ਸੁੰਦਰ ਤੇ ਦਿਲ ਖਿੱਚਵਾਂ ਚਿੱਤਰ ਸ਼ਬਦਾਂ ਰਾਹੀਂ ਬਿਆਨ ਕਰਦਾ ਹੈ।

ਚਿੜੀ ਚੂਕਦੀ ਨਾਲ ਉੱਠ ਤੁਰੇ ਪਾਂਧੀ
ਪਈਆਂ ਚਾਟੀਆਂ ਵਿੱਚ ਮਧਾਣੀਆਂ ਨੀ
ਇੱਕ ਉੱਠ ਕੇ ਰਿੜਕਣਾ ਪਾਇ ਦਿੱਤਾ
ਇੱਕ ਧੋਂਦੀਆਂ ਫਿਰਨ ਮਧਾਣੀਆਂ ਨੀ

ਕਾੜ੍ਹਨੀ ਵਿੱਚ ਰੱਖੇ ਦੁੱਧ ਨੂੰ ਰਾਤੀਂ ਖੱਟਾ ਲਾ ਕੇ ਤੇ ਸਵੇਰੇ ਚਾਟੀ ਨੂੰ ਘੜੋਂਜ਼ੀ ਉੱਤੇ ਰੱਖ ਕੇ ਵਿੱਚ ਮਧਾਣੀ ਪਾ ਕੇ ਸੁਆਣੀ ਬੜੀ ਰੀਝ ਅਤੇ ਪਿਆਰ ਨਾਲ ਦੁੱਧ ਰਿੜਕਦੀ ਤੇ ਨਾਲ ਹੀ ਉਹ ਗੁਣ-ਗੁਣਾਉਂਦੀ ਹੋਈ ਮਨ ਦੇ ਭਾਵ ਅਤੇ ਵਲਵਲਿਆਂ ਦਾ ਵਿਵੇਚਨ ਵੀ ਕਰਦੀ। ਇਹ ਬੋਲੀਆਂ ਜਾਂ ਗੀਤ ਗਿੱਧੇ ਦਾ ਸ਼ਿੰਗਾਰ ਵੀ ਹੁੰਦੇ।

× ਕੋਰੇ ਕੋਰੇ ਕੁੱਜੇ ਵਿੱਚ ਦਹੀਂ ਮੈਂ ਜਮਾਉਂਦੀ ਆਂ
ਤੜਕੇ ਉੱਠ ਕੇ ਰਿੜਕਾਂਗੇ
ਛੜੇ ਆਉਣਗੇ ਲੱਸੀ ਨੂੰ ਝਿੜਕਾਂਗੇ
× ਮਧਾਣੀ ਮੇਰੀ ਰੰਗਲੀ ਤੇ ਚਾਟੀ ਮੇਰੀ ਕੋਰੀ
ਅੱਧ ਰਿੜਕੇ ਦਾ ਛੰਨਾ ਪੀ ਜਾ
ਸੱਸ ਚੰਦਰੀ ਤੋਂ ਚੋਰੀ।

ਮਧਾਣੀ ਨੂੰ ਗੇੜਨ ਲਈ ਉਸ ਦੇ ਵਿਚਕਾਰਲੇ ਘੇਰਨੇ ਵਿੱਚ ਸਣ ਦੀ ਰੱਸੀ ਦੇ ਸਿਰੇ 'ਤੇ ਦੋ ਗੁੱਲੀਆਂਨੁਮਾ ਲੱਕੜੀਆਂ ਦੀਆਂ ਛੋਟੀਆਂ-



ਛੋਟੀਆਂ ਡੰਡੀਆਂ ਲੱਗੀਆਂ ਹੁੰਦੀਆਂ ਜਾਂ ਸਿਰਿਆਂ 'ਤੇ ਗੰਢਾਂ ਦਿੱਤੀਆਂ ਹੁੰਦੀਆਂ ਤਾਂ ਕਿ ਹੱਥਾਂ ਦੀ ਪਕੜ ਰੱਸੀ 'ਤੇ ਬਣੀ ਰਹੇ। ਚਾਟੀ ਵਿੱਚ ਮਧਾਣੀ ਨੂੰ ਉੱਪਰ ਥੱਲੇ ਕਰਨ ਵਾਸਤੇ ਮਧਾਣੀ ਦੇ ਸ਼ਿਕੰਜੇ ਵਿੱਚ ਦੋਵਾਂ ਪਾਸੇ ਸੁਰਾਖਾਂ ਵਿੱਚ ਕਿੱਲ ਵਗੈਰਾ ਫਸਾਏ ਹੁੰਦੇ ਸਨ। ਬਹੁਤ ਸਾਰਾ ਲੋਕ-ਕਾਵਿ ਮਧਾਣੀ ਦੇ ਗੇੜਿਆਂ ਦੁਆਲੇ ਸਿਰਜਿਆ ਗਿਆ ਹੈ। ਨਵੀਂ ਸੱਜ ਵਿਆਹੀ ਜਦੋਂ ਦੁੱਧ ਰਿੜਕਦੀ ਤਾਂ ਉਹ ਨਜ਼ਾਰੇ ਹੀ ਕੁਝ ਹੋਰ ਹੁੰਦੇ। ਲੋਕ ਗੀਤਾਂ ਵਿੱਚ ਵੀ ਸੱਜ ਵਿਆਹੀ ਮੁਟਿਆਰ ਦੇ ਦੁੱਧ ਰਿੜਕਣ ਨੂੰ ਬਹੁਤ ਸੁੰਦਰਤਾ ਨਾਲ ਪੇਸ਼ ਕੀਤਾ ਗਿਆ ਹੈ:

**ਲਖਬੀਰ ਸਿੰਘ ਦੌਦਪੁਰ**

ਦੁੱਧ ਰਿੜਕੇ ਝਾਂਜਰਾਂ ਵਾਲੀ
ਕੈਂਠੇ ਵਾਲਾ ਧਾਰ ਕੱਢਦਾ

ਸਮਾਜਿਕ ਵਰਤਾਰੇ ਅੰਦਰ ਮਧਾਣੀ ਅਜਿਹਾ ਅੰਗ ਬਣ ਗਈ ਸੀ ਕਿ ਇਸ ਨੂੰ ਪੰਜਾਬੀ ਜਨ-ਜੀਵਨ ਵਿੱਚ ਅਨਿੱਖੜਵੀਂ ਥਾਂ ਪ੍ਰਾਪਤ ਸੀ। ਦੀਵਾਲੀ ਮੌਕੇ ਕਈ ਇਲਾਕਿਆਂ ਵਿੱਚ ਗੋਧਨ ਪੂਜਾ ਵੇਲੇ ਕਈ ਸੰਦ ਜਿਵੇਂ ਪੰਜਾਲੀ, ਪੈਣੀ, ਮੱਝਾਂ ਚਾਰਨ ਵਾਲੇ ਪਾਲੀ ਦੀ ਸੋਟੀ ਦੇ ਨਾਲ-ਨਾਲ ਗੋਧਨ ਦੇ ਵਿੱਚੋਂ-ਵਿੱਚ ਮਧਾਣੀ ਨੂੰ ਲਾਲ ਖੰਭਣੀ ਬੰਨ੍ਹ ਕੇ ਰੱਖਿਆ ਜਾਂਦਾ ਅਤੇ ਪੂਜਾ ਕੀਤੀ ਜਾਂਦੀ। ਕਈ ਵਾਰ ਬਿਨਾਂ ਕਿਸੇ ਗੱਲ ਤੋਂ ਵਧੇ ਝਗੜੇ ਜਾਂ ਵਾਧੂ ਦੇ ਵਾਦ-ਵਿਵਾਦ ਲਈ ਇਹ ਮੁਹਾਵਰਾ ਆਮ ਵਰਤਿਆ ਜਾਂਦਾ ਹੈ ਕਿ 'ਤੁਸੀਂ ਤਾਂ ਐਵੇਂ ਪਾਣੀ ਵਿੱਚ ਮਧਾਣੀ ਪਾ ਲਈ ਹੈ।'

ਇਸ ਤੋਂ ਬਿਨਾਂ ਮਿਥਿਹਾਸ ਵਿੱਚ ਇਹ ਮੰਨਿਆ ਜਾਂਦਾ ਹੈ ਕਿ ਜਦੋਂ ਅੰਮ੍ਰਿਤ ਪ੍ਰਾਪਤੀ ਲਈ ਸੁਰਾਂ ਤੇ ਅਸੁਰਾਂ ਵੱਲੋਂ ਸਾਗਰ ਮੰਥਨ ਕੀਤਾ ਗਿਆ ਤਾਂ ਸ਼ੇਸ਼ਨਾਗ ਨੂੰ ਰੱਸੀ ਦੀ ਥਾਂ ਵਰਤ ਕੇ ਮੇਰੂ ਪਰਬਤ ਨੂੰ ਮਧਾਣੀ ਦੀ ਥਾਂ ਵਰਤਿਆ ਗਿਆ ਤੇ ਅੰਮ੍ਰਿਤ ਪ੍ਰਾਪਤ ਹੋਇਆ। ਇਸ ਤੋਂ ਬਿਨਾਂ ਗੁਰਬਾਣੀ ਵਿੱਚ ਵੀ ਗੁਰੂ ਸਾਹਿਬ ਬੁਰੇ ਕੰਮ ਕਰਨ ਵਾਲੇ ਅਤੇ ਪਾਪੀ ਮਨੁੱਖਾਂ ਨੂੰ ਧਰਮਰਾਜ ਵੱਲੋਂ ਦਿੱਤੀ ਜਾਣ ਵਾਲੀ ਸਜ਼ਾ ਨੂੰ ਮਧਾਣੀ ਦੇ ਮਿੱਥਣ ਨਾਲ ਤੁਲਨਾ ਕਰਦੇ ਹਨ :

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥
ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧਰਮ ਰਾਇ॥੯॥

ਅਜੋਕੇ ਸਮੇਂ ਹਰ ਬੰਦਾ ਮਹਿੰਗਾਈ ਦੀ ਮਾਰ ਹੇਠ ਹੈ। ਭਾਵੇਂ ਪਿੰਡਾਂ ਵਿੱਚ ਮੱਝਾਂ, ਲਵੇਰੀਆਂ ਅੱਜ ਵੀ ਲੋਕੀਂ ਰੱਖਦੇ ਹਨ, ਪਰ ਉਹ ਆਪਣੀ ਆਰਥਿਕਤਾ ਨੂੰ ਸਹੀ ਲੀਹ 'ਤੇ ਰੱਖਣ ਹਿੱਤ ਦੁੱਧ ਵੇਚਣ ਨੂੰ ਸਹਾਇਕ ਧੰਦੇ ਵਜੋਂ ਚਲਾ ਰਹੇ ਹਨ। ਹੁਣ ਮੱਖਣ, ਲੱਸੀ, ਪਿੰਡਾਂ ਦੇ ਕੁਝ ਕੁ ਸਰਦੇ-ਪੁੱਜਦੇ ਘਰਾਂ ਵਿੱਚ ਹੀ ਮਿਲਦੇ ਹਨ ਅਤੇ ਲੱਕੜ ਦੀਆਂ ਮਧਾਣੀਆਂ ਬੀਤੇ ਸਮੇਂ ਦੀ ਗੱਲ ਹੋ ਗਈ ਹੈ। ਜਿੱਥੇ ਹੁਣ ਬਿਜਲੀ ਨਾਲ ਚੱਲਣ ਵਾਲੀ ਮਧਾਣੀ ਵਰਤੀ ਜਾਂਦੀ ਹੈ ਉੱਥੇ ਭਾਂਡੇ ਵੀ ਧਾਤੂ ਦੇ ਵਰਤੇ ਜਾਣ ਲੱਗ ਪਏ ਹਨ, ਨਾ ਲੱਸੀ ਦਾ ਕੁਦਰਤੀ ਸੁਆਦ ਤੇ ਨਾ ਹੱਥਾਂ ਦੀ ਮੋਹ ਭਰੀ ਛੋਹ। ਅੱਜ ਮੰਡੀਕਰਨ ਦੇ ਦੌਰ ਵਿੱਚ ਦੁੱਧ, ਦਹੀਂ ਦੇ ਬਣੇ ਉਤਪਾਦ ਬਾਜ਼ਾਰ ਵਿੱਚ ਵੱਖ-ਵੱਖ ਤਰ੍ਹਾਂ ਦੀ ਪੈਕਿੰਗ ਵਿੱਚ ਉਪਲੱਬਧ ਹਨ ਤੇ ਸਾਡਾ ਪੁਰਾਣਾ ਸੱਭਿਆਚਾਰ ਇਸ ਦੀ ਭੇਟ ਚੜ੍ਹਦਾ ਜਾ ਰਿਹਾ ਹੈ ਤੇ ਨਾਲ ਹੀ ਉਹ ਲੋਕ-ਕਾਵਿ ਵੀ ਜਿਹੜਾ ਇਨ੍ਹਾਂ ਵਸਤਾਂ ਤੇ ਸੰਦਾਂ ਦੁਆਲੇ ਉਪਜਦਾ ਤੇ ਆਪਣੀ ਹੋਂਦ ਨਾਲ ਸਾਡੀ ਅਲੱਗ ਪਛਾਣ ਦਾ ਲਖਾਇਕ ਬਣਿਆ ਹੋਇਆ ਹੈ।

ਸੰਪਰਕ: 99924-00948

# ਮੱਧਮ ਨਾ ਹੋਣ ਦਿਓ ਰੌਸ਼ਨੀਆਂ

ਆਦਮੀ ਦੇ ਢਲਦੇ ਸਰੀਰ ਨੂੰ ਬੁਢਾਪਾ ਕਿਹਾ ਗਿਆ ਹੈ। ਲਗਾਤਾਰ ਜੀਵਨ ਜਿਊਂਦਿਆਂ ਆਦਮੀ ਦੇ ਸਰੀਰ ਦੀਆਂ ਗ੍ਰੰਥੀਆਂ ਥੱਕ ਜਾਂਦੀਆਂ ਹਨ। ਚਮੜੀ ਸੁੰਗੜਨ ਲੱਗਦੀ ਹੈ। ਅੱਖਾਂ ਦੀ ਰੌਸ਼ਨੀ ਅਤੇ ਕੰਨਾਂ ਦੀ ਸੁਣਨ ਸ਼ਕਤੀ ਘੱਟ ਜਾਂਦੀ ਹੈ। ਦੰਦ ਡਿੱਗਣ ਲੱਗ ਪੈਂਦੇ ਹਨ। ਵਾਲ ਸਫ਼ੈਦ ਹੋਣ ਲੱਗਦੇ ਹਨ। ਚੱਲਦਿਆਂ ਚੱਲਦਿਆਂ ਜਿਵੇਂ ਮਸ਼ੀਨ ਘਸਣ ਲੱਗਦੀ ਹੈ, ਉਸੇ ਤਰ੍ਹਾਂ ਆਦਮੀ ਦੇ ਸਰੀਰ ਰੂਪੀ ਪੁਰਜੇ ਵੀ ਘਸਣ ਲੱਗਦੇ ਹਨ। ਇਸੇ ਦਾ ਨਾਮ ਬੁਢਾਪਾ ਹੈ। ਜਿਸ ਦਿਨ ਇਹ ਮਸ਼ੀਨ ਕੰਮ ਕਰਨਾ ਬੰਦ ਕਰ ਦਿੰਦੀ ਹੈ, ਉਹ ਛਿਣ ਮੌਤ ਕਹਾਉਂਦਾ ਹੈ।



ਆਦਮੀ ਦੀ ਮੌਤ ਵੱਲ ਵਧਦੀ ਢਲਾਨ ਦੋ ਤਰ੍ਹਾਂ ਦੀ ਹੁੰਦੀ ਹੈ। ਇੱਕ ਸ਼ਾਨਦਾਰ, ਦੂਜੀ ਘਟੀਆ। ਸ਼ਾਨਦਾਰ ਢਲਾਣ ਵਾਲੇ ਬੰਦੇ ਦੇ ਚਿਹਰੇ ਉੱਤੇ ਰੌਣਕ, ਬੁੱਲ੍ਹਾਂ ਉੱਤੇ ਮੁਸਕਾਨ, ਕੰਮ ਕਰਨ ਵਿੱਚ ਦਿਲਚਸਪੀ ਅਤੇ ਜਵਾਨਾਂ ਵਰਗੀ ਫੁਰਤੀ ਹੁੰਦੀ ਹੈ। ਘਟੀਆ ਢਲਾਣ ਵਾਲੇ ਬੰਦੇ ਮੰਜੇ ਉੱਤੇ ਅੱਡੀਆਂ ਗੋਡੇ ਰਗੜ-ਰਗੜ ਕੇ ਅਤੇ ਸਿਸਕੀਆਂ ਭਰਦੇ ਹੋਏ ਦਮ ਤੋੜਦੇ ਹਨ। ਕੀ ਤੁਸੀਂ ਅਜਿਹੀ ਮੌਤ ਮਰਨਾ ਪਸੰਦ ਕਰੋਗੇ ? ਨਹੀਂ ਨਾ! ਅਜਿਹੀ ਦਰਦਨਾਕ ਮੌਤ ਤੋਂ ਤਾਂ ਹੀ ਬਚਿਆ ਜਾ ਸਕਦਾ ਹੈ ਜੇਕਰ ਤੁਹਾਡੇ ਮਨ ਵਿੱਚ ਹਰ ਵੇਲੇ ਜਵਾਨ ਬਣੇ ਰਹਿਣ ਦੀ ਭਾਵਨਾ ਬਣੀ ਰਹੇ। ਇਸ ਭਾਵਨਾ ਨੂੰ ਬਰਕਰਾਰ ਰੱਖਣਾ ਕਿਸੇ ਸਾਧਨਾ ਤੋਂ ਘੱਟ ਨਹੀਂ ਹੁੰਦਾ। ਚਾਲੀ-ਪੰਜਾਹ ਪਾਰ ਕਰਦਿਆਂ ਹੀ ਸਾਡੇ ਲਈ ਸੰਬੋਧਨ ਬਦਲ ਜਾਂਦੇ ਹਨ। ਚਾਚਾ ਜੀ, ਤਾਇਆ ਜੀ, ਮਾਮਾ ਜੀ। ਪੈਰ-ਪੈਰ 'ਤੇ ਇਹ ਸੰਬੋਧਨ ਸਾਨੂੰ ਬੁਢਾਪੇ ਦਾ ਅਹਿਸਾਸ ਕਰਾਉਂਦੇ ਰਹਿੰਦੇ ਹਨ। ਖ਼ਾਸਕਰ ਔਰਤਾਂ ਨੂੰ ਮਾਤਾ ਜੀ, ਤਾਈ ਜੀ ਸ਼ਬਦ ਤੋਂ ਚਿੜ ਹੁੰਦੀ ਹੈ। ਸਿਰਫ਼ ਇੱਕ 'ਭੈਣ ਜੀ' ਦਾ ਸੰਬੋਧਨ ਹੀ ਉਨ੍ਹਾਂ ਲਈ ਸੁਖਦ ਹੁੰਦਾ ਹੈ। ਆਦਮੀ ਵੀ ਇਸ ਤਰ੍ਹਾਂ ਦੇ 'ਬੁੱਢਾ' ਹੋਣ ਦੇ ਸੰਬੋਧਨ ਸੁਣ ਕੇ ਅੰਦਰੋਂ ਅੰਦਰੀ ਬਹੁਤ ਔਖੇ ਹੁੰਦੇ ਹਨ। ਇਸ ਅਹਿਸਾਸ ਦੇ ਹੁੰਦਿਆਂ ਆਪਣੇ ਆਪ ਨੂੰ ਸਦਾ ਜਵਾਨ ਸਮਝਣਾ ਜਾਂ ਬੁੱਢਾ ਨਾ ਸਮਝਣ ਦੀ ਭਾਵਨਾ ਨੂੰ ਮਨ ਵਿੱਚ ਕਾਇਮ ਰੱਖਣਾ ਕਿਸੇ ਤਪੱਸਿਆ ਤੋਂ ਘੱਟ ਨਹੀਂ ਹੁੰਦਾ ਕਿਉਂਕਿ ਚੁਸਤੀ-ਫੁਰਤੀ ਜਾਂ ਗੱਭਰੂਆਂ ਵਰਗੀ ਚਾਲ ਢਾਲ ਵਿਖਾਉਣਾ ਸਾਨੂੰ ਮਖੌਲ ਦਾ ਪਾਤਰ ਵੀ ਬਣਾ ਦਿੰਦਾ ਹੈ। ਇਨ੍ਹਾਂ ਹਾਲਾਤ ਦੇ ਹੁੰਦਿਆਂ ਆਪਣੇ ਆਪ ਨੂੰ ਜਵਾਨ ਬਣਾਈ ਰੱਖਣਾ ਸੱਚ-ਮੁਚ ਹੀ ਔਖਾ ਕੰਮ ਹੈ, ਪਰ ਫਿਰ ਵੀ ਜੇਕਰ ਅਸੀਂ ਇਹ ਅਹਿਸਾਸ ਬਣਾ ਕੇ ਰੱਖਦੇ ਹਾਂ ਤਾਂ ਹੀ ਬੁਢਾਪਾ ਸਫ਼ਲ ਹੋ ਸਕਦਾ ਹੈ। ਵੈਸੇ ਵੀ ਇਹ ਸਮਝਿਆ ਜਾਂਦਾ ਹੈ ਕਿ ਸਰੀਰ ਬੁੱਢਾ ਹੋ ਜਾਂਦਾ ਹੈ, ਪਰ ਮਨ ਸਦਾ ਜਵਾਨ ਬਣਿਆ ਰਹਿੰਦਾ ਹੈ।



**ਸੰਤੋਖ ਸਿੰਘ ਭਾਣਾ**

ਜੇਕਰ ਤੁਸੀਂ ਆਪਣੇ ਆਪ ਨੂੰ ਸਦਾ ਤਰੋਤਾਜ਼ਾ ਮਹਿਸੂਸ ਕਰਦੇ ਰਹੋ ਤਾਂ ਤੁਸੀਂ ਬੁਢਾਪੇ ਵਿੱਚ ਵੀ ਤੰਦਰੁਸਤ ਰਹਿ ਸਕਦੇ ਹੋ। ਇਹ ਕਦੇ ਨਾ ਸੋਚੋ ਕਿ ਅਸੀਂ ਬੁੱਢੇ ਹੋ ਗਏ ਹਾਂ ਅਤੇ ਮਿਹਨਤ ਨਹੀਂ ਕਰ ਸਕਦੇ। ਮਨ ਵਿੱਚ ਬੁਢਾਪੇ ਦਾ ਜ਼ਰਾ ਜਿੰਨਾ ਅਹਿਸਾਸ ਵੀ ਨਹੀਂ ਹੋਣਾ ਚਾਹੀਦਾ। ਜਿਵੇਂ ਹੀ ਤੁਸੀਂ ਬੁਢਾਪੇ ਦਾ ਅਹਿਸਾਸ ਕਰਨਾ ਸ਼ੁਰੂ ਕਰ ਦਿੰਦੇ ਹੋ ਉਦੋਂ ਹੀ ਤੁਹਾਡੇ ਹੱਥ ਪੈਰ ਢਿੱਲੇ ਹੋ ਜਾਂਦੇ ਹਨ। ਮਾਸਪੇਸ਼ੀਆਂ ਸੁੰਗੜ ਜਾਂਦੀਆਂ ਹਨ ਅਤੇ ਤੁਸੀਂ ਨਿਢਾਲ ਹੋ ਕੇ ਲੁੜਕ ਜਾਂਦੇ ਹੋ। ਤੁਹਾਡੀ ਇਸੇ ਕਮਜ਼ੋਰੀ ਦਾ ਲਾਭ ਉਠਾ ਕੇ ਹੀ ਤਰ੍ਹਾਂ ਤਰ੍ਹਾਂ ਦੀਆਂ ਬਿਮਾਰੀਆਂ ਤੁਹਾਡੇ ਉੱਤੇ ਹਮਲਾ ਕਰ ਦਿੰਦੀਆਂ ਹਨ ਅਤੇ ਤੁਸੀਂ ਮੰਜੇ ਨਾਲ ਮੰਜਾ ਹੋ ਜਾਂਦੇ ਹੋ।

ਬੁਢਾਪਾ ਸੋਚਣ ਨਾਲ ਆਉਂਦਾ ਹੈ। ਜੇਕਰ ਤੁਸੀਂ ਆਪਣੇ ਭੂਤਕਾਲ ਦੇ ਉਧੇੜ-ਬੁਣ ਵਿੱਚ ਨਹੀਂ ਪੈਂਦੇ, ਯਾਰਾਂ-ਦੋਸਤਾਂ, ਰਿਸ਼ਤੇਦਾਰਾਂ ਅਤੇ ਆਸ-ਪਾਸ ਦੇ ਲੋਕਾਂ ਨਾਲ ਮਾੜਾ ਵਤੀਰਾ ਨਹੀਂ ਕਰਦੇ, ਨਵੇਂ-ਨਵੇਂ ਕੰਮ ਕਰਨ ਤੋਂ ਜੀ ਨਹੀਂ ਚੁਰਾਉਂਦੇ ਤਾਂ ਬੁਢਾਪਾ ਤੁਹਾਡੇ ਨੇੜੇ ਫਟਕ ਵੀ ਨਹੀਂ ਸਕਦਾ। ਜਿਹੜੇ ਬੰਦੇ ਸਦਾ ਨਵੀਆਂ-ਨਵੀਆਂ ਗੱਲਾਂ ਸੋਚਦੇ ਰਹਿੰਦੇ ਹਨ, ਨਵੇਂ-ਨਵੇਂ ਕੰਮਾਂ ਵਿੱਚ ਹਰ ਵੇਲੇ ਦਿਲਚਸਪੀ ਰੱਖਦੇ ਹਨ, ਹਰ ਵੇਲੇ ਖ਼ੁਸ਼-ਖ਼ੁਸ਼ ਅਤੇ ਚੜ੍ਹਦੀ ਕਲਾ ਵਿੱਚ ਰਹਿੰਦੇ ਹਨ ਉਹ ਕਦੇ ਵੀ ਢਲਦੀ ਉਮਰ ਦੀ ਪ੍ਰਕਿਰਿਆ ਨੂੰ ਮਹਿਸੂਸ ਨਹੀਂ ਕਰਦੇ।

ਜਵਾਨੀ ਦਾ ਸੁਪਨਾ ਕਦੇ ਨਾ ਤੋੜੋ। ਉਹ ਸਾਰੇ ਆਦਰਸ਼ ਅਤੇ ਕਲਪਨਾਵਾਂ ਜੋ ਤੁਹਾਨੂੰ ਪ੍ਰੇਰਨਾ ਦਿੰਦੀਆਂ ਹਨ, ਉਹ ਹੀ ਜਵਾਨੀ ਦਾ ਭੇਦ ਹਨ। ਕਲਪਨਾਵਾਂ ਅਤੇ ਰੰਗੀਨੀਆਂ ਨੂੰ ਕਦੇ ਵੀ ਮੱਧਮ ਨਾ ਹੋਣ ਦੇਵੋ, ਬੁਢਾਪਾ ਤੁਹਾਨੂੰ ਕਦੇ ਨਹੀਂ ਸਤਾਏਗਾ। ਬੁਢਾਪੇ ਦੀ ਭਾਵਨਾ ਸਾਡੇ ਸਰੀਰ ਦੇ ਪੋਸ਼ਕ ਤੱਤਾਂ ਨੂੰ ਆਪਣਾ ਕੰਮ ਨਹੀਂ ਕਰਨ ਦਿੰਦੀ। ਨਾਕਾਰਾਤਮਕ ਮਾਨਸਿਕਤਾ ਦੇ ਹੁੰਦਿਆਂ ਜੇਕਰ ਅਸੀਂ ਕਦੇ ਬਿਮਾਰ ਹੋ ਜਾਂਦੇ ਹਾਂ ਤਾਂ ਸਾਡਾ ਸਰੀਰ ਰੋਗਾਂ ਦਾ ਸਾਹਮਣਾ ਨਹੀਂ ਕਰ ਸਕਦਾ ਅਤੇ ਅਸੀਂ ਮੰਜਾ ਫੜ ਲੈਂਦੇ ਹਾਂ। ਚੰਗਾ ਭਲਾ ਆਦਮੀ ਵੀ ਆਪਣੇ ਭੈੜੇ ਸੁਪਨਿਆਂ ਕਰਕੇ ਬੇਕਾਰ ਹੋ ਜਾਂਦਾ ਹੈ। ਭਾਵਨਾਵਾਂ ਹੀ ਸਾਨੂੰ ਨਿਰਬਲ ਜਾਂ ਬਲਵਾਨ ਬਣਾ ਕੇ ਰੱਖਦੀਆਂ ਹਨ। ਜਿਸ ਬੰਦੇ ਨੂੰ ਉਮਰ ਦੀ ਕੋਈ ਚਿੰਤਾ ਹੀ ਨਾ ਹੋਵੇ, ਉਹ ਬੁੱਢਾ ਕਿਵੇਂ ਹੋ ਸਕਦਾ ਹੈ ? ਗੂੜ੍ਹੀ ਨੀਂਦ ਸ਼ਾਂਤ ਅਤੇ ਸਹਿਜ ਦਿਮਾਗ਼ ਵਿੱਚ ਹੀ ਆਉਂਦੀ ਹੈ। ਜਦੋਂ ਤਕ ਦਿਮਾਗ਼ ਵਿੱਚ ਹਲਚਲ ਰਹਿੰਦੀ ਹੈ, ਨੀਂਦ ਆਉਂਦੀ ਹੀ ਨਹੀਂ। ਦਿਮਾਗ਼ ਵਿੱਚ ਸੁੰਦਰ ਸੁਖਦ ਵਿਚਾਰ ਹੋਣਗੇ ਤਾਂ ਦਿਮਾਗ਼ ਨੂੰ ਬੜਾ ਆਰਾਮ ਮਿਲਦਾ ਹੈ ਤੇ ਨੀਂਦ ਬੜੀ ਸਰਲਤਾ ਨਾਲ ਆ ਜਾਂਦੀ ਹੈ। ਇਸ ਲਈ ਚੰਗੀ ਨੀਂਦ ਲਈ ਮਨ ਇਕਦਮ ਹਲਕਾ ਰੱਖਣ ਦੀ ਲੋੜ ਹੈ। ਮਨ ਦੀਆਂ ਭਾਵਨਾਵਾਂ ਆਦਮੀ ਨੂੰ ਮੌਤ ਦੇ ਆਖਰੀ ਛਿਣ ਤਕ ਜਵਾਨ ਬਣਾਈ ਰੱਖ ਸਕਦੀਆਂ ਹਨ। ਉਮਰ ਦ ਅਹਿਸਾਸ ਭੁੱਲ ਜਾਵੋ। ਕਦੇ ਵੀ ਆਪਣੀ ਉਮਰ ਨੂੰ ਨਾ ਜੋੜੋ। ਉਮਰ ਦਾ ਅਹਿਸਾਸ ਤੁਹਾਡੇ ਸਰੀਰ ਨੂੰ ਤੋੜਕੇ ਰੱਖ ਦਿੰਦਾ ਹੈ। ਇਸ ਵੱਲ ਕਦੇ ਧਿਆਨ ਹੀ ਨਾ ਦੇਵੋ। ਉਮਰ ਦਾ ਅਹਿਸਾਸ ਭੁੱਲ ਜਾਵੋਗੇ ਤਾਂ ਤੁਸੀਂ ਸਦਾ ਜਵਾਨ ਰਹੋਗੇ।

ਸੰਪਰਕ: 98152-96475

# ਵਾਲਾਂ ਨੂੰ ਚਮਕਦਾਰ ਬਣਾਉਂਦਾ ਹੈ ਸਹੀ ਪੋਸ਼ਣ



**ਪ੍ਰਤਿਮਾ ਅਰੋੜਾ**

ਜਿਸ ਤਰ੍ਹਾਂ ਤੰਦਰੁਸਤ ਰਹਿਣ ਲਈ ਸਾਡੇ ਸਰੀਰ ਨੂੰ ਪ੍ਰੋਟੀਨ, ਵਿਟਾਮਿਨ, ਖਣਿਜ ਲਵਣ, ਜ਼ਿੰਕ, ਆਇਰਨ, ਮੈਗਨੀਸ਼ੀਅਮ ਅਤੇ ਕੈਲਸ਼ੀਅਮ ਦੀ ਲੋੜ ਹੁੰਦੀ ਹੈ, ਇਸ ਤਰ੍ਹਾਂ ਸਾਡੇ ਵਾਲਾਂ ਦੀ ਸੁੰਦਰਤਾ ਵੀ ਸਾਡੇ ਪੋਸ਼ਣ ਦੇ ਪੱਧਰ 'ਤੇ ਨਿਰਭਰ ਹੁੰਦੀ ਹੈ।

**ਆਇਰਨ ਅਤੇ ਜ਼ਿੰਕ** : ਸਰੀਰ ਵਿਚ ਆਇਰਨ ਅਤੇ ਜ਼ਿੰਕ ਵਾਲਾਂ ਦਾ ਵਾਧੇ ਵਿਚ ਸਹਾਇਕ ਹੁੰਦੇ ਹਨ। ਇਸ ਲਈ ਸੋਇਆਬੀਨ ਜਾਂ ਵਿਟਾਮਿਨ 'ਸੀ' ਵਾਲੇ ਆਹਾਰ ਜਿਵੇਂ ਰੇਸ਼ੇਦਾਰ ਫਲ ਖਾਓ, ਇਹ ਸਰੀਰ ਵਿਚ ਆਇਰਨ ਦੀ ਕਮੀ ਨੂੰ ਪੂਰਾ ਕਰਦੇ ਹਨ।

**ਵਿਟਾਮਿਨ** : ਹਰੀਆਂ ਪੱਤੇਦਾਰ ਸਬਜ਼ੀਆਂ, ਬੀਨਜ਼ ਅਤੇ ਗਾਜਰ ਨੂੰ ਆਪਣੇ ਭੋਜਨ ਵਿਚ ਸ਼ਾਮਿਲ ਕਰੋ। ਪਾਲਕ ਆਇਰਨ, ਵਿਟਾਮਿਨ 'ਸੀ' ਅਤੇ ਵਿਟਾਮਿਨ 'ਏ' ਦਾ ਵਧੀਆ ਸਰੋਤ ਹੈ।

ਹਰੀਆਂ ਪੱਤੇਦਾਰ ਸਬਜ਼ੀਆਂ ਵਿਚ ਕੈਲਸ਼ੀਅਮ ਅਤੇ ਆਇਰਨ ਹੁੰਦਾ ਹੈ। ਬੀਨਜ਼ ਵਿਚ ਪ੍ਰੋਟੀਨ, ਜ਼ਿੰਕ ਬਾਇਓਟਿਨ, ਆਇਰਨ ਵਰਗੇ ਤੱਤ ਵਾਲਾਂ ਨੂੰ ਚਮਕਦਾਰ ਬਣਾਉਂਦੇ ਹਨ। ਇਸ ਵਾਸਤੇ ਰੋਜ਼ ਸਲਾਦ, ਸਬਜ਼ੀਆਂ ਅਤੇ ਨਾਸ਼ਤੇ ਵਿਚ ਗਾਜਰ ਦੀ ਵਰਤੋਂ ਕਰੋ। ਵਿਟਾਮਿਨ 'ਬੀ' ਵਾਲਾਂ ਦੇ ਵਾਧੇ ਵਿਚ ਸਹਾਇਕ ਹੁੰਦਾ ਹੈ। ਆਂਡਿਆਂ ਵਿਚ ਵਿਟਾਮਿਨ 'ਬੀ' ਭਰਪੂਰ ਮਾਤਰਾ ਵਿਚ ਪਾਇਆ ਜਾਂਦਾ ਹੈ। ਇਸ ਲਈ ਵਾਲਾਂ ਦੀ ਚੰਗੀ ਲੰਬਾਈ ਲਈ ਹਰ ਰੋਜ਼ ਆਂਡੇ ਦਾ ਸੇਵਨ ਕਰੋ। ਵਿਟਾਮਿਨ 'ਡੀ' : ਵਿਟਾਮਿਨ 'ਡੀ' ਵਾਲਾਂ ਦੇ ਵਾਧੇ ਵਿਚ ਸਹਾਇਕ ਹੁੰਦਾ ਹੈ। ਕੁਝ ਚੀਜ਼ਾਂ ਵਿਚ ਇਹ ਕੁਦਰਤੀ ਰੂਪ ਵਿਚ ਪਾਇਆ ਜਾਂਦਾ ਹੈ ਪਰ ਹਰ ਰੋਜ਼ ਥੋੜ੍ਹੀ ਧੁੱਪ ਦਾ ਸੇਵਨ ਵੀ ਵਿਟਾਮਿਨ 'ਡੀ' ਦਾ ਵਧੀਆ ਸਰੋਤ ਹੈ।

**ਪ੍ਰੋਟੀਨ** : ਪ੍ਰੋਟੀਨ ਵਾਲਾਂ ਦੀ ਰੰਗਤ ਨਿਖਾਰਨ, ਉਨ੍ਹਾਂ ਨੂੰ ਤੰਦਰੁਸਤ ਰੱਖਣ ਅਤੇ ਇਨ੍ਹਾਂ ਦੀ ਚਮਕ ਬਰਕਰਾਰ ਰੱਖਣ ਵਿਚ ਮਦਦਗਾਰ ਹੁੰਦਾ ਹੈ। ਦਾਲਾਂ, ਸਾਬਤ ਅਨਾਜ ਪ੍ਰੋਟੀਨ ਦਾ ਵਧੀਆ ਸਰੋਤ ਹੈ। ਆਟੇ ਵਿਚ ਸੋਇਆਬੀਨ ਮਿਲਾ ਕੇ ਰੋਟੀ ਬਣਾਉਣ ਨਾਲ ਹਰ ਰੋਜ਼ ਦੀ ਪ੍ਰੋਟੀਨ ਦੀ ਲੋੜ ਪੂਰੀ ਹੁੰਦੀ ਹੈ। ਇਸ ਤੋਂ ਇਲਾਵਾ ਆਂਡੇ, ਚਿਕਨ ਅਤੇ ਮੱਛੀ ਵੀ ਪ੍ਰੋਟੀਨ ਦੇ ਵਧੀਆ ਸਰੋਤ ਹਨ। ਔਰਤਾਂ ਨੂੰ ਹਰ ਰੋਜ਼ 46 ਗ੍ਰਾਮ ਪ੍ਰੋਟੀਨ ਦੀ ਲੋੜ ਹੁੰਦੀ ਹੈ, ਜਿਸ ਵਾਸਤੇ ਉਨ੍ਹਾਂ ਨੂੰ ਆਪਣੇ ਭੋਜਨ ਵਿਚ ਪ੍ਰੋਟੀਨ ਵਾਲੇ ਖਾਧ ਪਦਾਰਥ ਵੱਧ ਤੋਂ ਵੱਧ ਸ਼ਾਮਿਲ ਕਰਨੇ ਚਾਹੀਦੇ ਹਨ।

**ਕੈਲਸ਼ੀਅਮ** : ਕੈਲਸ਼ੀਅਮ ਦੀ ਪੂਰਤੀ ਲਈ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ ਦਾ ਸੇਵਨ ਕੀਤਾ ਜਾ ਸਕਦਾ ਹੈ। ਦਹੀਂ, ਚੀਜ, ਪਨੀਰ ਹਰ ਰੋਜ਼ ਨਾਸ਼ਤੇ ਵਿਚ ਲੈ ਸਕਦੇ ਹੋ। ਇਨ੍ਹਾਂ ਨਾਲ ਕੈਲਸ਼ੀਅਮ ਦੇ ਨਾਲ-ਨਾਲ ਪ੍ਰੋਟੀਨ ਅਤੇ ਵਿਟਾਮਿਨ ਬੀ-12 ਦੀ ਵੀ ਪੂਰਤੀ ਹੁੰਦੀ ਹੈ।

**ਓਮੇਗਾ-3** : ਓਮੇਗਾ-3 ਫੈਟੀ ਐਸਿਡ ਵਾਲਾਂ ਨੂੰ ਨਮੀ ਪ੍ਰਦਾਨ ਕਰਦਾ ਹੈ ਅਤੇ ਇਸ ਨਾਲ ਵਾਲ ਮੁਲਾਇਮ ਹੁੰਦੇ ਹਨ। ਓਮੇਗਾ-3 ਸਾਲਮਨ ਮੱਛੀ ਵਿਚ ਪਾਇਆ ਜਾਂਦਾ ਹੈ। ਇਸ ਦਾ ਸੇਵਨ ਹਫ਼ਤੇ ਵਿਚ ਦੋ ਦਿਨ ਕਰਨਾ ਚਾਹੀਦਾ ਹੈ। ਸ਼ਾਕਾਹਾਰੀਆਂ ਲਈ ਵਾਲਾਂ ਦੇ ਪੋਸ਼ਣ ਲਈ ਅਨਾਜ ਕਾਫੀ ਮਦਦਗਾਰ ਸਾਬਤ ਹੋ ਸਕਦਾ ਹੈ। ਇਸ ਵਾਸਤੇ ਬਾਜਰਾ, ਜਈ ਅਤੇ ਜਵਾਰ ਨੂੰ ਵੀ ਆਪਣੇ ਭੋਜਨ ਦਾ ਹਿੱਸਾ ਬਣਾਉਣਾ ਚਾਹੀਦਾ ਹੈ।



**ਸੈਲਫੀ ਲੈਣਾ ਤਾਂ ਆਸਾਨ ਹੈ ਪਰ ਪਰਫੈਕਟ ਸੈਲਫੀ ਲੈਣ ਲਈ ਜ਼ਰਾ ਮਿਹਨਤ ਕਰਨੀ ਪੈਂਦੀ ਹੈ। ਚੰਗੇ ਪੋਜ਼ ਅਤੇ ਬੈਕਗ੍ਰਾਊਂਡ ਨਾਲ ਸੈਲਫੀ ਦੀ ਕੁਆਲਿਟੀ ਵਧੀਆ ਹੋ ਜਾਂਦੀ ਹੈ।**

# ਸੈਲਫੀ ਦਾ ਜਾਦੂ

ਖੁਸ਼ਨੁਮਾ ਪਲਾਂ ਨੂੰ ਯਾਦਾਂ ਦੇ ਰੂਪ ਵਿਚ ਸੰਜੋਅ ਕੇ ਸਾਰੇ ਆਪਣੇ ਨਾਲ ਰੱਖਣਾ ਚਾਹੁੰਦੇ ਹਨ। ਵਧਦੇ ਤਕਨੀਕੀ ਸਾਧਨਾਂ ਨਾਲ ਅਜਿਹਾ ਕਰ ਸਕਣਾ ਮੁਮਕਿਨ ਵੀ ਹੋ ਗਿਆ ਹੈ। ਜਿਥੇ ਪਹਿਲਾਂ ਦੂਸਰਿਆਂ ਨੂੰ ਜਾਂ ਪ੍ਰੋਫੈਸ਼ਨਲ ਫੋਟੋ ਗ੍ਰਾਫ਼ਰਾਂ ਤੋਂ ਤਸਵੀਰਾਂ ਖਿਚਵਾਈਆਂ ਜਾਂਦੀਆਂ ਸਨ ਉਥੇ ਹੁਣ ਸੈਲਫੀ ਦਾ ਕ੍ਰੇਜ਼ ਹਰ ਇਕ ਦੇ ਸਿਰ ਚੜ੍ਹ ਬੋਲ ਰਿਹਾ ਹੈ। ਕਈ ਸੈਰ ਸਪਾਟਾ ਵਾਲੇ ਥਾਵਾਂ 'ਤੇ ਵੀ ਹੁਣ ਸੁੰਦਰ ਬੈਕਗ੍ਰਾਊਂਡ ਵਾਲੇ ਸੈਲਫੀ ਕਾਰਨਰਜ਼ ਬਣਾ ਦਿਤੇ ਗਏ ਹਨ। ਅੱਜ ਹਰ ਕਿਸੇ ਕੋਲ ਸਮਾਰਟ ਫੋਨ ਹੋਣਾ ਆਮ ਗੱਲ ਹੈ। ਸੈਲਫੀ ਦੇ ਵਧਦੇ ਕ੍ਰੇਜ਼ ਕਾਰਨ ਲੋਕ ਮੋਬਾਈਲ ਫੋਨ ਦੇ ਫਰੰਟ ਕਮਰੇ ਅਤੇ ਉਸ ਨਾਲ ਜੁੜੇ ਹੋਰ ਫੀਚਰਾਂ ਦੇ ਆਧਾਰ 'ਤੇ ਵੀ ਫੋਨ ਲੈਣ ਲੱਗੇ ਹਨ। ਇਸ ਦਾ ਫਾਇਦਾ ਇਹ ਹੁੰਦਾ ਹੈ ਕਿ ਫੋਟੋਆਂ ਖਿਚਵਾਉਣ ਲਈ ਦੂਸਰਿਆਂ 'ਤੇ ਨਿਰਭਰ ਨਹੀਂ ਰਹਿਣਾ ਪੈਂਦਾ। ਸੈਲਫੀ ਸਟਿਕ ਆਉਣ ਤੋਂ ਬਾਅਦ ਤਾਂ ਸੈਲਫੀ ਲੈਣਾ ਹੋਰ ਵੀ ਆਸਾਨ ਹੋ ਗਿਆ ਹੈ। ਆਓ ਜਾਣਦੇ ਹਾਂ ਬੈਸਟ ਸੈਲਫੀ ਕਲਿਕ ਲੈਣ ਦੇ ਕੁਝ ਬਿਹਤਰੀਨ ਟਿਪਸ। ਸੈਲਫੀ ਲੈਣ ਤੋਂ ਪਹਿਲਾਂ ਬੈਕਗ੍ਰਾਊਂਡ ਲਾਈਟਾਂ ਜ਼ਰੂਰ ਚੈਕ ਕਰ ਲਓ। ਧਿਆਨ ਰਖੋ ਕਿ ਪਿਛੋਂ ਕਿਸੇ ਵੀ ਤਰ੍ਹਾਂ ਦੀ ਕੋਈ ਲਾਈਟ ਨਾ ਆ ਰਹੀ ਹੋਵੇ। ਅਜਿਹਾ ਹੋਣ 'ਤੇ ਤੁਹਾਡੀ ਫੋਟੋ ਖਰਾਬ ਹੋ ਸਕਦੀ ਹੈ। ਜਿਥੋਂ ਤੁਸੀਂ ਸੈਲਫੀ ਕਲਿਕ ਕਰਨ ਵਾਲੇ ਹੋ, ਉਸ ਦੇ ਸਾਹਮਣੇ ਅਤੇ ਸਾਈਡ ਤੋਂ ਚੰਗੀ ਅਤੇ ਵਧੇਰੇ ਰੋਸ਼ਨੀ ਆਉਣੀ ਚਾਹੀਦੀ ਹੈ। ਇਹ ਫੋਟੋ ਕਲਿਕ ਕਰਨ ਦਾ ਇਕ ਬੇਹੱਦ ਜ਼ਰੂਰੀ ਅਸੂਲ ਹੈ। ਆਰਟੀਫਿਸ਼ੀਅਲ ਲਾਈਟਾਂ ਦੀ ਬਜਾਏ ਨੈਚੂਰਲ ਲਾਈਟ ਸੋਰਸ ਸਭ ਤੋਂ ਬਿਹਤਰੀਨ ਹੁੰਦਾ ਹੈ। ਚੰਗਾ ਹੋਵੇਗਾ ਜੇ ਤੁਸੀਂ ਕਮਰੇ 'ਚੋਂ ਬਾਹਰ ਨਿਕਲ ਕੇ ਜਾਂ ਖਿੜਕੀ ਦਰਵਾਜ਼ੇ ਖੋਲ ਕੇ ਸੈਲਫੀ ਲਓ। ਬੈਕਗ੍ਰਾਊਂਡ ਸੁੰਦਰ ਅਤੇ ਸਾਫ਼ ਹੋਣ ਨਾਲ ਵੀ ਫੋਟੋ ਦੀ ਕੁਆਲਿਟੀ ਚੰਗੀ ਹੋ ਜਾਂਦੀ ਹੈ। ਵਾਲ ਪੇਟਿੰਗ ਜਾਂ ਗ੍ਰੀਨਰੀ ਦੇ ਆਲੇ ਦੁਆਲੇ ਸੈਲਫੀਜ਼ ਵੱਖਰੀ ਹੀ ਨਜ਼ਰ ਆਉਂਦੀ ਹੈ। ਆਲੇ ਦੁਆਲੇ ਸਫਾਈ ਜ਼ਰੂਰ ਕਰ ਲਓ, ਜਿਸ ਨਾਲ ਬਾਅਦ ਵਿਚ ਅਜੀਬ ਨਾ ਲੱਗੇ। ਸੈਲਫੀ ਬਹੁਤ ਸੀਰੀਅਸ ਹੋ ਕੇ ਨਾ ਲਓ। ਮੁਸਕਰਾਉਂਦੇ ਹੋਏ ਚਿਹਰੇ ਨਾਲ ਫੋਟੋ ਵਿਚ ਖੁਦ ਬ ਖੁਦ ਹੀ ਰੌਣਕ ਆ ਜਾਂਦੀ ਹੈ। ਕਦੇ ਕਦੇ ਦੰਦ ਦਿਖਾਉਣ ਵਾਲੇ ਪੋਜ਼ ਵੀ ਬੇਹੱਦ ਸੁੰਦਰ ਆ ਜਾਂਦੇ ਹਨ।





**ਫੋਨ ਜਾਂ ਕੈਮਰਾ ਚੰਗੀ ਤਰ੍ਹਾਂ ਫੜੋ। ਸੈਲਫੀ ਲੈਂਦੇ ਸਮੇਂ ਅਕਸਰ ਹੀ ਅਜਿਹਾ ਹੁੰਦਾ ਹੈ ਕਿ ਕੈਮਰਾ ਹਿੱਲ ਜਾਂਦਾ ਹੈ ਜਿਸ ਨਾਲ ਫੋਟੋ ਧੁੰਦਲੀ ਆ ਜਾਂਦੀ ਹੈ।**

*ਮੁਸਕਰਾਉਂਦੇ ਹੋਏ ਚਿਹਰੇ ਨਾਲ ਫੋਟੋ ਵਿਚ ਖੁਦ ਬ ਖੁਦ ਹੀ ਰੌਣਕ ਆ ਜਾਂਦੀ ਹੈ। ਕਦੇ ਕਦੇ ਦੰਦ ਦਿਖਾਉਣ ਵਾਲੇ ਪੋਜ਼ ਵੀ ਬੇਹੱਦ ਸੁੰਦਰ ਆ ਜਾਂਦੇ*

# ਕਿੰਨੀ ਕੁ ਸਹੀ ਹੈ ਸਮਾਰਟ ਫੋਨਾਂ ਦੀ ਹੋੜ

**ਤਕਨੀਕੀ ਬਾਜ਼ਾਰ 'ਚ ਇਕ ਪਾਸੇ ਤਾਂ ਹਰ ਕੋਈ ਵਕਤ ਨਾ ਹੋਣ ਦੀ ਦੁਹਾਈ ਪਾ ਰਿਹਾ ਹੈ, ਦੂਜੇ ਪਾਸੇ ਅਸੀਂ ਸਮਾਰਟ ਫੋਨਾਂ 'ਤੇ ਆਪਣਾ ਕਿੰਨਾ ਕਿੰਨਾ ਸਮਾਂ ਅਜਾਈ ਗੁਆ ਦਿੰਦੇ ਹਾਂ...**

• ਬਲਕਰਨ ਕੋਟ ਸ਼ਮੀਰ

ਕੋਈ ਸਮਾਂ ਸੀ ਜਦੋਂ ਲੋਕੀ ਆਪਣੀ ਸੁੱਖ ਸਾਂਦ ਦਾ ਪਤਾ ਪਿੰਡ 'ਚੋਂ ਕਿਸੇ ਦੇ ਰਿਸ਼ਤੇਦਾਰੀ 'ਚ ਮਿਲਣ ਜਾਣ ਵੇਲੇ ਹੀ ਭੇਜ ਦਿੰਦੇ ਸੀ ਕਿ ਕਹਿ ਦੇਣਾ ਭਾਈ ਸਭ ਸੁਖ ਸਾਂਦ ਹੈ। ਦੂਸਰੇ ਪਾਸੇ ਦੀ ਸੁੱਖ ਸਾਂਦ ਵਾਪਸ ਆ ਕੇ ਉਨ੍ਹਾਂ ਨੂੰ ਦੇ ਦਿੱਤੀ ਜਾਂਦੀ ਸੀ। ਅਤਿ ਦਰਦ ਵਾਲੇ ਸੁਨੇਹੇ ਕੁਝ ਦੇਰ ਨਾਲ ਪਹੁੰਚਣ ਕਾਰਨ ਉਹ ਆਪਣਾ ਦਰਦ ਘਟਾ ਦਿੰਦੇ ਜਾਂ ਵਿਚਾਲੇ ਸੁਨੇਹਾ ਲਿਆਉਣ ਵਾਲੇ ਲੋਕ ਸਹਿਜ ਸਿਆਣਪ ਵਾਲੇ ਹੋਣ ਕਰਕੇ ਗੱਲ ਕਰਨ ਵੇਲੇ ਸੋਚ ਸਮਝ ਤੋਂ ਕੰਮ ਲੈਂਦੇ ਸਨ। ਸ਼ਾਇਦ ਏਸੇ ਲਈ ਉਸ ਵਕਤ ਕਿਸੇ ਚਿਹਰੇ 'ਤੇ ਅੱਜ ਵਾਂਗੂ ਤਣਾਅ ਨਹੀਂ ਸੀ ਹੁੰਦਾ। ਬੇਸ਼ੱਕ ਤਕਨਾਲੋਜੀ ਨੇ ਸਾਡੀਆਂ ਸੁਵਿਧਾਵਾਂ ਬਹੁਤ ਵਧਾਈਆਂ ਹਨ ਅਤੇ ਇਨਸਾਨੀ ਜ਼ਿੰਦਗੀ ਨੂੰ ਬਿਹਤਰੀਨ ਕੀਤਾ ਹੈ। ਘੰਟਿਆਂ 'ਚ ਹੋਣ ਵਾਲਾ ਕੰਮ ਮਿੰਟਾਂ, ਸਕਿੰਟਾਂ 'ਚ ਕਰਨਾ ਸਿਖਾ ਦਿੱਤਾ ਹੈ। ਅਨਜਾਣ ਰਾਹਾਂ 'ਤੇ ਕਿਸੇ ਤੋਂ ਰਾਹ ਪੁੱਛਣ ਦੀ ਖੇਚਲ ਵੀ ਨਹੀਂ ਕਰਨੀ ਪੈਂਦੀ। ਗੂਗਲ ਮੈਪ 'ਚੋਂ ਹੀ ਸਾਰਾ ਰਸਤਾ, ਦੂਰੀ, ਦਿਸ਼ਾਵਾਂ ਲੱਭ ਲਈਆਂ ਜਾਂਦੀਆਂ ਹਨ। ਕੀ ਛੋਟਾ ਕੀ ਵੱਡਾ, ਅੱਜ ਕੱਲ੍ਹ ਹਰ ਇਕ ਦੇ ਹੱਥ ਵਿਚ ਤੁਹਾਨੂੰ ਸਮਾਰਟ ਫੋਨ ਨਜ਼ਰ ਆਵੇਗਾ। ਬੇਸ਼ੱਕ ਅਸੀਂ ਇਕ ਸਮਾਰਟ ਫੋਨ ਦੇ ਅੱਧੇ ਫਕੰਸ਼ਨ ਵੀ ਵਰਤੋਂ 'ਚ ਨਹੀਂ ਲਿਆ ਸਕਦੇ ਪਰ ਫੇਰ ਵੀ ਰੀਸੋ ਰੀਸ ਮਹਿੰਗੇ ਮਹਿੰਗੇ ਫੋਨ ਰੱਖਣਾ ਇਕ ਫੈਸ਼ਨ ਬਣ ਗਿਆ। ਦੂਸਰੀ ਗੱਲ ਇਕ ਸਮਾਰਟ ਫੋਨ ਜੋ ਮਾਰਕੀਟ ਵਿਚ ਅੱਜ ਆ ਗਿਆ 2 ਮਹੀਨੇ ਬਾਅਦ ਕੰਪਨੀ ਉਸੇ ਹੈਂਡਸੈੱਟ ਦੀ ਕੀਮਤ ਲਗਪਗ ਅੱਧੀ ਕਰ ਦਿੰਦੀ ਹੈ ਜਾਂ ਫੇਰ 2 ਜਾਂ 3 ਮਹੀਨਿਆਂ ਬਾਅਦ ਓਹੀ ਕੰਪਨੀ ਓਨੇ ਹੀ ਫੰਕਸਨ ਵਾਲਾ ਤੇ ਕਈ ਗੁਣਾ ਵੱਧ ਕੀਮਤ ਵਾਲਾ ਹੈਂਡ ਸੈਟ ਪੇਸ਼ ਕਰ ਦਿੰਦੀ ਹੈ ਜਿਸ ਨਾਲ ਵੀ ਆਮ ਲੋਕ ਖਾਹਮਖ਼ਾਹ ਮਾਨਸਿਕ ਪ੍ਰੇਸ਼ਾਨੀ ਦਾ ਸਾਹਮਣਾ ਕਰਦੇ ਹਨ। ਕਹਿਣ ਦਾ ਭਾਵ ਸਮਾਰਟ ਫੋਨ ਖਰੀਦਣ ਲਈ ਮੱਲੋਜ਼ੋਰੀ ਪ੍ਰੇਰਿਤ ਕੀਤਾ ਜਾ ਰਿਹਾ ਹੈ, ਜਿਨ੍ਹਾਂ ਨੂੰ ਖ਼ਰੀਦ ਕੇ ਹਰ ਕੋਈ ਆਪਣੀ ਸ਼ਾਨ ਵਧਾਉਣੀ ਚਾਹੁੰਦਾ ਹੈ। ਜੇ ਕੋਈ ਟਾਵਾਂ ਟਾਵਾਂ ਇਹ ਸਭ ਕਾਸੇ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕਰਦਾ ਵੀ ਹੈ ਤਾਂ ਉਸਦੇ ਸੰਗੀ ਸਾਥੀ ਉਸਨੂੰ ਤਾਹਨੇ ਕੱਸ ਕੱਸ ਕੇ ਇਸ ਹੱਦ ਤੱਕ ਮਜਬੂਰ ਕਰ ਦਿੰਦੇ ਹਨ ਕਿ ਉਸ ਨੂੰ ਨਾ ਚਾਹੁੰਦਿਆਂ ਜਾਂ ਬਿਨਾਂ ਲੋੜ ਤੋਂ ਵੀ ਉਨ੍ਹਾਂ ਦਾ ਮੂੰਹ ਮੱਥਾ ਰੱਖਣ ਲਈ ਖਰੀਦ ਕੇ ਖਹਿੜਾ ਛੁਡਾਉਣਾ ਪੈਂਦਾ ਹੈ। ਫਿਰ ਉਸਦੇ ਸਾਥੀ ਉਸਦਾ ਨਵਾਂ ਹੈਂਡਸੈੱਟ ਆਪਣੇ ਹੱਥਾਂ ਵਿਚ ਫੜ੍ਹ ਕੇ ਆਖਣਗੇ, ਹੁਣ ਬਣੀ ਨਾ ਗੱਲ, ਐਵੇਂ ਹੀ ਨਿਕੰਮਾ ਜਿਹਾ ਸੈਟ ਚੱਕੀ ਫਿਰਦਾ ਸੀ। ਹੁਣ ਵਧੀਆ ਆਪਾਂ ਚੈਟ ਕਰਿਆ ਕਰਾਂਗੇ। ਅਸੀਂ ਤੈਨੂੰ ਬਹੁਤ ਵਧੀਆ ਵੀਡੀਓ ਤੇ ਪਿਕ ਭੇਜਿਆ ਕਰਾਂਗੇ। ਅੰਦਰੋਂ ਹਮਾਤੜ ਤਮਾਤੜ ਸੋਚਣ ਲੱਗਦਾ ਹੈ ਕਿ ਆਹੀ ਪੈਸੇ ਦਾ ਉਪਯੋਗ ਬੱਚੇ ਦੀ ਫੀਸ ਭਰਨ ਲਈ ਕੀਤਾ ਹੁੰਦਾ, ਚੰਗਾ ਹੁੰਦਾ। ਕੰਮ ਤਾਂ ਮੇਰਾ ਪੁਰਾਣੇ ਮੋਬਾਈਲ ਨਾਲ ਵੀ ਚੱਲੀ ਜਾਂਦਾ ਸੀ। ਚਲੋ ਹੁਣ ਫਸ ਗਈ ਤਾਂ ਫਟਕਣ ਕੀ। ਮਾਰਕੀਟ ਵਿਚ ਹਰ ਰੋਜ਼ ਜੋ ਧੜਾ-ਧੜ ਮੋਬਾਈਲ ਵਿਕ ਰਿਹਾ ਹੈ ਕੀ ਇਸ ਦੀ ਏਨ੍ਹੀ ਜ਼ਰੂਰਤ ਹੈ? ਜੇ ਗਹੁ ਨਾਲ ਦੇਖਿਆ ਜਾਵੇ ਤਾਂ ਸਮਾਰਟ ਫੋਨਾਂ ਦੇ ਇਸ ਵਧਦੇ ਰੁਝਾਨ ਨੇ ਆਮ ਘਰਾਂ ਵਿਚ ਪੁਆੜੇ ਪੁਆ ਕੇ ਰੱਖੇ ਹੋਏ ਹਨ। ਮੀਆਂ ਬੀਬੀ ਸਾਰਾ ਸਾਰਾ ਦਿਨ ਇਕ ਦੂਸਰੇ ਨਾਲ ਖਫ਼ਾ ਰਹਿੰਦੇ ਹਨ। ਨੌਜਵਾਨ ਪੀੜ੍ਹੀ ਇਸਦੇ ਜ਼ਰੀਏ ਰਾਹੋਂ ਕੁਰਾਹੇ ਪਈ ਹੋਈ ਹੈ। ਨੌਜਵਾਨਾਂ ਦੀ ਵਿਗੜ ਰਹੀ ਮਾਨਸਿਕ ਸਥਿਤੀ ਅਤੇ ਵਧ ਰਹੀ ਅਪਰਾਧਕ ਪ੍ਰਵਿਰਤੀ ਏਸੇ ਦੀ ਦੇਣ ਹੈ। ਵੱਡੇ ਪੱਧਰ 'ਤੇ ਸਮੇਂ ਦੀ ਬਰਬਾਦੀ ਦਾ ਮੁੱਢ ਇਨ੍ਹਾਂ ਹੈਂਡਸੈਟਾਂ ਦੀ ਵਰਤੋਂ ਨੇ ਬੰਨ੍ਹਿਆ ਹੈ ਕਿਉਂ ਕਿ ਨੌਜਵਾਨ ਪੀੜ੍ਹੀ ਘੰਟਿਆਂ ਬੱਧੀ ਫੇਸਬੁੱਕ, ਵੱਟਸਐਪ 'ਤੇ ਅੱਖਾਂ ਟਿਕਾ ਕੇ ਮਗਨ ਹੋਈ ਰਹਿੰਦੀ ਹੈ। ਜ਼ਰੂਰੀ ਕੰਮਾਂ ਅਤੇ ਪੜ੍ਹਨ ਦਾ ਸਮਾਂ ਵੀ ਏਸੇ ਦੀ ਭੇਟ ਚੜ੍ਹ ਜਾਂਦਾ ਹੈ। ਜਵਾਨੀ ਦਾ ਇਹ ਸਮਾਂ ਅਤਿ ਸੁਨਹਿਰੀ ਅਤੇ ਚੰਗੇ ਭਵਿੱਖ ਦਾ ਸਿਰਜਕ ਹੋ ਸਕਦਾ ਹੈ, ਜੋ ਚੈਟ ਕਰਨ 'ਚ ਬਤੀਤ ਹੋ ਜਾਂਦਾ ਹੈ। ਵਕਤ ਬੀਤ ਜਾਣ 'ਤੇ ਨਾ ਬੀਤਿਆ ਸਮਾਂ ਲੱਭਦਾ ਹੈ ਤੇ ਨਾ ਚੈਟ ਕਰਨ ਵਾਲੇ ਦੋਸਤ। •










# ਫੈਸ਼ਨੇਬਲ ਲਾਖ ਦੀਆਂ ਚੂੜੀਆਂ

ਲਾਖ ਦੀਆਂ ਚੂੜੀਆਂ ਸੁਹਾਗ ਦਾ ਚਿੰਨ ਕੱਚ ਅਤੇ ਮੈਟਲ ਦੀਆਂ ਚੂੜੀਆਂ ਦਾ ਚਲਨ ਤਾਂ ਕੁਝ ਸਮਾਂ ਪਹਿਲਾਂ ਹੀ ਸ਼ੁਰੂ ਹੋਇਆ ਹੈ। ਇਸ ਤੋਂ ਪਹਿਲਾਂ ਤਾਂ ਲਾਖ ਦੀਆਂ ਚੂੜੀਆਂ ਹੀ ਪਹਿਨੀਆਂ ਜਾਂਦੀਆਂ ਸਨ। ਅੱਜ ਫਿਰ ਤੋਂ ਲਾਖ ਦੀਆਂ ਚੂੜੀਆਂ ਆਪਣੇ ਨਵੇਂ ਫੈਸ਼ਨਬਲ ਰੂਪ ਵਿਚ ਔਰਤਾਂ ਨੂੰ ਲੁਭਾਉਣ ਲਈ ਬਜ਼ਾਰ ਦੀ ਰੌਣਕ ਬਣ ਕੇ ਆਈਅ ਹਨ।





## ਕੀ ਹੈ ਮਾਨਤਾ

ਵਿਆਹੁਤਾ ਔਰਤ ਦੀਆਂ ਸੁੰਨੀਆਂ ਬਾਹਵਾਂ ਹਮੇਸ਼ਾਂ ਹੀ ਅਪਸ਼ਗਨ ਮੰਨਿਆ ਗਿਆ ਹੈ। ਹਿੰਦੂਆਂ ਵਿਚ ਕਈ ਵੱਡੇ ਤੀਜ ਤਿਉਹਾਰਾਂ ਤੇ ਸੁਹਾਗਣਾ ਲਈ ਲਾਖ ਦੀਆਂ ਚੂੜੀਆਂ ਪਹਿਨਣਾ ਲਾਜ਼ਮੀ ਮੰਨਿਆ ਗਿਆ ਹੈ। ਹਿੰਦੂ ਧਰਮ ਵਿਚ ਨਵ ਵਿਆਹੁਤਾ ਲੜਕੀ ਨੂੰ ਆਪਣੇ ਬਾਬਲ ਦੇ ਘਰ ਤੋਂ ਲਾਖ ਦੀਆਂ ਚੂੜੀਆਂ ਪਾ ਕੇ ਵਿਦਾ ਕੀਤਾ ਜਾਂਦਾ ਹੈ ਜੋ ਉਸ ਲੇ ਸਵਾ ਮਹੀਨਾ ਤੱਕ ਪਹਿਨਣੀਆਂ ਹੁੰਦੀਆਂ ਹਨ। ਔਰਤ ਦਾ ਗੁੱਟ ਜੇ ਚੂੜੀਆਂ ਨਾਲ ਭਰਿਆ ਹੋਵੇ ਤਾਂ ਉਸ ਦੀ ਖ਼ੂਬਸੂਰਤੀ ਹੋਰ ਵੀ ਵੱਧ ਜਾਂਦੀ ਹੈ। ਸੁਹਾਗ ਦਾ ਪ੍ਰਤਕੀ ਹੋਣ ਦੇ ਨਾਲ ਨਾਲ ਇਹ ਚੂੜੀਆਂ ਔਰਤਾਂ ਨੂੰ ਆਪਣੀ ਸੰਸਕ੍ਰਿਤੀ ਅਤੇ ਪਰੰਪਰਾ ਨਾਲ ਜੋੜੀ ਰੱਖਦੀਆਂ ਹਨ।

## ਵਰਾਇਟੀ ਅਤੇ ਰੇਂਜ

ਲਾਖ ਦੀਆਂ ਚੂੜੀਆਂ ਹੁਣ ਫੈਸ਼ਨੇਬਲ ਰੂਪ ਵਿਚ ਢਲਦੀਆਂ ਜਾ ਰਹੀਆਂ ਹਨ। ਅੱਜ ਬਾਜ਼ਾਰ ਵਿਚ ਕਈ ਵਰਾਇਟੀਆਂ ਅਤੇ ਰੇਂਜ ਦੀਆਂ ਲਾਖ ਦੀਆਂ ਚੂੜੀਆਂ ਚਲਨ ਵਿਚ ਹਨ ਜਿਨ੍ਹਾਂ ਵਿਚੋਂ ਖਰੇ ਨਗ ਦੀਆਂ ਚੂੜੀਆਂ ਸਭ ਤੋਂ ਮਹਿੰਗੀਆਂ ਵਿਕਣ ਵਾਲੀਆਂ ਚੂੜੀਆਂ ਹਨ। ਇਨ੍ਹਾਂ ਚੂੜੀਆਂ ਵਿਚ ਪੱਕੇ ਨਗ ਲਗਾਏ ਜਾਂਦੇ ਹਨ ਜਿਨ੍ਹਾਂ ਦੀ ਚਮਕ ਕਈ ਸਾਲਾਂ ਤੱਕ ਬਰਕਰਾਰ ਰਹਿੰਦੀ ਹੈ। ਖਰੇਨਗ ਦੀਆਂ ਚੂੜੀਆਂ ਦੀ ਕੀਮਤ ਲਗਭਗ 300 ਰੁਪਏ ਤੋਂ ਲੈ ਕੇ 1500 ਰੁਪਏ ਤੱਕ ਹੁੰਦੀ ਹੈ। ਫੈਸ਼ਨ ਦੇ ਰੰਗ ਵਿਚ ਢਲਣ ਕਰਕੇ ਲਾਖ ਮੈਟਲ ਦੀਆਂ ਚੂੜੀਆਂ ਦੀ ਵੀ ਬਾਜ਼ਾਰ ਵਿਚ ਭਰਮਾਰ ਹੈ। ਇਨ੍ਹਾਂ ਚੂੜੀਆਂ ਵਿਚ ਮੈਟਲ ਦੀ ਚੌੜੀ ਰਿੰਗ ਤੇ ਲਾਖ, ਕੱਚ ਅਤੇ ਡਾਇਮੰਡ ਦੀ ਕਾਰੀਗਰੀ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦੀਆਂ ਚੂੜੀਆਂ ਅੱਜਕਲ ਔਰਤਾਂ ਨੂੰ ਬਹੁਤ ਪਸੰਦ ਆ ਰਹੀਆਂ ਹਨ।

## ਕੀ ਹੈ ਲਾਖ

ਲਾਖ ਇਕ ਤਰ੍ਹਾਂ ਜੀਵ ਵੱਲੋਂ ਮਲ ਪਦਾਰਥ ਦੇ ਰੂਪ ਵਿਚ ਤਿਆਰ ਕੀਤਾ ਗਿਆ ਪਦਾਰਥ ਹੁੰਦਾ ਹੈ ਜਿਸ ਨੂੰ ਸੋਧ ਕੇ ਇਸ ਦੀ ਸੁੰਦਰ ਸੁੰਦਰ ਚੂੜੀਆਂ ਬਣਾਈਆਂ ਜਾਂਦੀਆਂ ਹਨ। ਇਹ ਜੀਵ ਪੀਪਲ, ਧਾਵੜਾ ਅਤੇ ਖਾਖਰੇ ਦੇ ਦਰਖਤਾਂ 'ਤੇ ਪਾਇਆ ਜਾਂਦਾ ਹੈ।

## ਇਥੋਂ ਦੀਅ ਹਨ ਮਸ਼ਹੂਰ ਚੂੜੀਆਂ

ਮਾਲਾਵਾਂਚਲ ਦੇ ਆਦਿਵਾਸੀ ਇਲਾਕਿਆਂ ਦੀਆਂ ਔਰਤਾਂ ਵੱਲੋਂ ਤਿਆਰ ਲਾਖ ਦੀਆ ਚੂੜੀਆਂ ਖਾਸ ਤੌਰ 'ਤੇ ਪਸੰਦ ਕੀਤੀਆਂ ਜਾਂਦੀਆਂ ਹਨ। ਮਾਲਵਾਂਚਲ ਵਿਚ ਕੰਦਸੋਰ, ਉਜੈਨ ਤੇ ਰਤਲਾਮ ਦੀ ਲਾਖ ਦੀ ਚੂੜੀ ਬਹੁਤ ਮਸ਼ਹੂਰ ਹੈ।



# ਨਾਸ਼ਤੇ ਨਾਲ ਦਿਨ ਦਾ ਸਵਾਗਤ

ਬਹੁਤ ਸਾਰੀਆਂ ਔਰਤਾਂ ਨਾਸ਼ਤਾ ਨਹੀਂ ਕਰਦੀਆਂ। ਜੇ ਕਰਦੀਆਂ ਵੀ ਹਨ ਤਾਂ ਇਹ ਪੌਸ਼ਟਿਕ ਨਹੀਂ ਹੁੰਦਾ, ਜਿਸ ਕਾਰਨ ਉਨ੍ਹਾਂ ਨੂੰ ਅਨੇਕਾਂ ਸਰੀਰਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ...



ਕੀ ਤੁਸੀਂ ਪੌਸ਼ਟਿਕ ਨਾਸ਼ਤਾ ਕਰਦੇ ਹੋ ਜਾਂ ਮਹਿਜ਼ ਚਾਹ ਦਾ ਕੱਪ ਅਤੇ ਇਕ ਅੱਧ ਬ੍ਰੈਡ ਪੀਸ ਨਾਲ ਹੀ ਦਿਨ ਦੀ ਸ਼ੁਰੂਆਤ ਕਰਦੇ ਹੋ? ਜੇ ਅਜਿਹਾ ਹੈ ਤਾਂ ਤੁਹਾਡੀ ਸਵੇਰੇ ਨੂੰ ਸਿਹਤਮੰਦ ਨਹੀਂ ਕਿਹਾ ਜਾ ਸਕਦਾ। ਦਿਨ ਦਾ ਸਵਾਤ ਜੇ ਪੌਸ਼ਟਿਕ ਨਾਸ਼ਤੇ ਨਾਲ ਹੋਵੇ ਤਾਂ ਸਿਹਤ ਸਬੰਧੀ ਸਮੱਸਿਆਵਾਂ ਦਾ ਘੱਟ ਸਾਹਮਣਾ ਕਰਨਾ ਪੈਂਦਾ ਹੈ।

ਬਹੁਤ ਸਾਰੀਆਂ ਔਰਤਾਂ ਸਵੇਰੇ ਵੇਲੇ ਨਾਸ਼ਤਾਂ ਨਹੀਂ ਕਰਦੀਆਂ, ਜੇ ਕਰਦੀਆਂ ਵੀ ਹਨ ਤਾਂ ਇਹ ਹਲਕਾ ਫੁਲਕਾ ਹੁੰਦਾ ਹੈ। ਪੌਸ਼ਟਿਕ ਨਹੀਂ। ਜੇ ਤੁਸੀਂ ਅਜਿਹਾ ਕਰ ਦੇ ਹੋ ਤਾਂ ਤੁਹਾਨੂੰ ਅੱਜ ਹੀ ਨਾਸ਼ਤੇ ਦੀ ਰੁਟੀਨ ਬਦਲ ਦੇਣੀ ਚਾਹੀਦੀ ਹੈ, ਕਿਉਂਕਿ ਨਾਸ਼ਤੇ ਨੂੰ ਪੌਸ਼ਟਿਕ ਨਾ ਰੱਖਣ ਕਾਰਨ ਖਾਸ ਕਰਕੇ ਔਰਤਾਂ ਨੂੰ ਵੱਡੀ ਉਮਰ ਵਿਚ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

**ਵਿਗਿਆਨਕ ਨਜ਼ਰੀਆ:**

ਡਿਨਰ ਅਤੇ ਨਾਸ਼ਤੇ ਦਰਮਿਆਨ 10 ਤੋਂ 12 ਘੰਟੇ ਦਾ ਅੰਤਰ ਹੋਣ ਕਾਰਨ ਸਵੇਰੇ ਵੇਲੇ ਨਾਸ਼ਤਾ ਜ਼ਰੂਰ ਕਰਨਾ ਚਾਹੀਦਾ ਹੈ ਅਤੇ ਉਹ ਵੀ ਸੰਤੁਲਤ ਅਤੇ ਪੌਸ਼ਟਿਕ।

ਜਾਗਣ ਤੋਂ ਬਾਅਦ ਜਿਵੇਂ ਜਿਵੇਂ ਰੁਝੇਂਵੇਂ ਵੱਧਦੇ ਹਨ ਸਰੀਰ ਨੂੰ ਵਧੇਰੇ ਊਰਜਾ ਦੀ ਲੋੜ ਪੈਂਦੀ ਹੈ। ਇਸ ਲਈ ਜੇ ਨਾਸ਼ਤਾ ਪੌਸ਼ਟਿਕ ਨਹੀਂ ਹੋਵੇਗਾ ਤਾਂ ਨਾਸ਼ਤਾ ਨਾ ਕੀਤਾ ਜਾਵੇ ਤਾਂ ਸਰੀਰ ਦੀ ਪਾਚਨ ਪ੍ਰਕਿਰਿਆ ਮੱਠੀ ਪੈ ਜਾਂਦੀ ਹੈ ਅਤੇ ਬਲੱਡ ਸ਼ੂਗਰ ਦਾ ਪੱਧਰ ਹੇਠਾਂ ਆ ਜਾਂਦਾ ਹੈ। ਉਠਣ ਤੋਂ ਬਾਅਦ 10 ਤੋਂ 12 ਵਜੇ ਤੱਕ ਸਾਡੀਆਂ ਗਤੀਵਿਧੀਆ ਨਾਲ ਪਾਚਨ ਪ੍ਰਕਿਰਿਆ ਵੀ ਤੇਜ਼ ਹੁੰਦੀ ਜਾਂਦੀ ਹੈ। ਇਹੀ ਕਾਰਨ ਹੈ ਕਿ ਜੇ ਨਾਸ਼ਤਾ ਨਾ ਕੀਤਾ ਜਾਵੇ ਤਾਂ ਇਸ ਵੇਲੇ ਬਹੁਤ ਤੇਜ ਭੁੱਖ ਲੱਗਦੀ ਹੈ। ਇਸ ਲਈ ਨਾਸ਼ਤਾ ਕਰਨਾ ਸਰੀਰ ਲਈ ਬੇਹੱਦ ਫਾਇਦੇਮੰਦ ਹੈ ਅਤੇ ਸਾਨੂੰ ਲੰਮੇ ਸਮੇਂ ਲਈ ਊਰਜਾ ਦਿੰਦਾ ਹੈ। ਸਵੇਰੇ ਨਿਰਨੇ ਕਾਲਜੇ ਚਾਹ ਪੀਣ ਨਾਲ ਸਾਡੀ ਪਾਚਨ ਪ੍ਰਕਿਰਿਅ ਪ੍ਰਭਾਵਤ ਹੁੰਦੀ ਹੈ ਅਤੇ ਐਸਿਡ ਪੈਦਾ ਹੋਣ ਦੀਆਂ ਸੰਭਾਵਾਵਾਂ ਵੱਧ ਜਾਂਦੀਆਂ ਹਨ।

**ਨਹੀਂ ਆਉਂਦਾ ਮੋਟਾਪਾ:**

ਆਮ ਤੌਰ 'ਤੇ ਔਰਤਾਂ ਦੀ ਧਾਰਨਾ ਹੈ ਕਿ ਨਾਸ਼ਾ ਕਰਨ ਨਾਂਲ ਉਹ ਮੋਟਾਂਪੇ ਦੀਆਂ ਸ਼ਿਕਾਰ ਹੋ ਸਕਦੀਆਂ ਹਨ, ਜਦਕਿ ਸਿਹਤ ਵਿਗਿਆਨੀਆਂ ਦਾ ਮੰਨਣਾ ਹੈ ਕਿ ਜਿਹੜੀਆਂ ਔਰਤਾਂ ਸਵੇਰੇ ਨਾਸ਼ਤਾ ਕਰਦੀਆਂ ਹ, ਉਹ ਮੋਟਾਪੇ ਦੀਆਂ ਘੱਟ ਸ਼ਿਕਾਰ ਹੁੰਦੀਆਂ ਹਨ ਕਿਉਂਕਿ ਸਵੇਰੇ ਵੇਲੇ ਨਾਸ਼ਤਾ ਕਰਨ ਨਾਲ ਇਸ ਦਾ ਇਕ ਵੱਡਾ ਹਿੱਸਾ ਸਰੀਰ ਨੂੰ ਊਰਜਾ ਪ੍ਰਦਾਨ ਕਰਨ ਵਿਚ ਖਰਚ ਹੋ ਜਾਂਦਾ ਹੈ। ਜੇ ਨਾਸ਼ਤਾ ਨਾ ਕਰਕੇ ਤੁਸੀਂ ਸਿੱਧਾ ਭੋਜਨ ਕਰਦੇ ਹੋ ਤਾਂ ਲੰਮੇ ਅਰਸੇ ਬਾਅਦ ਭੋਜਨ ਕਰਨ ਕਰਕੇ ਭੁੱਖ ਵਧੇਰੇ ਲੱਗੀ ਹੁੰਦੀ ਹੈ ਅਤੇ ਖਾਧਾ ਪੀਤਾ ਵੀ ਵਧੇਰੇ ਜਾਂਦਾ ਹੈ। ਵੱਧ ਖਾਣ ਨਾਲ ਵਾਧੂ ਤੱਤ ਸਰੀਰ ਵਿਚ ਜਮ੍ਹਾ ਹੋ ਕੇ ਮੋਟਾਂਪੇ ਦਾ ਕਾਰਨ ਬਣਦੇ ਹਨ ਮਾਹਿਰਾਂ ਅਨੁਸਾਰ ਸਵੇਰੇ ਵੇਲੇ ਭਰਪੇਟ ਨਾਸ਼ਤਾ ਕਰੋ ਜਦਕਿ ਸ਼ਾਮ ਜਾਂ ਰਾਤ ਦਾ ਭੋਜਨ ਹਲਕਾ ਹੋਣਾ ਚਾਹੀਦਾ ਹੈ।

**ਮਾਨਸਿਕ ਪ੍ਰਭਾਵ**

ਸਵੇਰੇ ਵੇਲੇ ਪੌਸ਼ਟਿਕ ਨਾਸ਼ਤਾ ਲੈਣ ਨਾਲ ਸਰੀਰ ਅਤੇ ਦਿਮਾਗ ਨੂੰ ਉਚਿਤ ਮਾਤਰਾ ਵਿਚ ਊਰਜਾ ਮਿਲਣ ਕਾਰਨ ਚਿੜਚਿੜਾਪਣ, ਥਕਾਵਟ ਅਤੇ ਸੁਤੀ ਨੇੜੇ ਨਹੀਂ ਆਉਂਦੇ, ਜਦਕਿ ਨਾਸ਼ਤਾ ਨਾ ਕਰਨ ਕਰਕੇ ਲੰਮੇ ਸਮੇਂ ਤੱਕ ਕੱਟੀ ਗਈ ਇਹ ਭੁੱਖ ਸਰੀਰ ਵਿਚ ਜ਼ਰੂਰੀ ਤੱਤਾਂ ਦੀ ਕਮੀ ਲੈ ਆਉਂਦੀ ਹ ਜਿਸ ਨਾਲ ਮਾਨਸਿਕ ਉਲਝਣਾ, ਸੁਸਤੀ, ਥਕਾਵਅ ਆਦਿ ਹਾਵੀ ਹੁੰਦੀਆਂ ਜਾਂਦੀਆਂ ਹਨ। ਸਿਹਤ ਮਾਹਿਰਾਂ ਅਨੁਸਾਰ ਭਾਰਤੀ ਔਰਤ ਜ਼ਿਆਦਾਤਰ ਅਨੀਮੀਆ ਦਾ ਸ਼ਿਕਾਰ ਹੁੰਦੀਆਂ ਹਨ, ਇਸ ਲਈ ਸਰੀਰ ਨੂੰ ਉਚਿਤ ਮਾਤਰਾ ਵਿਚ ਆਇਰਨ ਦੀ ਲੋੜ ਹੁੰਦੀ ਹੈ। ਇਹ ਲੋੜ ਸੰਤੁਲਨ ਨਾਸ਼ਤੇ ਨਾਲ ਪੂਰੀ ਕੀਤੀ ਜਾ ਸਕਦੀ ਹੈ।

# 'ਸੰਨ ਆਫ ਮਨਜੀਤ ਸਿੰਘ' ਨਾਲ ਕਪਿਲ ਦੇ ਚਿਹਰੇ 'ਤੇ ਪਰਤਿਆ ਹਾਸਾ



ਕਾਮੇਡੀ ਕਿੰਗ ਕਪਿਲ ਸ਼ਰਮਾ ਹੌਲੀ-ਹੌਲੀ ਆਪਣੇ ਰੰਗ 'ਚ ਵਾਪਸ ਪਰਤ ਰਹੇ ਹਨ। ਜਲਦ ਹੀ ਉਹ ਸੋਨੀ ਟੀ. ਵੀ. 'ਤੇ ਵਾਪਸੀ ਕਰਨ ਜਾ ਰਹੇ ਹਨ। ਦੱਸ ਦੇਈਏ ਕਿ ਇਨ੍ਹੀਂ ਦਿਨੀਂ ਕਪਿਲ ਸ਼ਰਮਾ ਆਪਣੀ ਆਉਣ ਵਾਲੀ ਪੰਜਾਬੀ ਫਿਲਮ 'ਸੰਨ ਆਫ ਮਨਜੀਤ ਸਿੰਘ' ਦੀ ਪ੍ਰਮੋਸ਼ਨ 'ਚ ਰੁੱਝੇ ਹੋਏ ਹਨ। ਇਸ ਫਿਲਮ 'ਚ ਪੰਜਾਬੀ ਫਿਲਮ ਇੰਡਸਟਰੀ ਦੇ ਸੁਪਰਸਟਾਰ ਗੁਰਪ੍ਰੀਤ ਘੁੱਗੀ ਮੁੱਖ ਭੂਮਿਕਾ 'ਚ ਹੈ। ਗੁਰਪ੍ਰੀਤ ਘੁੱਗੀ ਤੋਂ ਇਲਾਵਾ ਫਿਲਮ 'ਚ ਦਮਨਪ੍ਰੀਤ ਸਿੰਘ, ਬੀ. ਐੱਨ. ਸ਼ਰਮਾ, ਕਰਮਜੀਤ ਅਨਮੋਲ, ਜਪਜੀ ਖਹਿਰਾ, ਹਾਰਬੀ ਸੰਘਾ, ਮਲਕੀਤ ਰੌਣੀ, ਦੀਪ ਮਨਦੀਪ ਤੇ ਤਾਨੀਆ ਮੁੱਖ ਭੂਮਿਕਾ 'ਚ ਨਜ਼ਰ ਆਉਣਗੇ। ਫਿਲਮ ਦਾ ਸਕ੍ਰੀਨ ਪਲੇਅ ਧੀਰਜ ਰਤਨ ਨੇ ਲਿਖਿਆ ਹੈ ਅਤੇ ਡਾਇਲਾਗਸ ਸੁਰਮੀਤ ਮਾਵੀ ਦੇ ਹਨ। 'ਸੰਨ ਆਫ ਮਨਜੀਤ ਸਿੰਘ' ਕੇ-9 ਅਤੇ ਸੈਵਨ ਕਲਰਸ ਮੋਸ਼ਨ ਪਿਚਰਸ ਦੇ ਬੈਨਰ ਹੇਠ ਤਿਆਰ ਕੀਤੀ ਜਾ ਰਹੀ ਹੈ। ਫਿਲਮ ਦੀ ਪੂਰੀ ਕਹਾਣੀ ਪਿਉ-ਪੁੱਤ ਦੇ ਸੁਪਨਿਆਂ 'ਤੇ ਆਧਾਰਿਤ ਹੈ। ਹਾਲ ਹੀ 'ਚ ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਆਪਣੀ ਤਸਵੀਰ ਸ਼ੇਅਰ ਕੀਤੀ ਹੈ, ਜਿਸ 'ਚ ਉਹ ਨਾ ਸਿਰਫ ਫਿੱਟ ਨਜ਼ਰ ਆ ਰਹੇ ਹਨ ਸਗੋਂ ਉਨ੍ਹਾਂ ਦਾ ਭਾਰ ਵੀ ਕਾਫੀ ਘੱਟ ਦਿਸ ਰਿਹਾ ਹੈ। ਕਪਿਲ ਦੀਆਂ 2-3 ਮਹੀਨੇ ਪਹਿਲਾਂ ਜੋ ਤਸਵੀਰਾਂ ਵਾਇਰਲ ਹੋਈਆਂ ਸਨ, ਉਨ੍ਹਾਂ ਤਸਵੀਰਾਂ 'ਚ ਕਪਿਲ ਕਾਫੀ ਮੋਟਾ ਨਜ਼ਰ ਆ ਰਿਹਾ ਸੀ। ਦੱਸਿਆ ਗਿਆ ਸੀ ਕਿ ਅਜਿਹਾ ਡਿਪ੍ਰੈਸ਼ਨ ਕਾਰਨ ਹੋ ਰਿਹਾ ਸੀ ਪਰ ਹੁਣ ਕਪਿਲ ਇਨ੍ਹਾਂ ਤਸਵੀਰਾਂ 'ਚ ਬਿਲਕੁਲ ਫਿੱਟ ਨਜ਼ਰ ਆ ਰਹੇ ਹਨ। ਉਨ੍ਹਾਂ ਦੇ ਚਿਹਰੇ 'ਤੇ ਚਮਕ ਵੀ ਵਾਪਸ ਆ ਗਈ ਹੈ। ਤਸਵੀਰ ਨੂੰ ਸ਼ੇਅਰ ਕਰਦਿਆਂ ਕਪਿਲ ਨੇ ਕੈਪਸ਼ਨ 'ਚ ਲਿਖਿਆ, "ਪੰਜਾਬ, ਅੰਮ੍ਰਿਤਸਰ, ਜਧੰਧਰ, ਕੁਲਚੇ, ਮੱਠੀ, ਛੋਲੇ, ਲੱਸੀ=5 ਕਿਲੋ ਵਜ਼ਨ ਵਧ ਗਿਆ ਹੈ ਪਰ ਕਪਿਲ ਨੂੰ ਦੇਖ ਕੇ ਨਹੀਂ ਲੱਗ ਰਿਹਾ ਕਿ ਉਨ੍ਹਾਂ ਦਾ ਵਜ਼ਨ ਵਧਿਆ ਹੋਵੇ।" ਦੱਸਣਯੋਗ ਹੈ ਕਿ ਇਨ੍ਹੀਂ ਦਿਨੀਂ ਕਪਿਲ ਸ਼ਰਮਾ ਆਪਣੀ ਆਉਣ ਵਾਲੀ ਪੰਜਾਬੀ ਫਿਲਮ 'ਸੰਨ ਆਫ ਮਨਜੀਤ ਸਿੰਘ' ਦੀ ਪ੍ਰਮੋਸ਼ਨ 'ਚ ਰੁੱਝੇ ਹੋਏ ਹਨ। ਇਸ ਫਿਲਮ 'ਚ ਪੰਜਾਬੀ ਫਿਲਮ ਇੰਡਸਟਰੀ ਦੇ ਸੁਪਰਸਟਾਰ ਗੁਰਪ੍ਰੀਤ ਘੁੱਗੀ ਮੁੱਖ ਭੂਮਿਕਾ 'ਚ ਹੈ। ਵਿਕਰਮ ਗਰੋਵਰ ਦੇ ਨਿਰਦੇਸ਼ਨ ਵਾਲੀ ਇਹ ਫਿਲਮ 12 ਅਕਤੂਬਰ ਨੂੰ ਰਿਲੀਜ਼ ਹੋ ਰਹੀ ਹੈ। ਇਸ ਫਿਲਮ ਨੂੰ ਕਪਿਲ ਸ਼ਰਮਾ ਤੇ ਸੁਮੀਤ ਸਿੰਘ ਮਿਲ ਕੇ ਪ੍ਰੋਡਿਊਸ ਕੀਤਾ ਹੈ। ਖਬਰ ਹੈ ਕਿ ਕਪਿਲ ਇਸੇ ਮਹੀਨੇ ਟੀ. ਵੀ. 'ਤੇ ਨਵੇਂ ਸ਼ੋਅ ਨਾਲ ਵਾਪਸੀ ਕਰ ਸਕਦੇ ਹਨ।



# ਕੈਟਰੀਨਾ ਕੈਫ ਬਣੀ ਸਭ ਤੋਂ ਸੋਹਣੀ ਠੱਗ

ਆਉਣ ਵਾਲੀ ਫ਼ਿਲਮ ਠੱਗਸ ਆਫ਼ ਹਿੰਦੋਸਤਾਨ ਨੂੰ ਲੈ ਕੇ ਦਰਸ਼ਕਾਂ ਦੀ ਬੇਤਾਬੀ ਵੱਧਦੀ ਹੀ ਜਾ ਰਹੀ ਹੈ। ਇਸ ਬੇਤਾਬੀ ਨੂੰ ਹੋਰ ਵਧਾਉਣ ਲਈ ਆਮਿਰ ਖ਼ਾਨ ਨੇ ਫ਼ਿਲਮ ਦੀ ਹੀਰੋਈਨ ਕੈਟਰੀਨਾ ਕੈਫ ਦਾ ਫੱਸਟ ਲੁੱਕ ਵੀ ਸ਼ੇਅਰ ਕਰ ਦਿੱਤਾ ਹੈ। ਜਿਸ ਨੂੰ ਦੇਖ ਕੇ ਫੈਨਜ਼ ਦੇ ਦਿਲਾਂ ਦੀ ਧੜਕਨਾਂ ਹੋਰ ਤੇਜ਼ ਹੋ ਜਾਣਗੀਆਂ। ਕੈਟਰੀਨਾ ਦਾ ਲੁੱਕ ਸ਼ੇਅਰ ਕਰਦਿਆਂ ਆਮਿਰ ਨੇ ਲਿਖਿਆ, 'ਸੁਰੱਈਆ ਜਾਨ, ਸਭ ਤੋਂ ਸੋਹਣੀ ਠੱਗ, ਧੂਮ 3 ਦੇ ਸਮੇਂ ਮੇਰਾ ਦਿਲ ਇਨ੍ਹਾਂ ਤੇ ਆਇਆ ਹੋਇਆ ਹੈ ਪਰ ਕਦੇ ਕਹਿਣ ਦੀ ਹਿੰਮਤ ਨਾ ਹੋਈ। ਜੇਕਰ ਕੋਈ ਇਨ੍ਹਾਂ ਨੂੰ ਦੱਸ ਦੇਵੇ ਤਾਂ ਵੱਡੀ ਮਿਹਰਬਾਨੀ ਹੋਵੇਗੀ।' ਦਰਅਸਲ 5 ਸਾਲ ਪਹਿਲਾਂ ਰਿਲੀਜ਼ ਹੋਈ ਫ਼ਿਲਮ ਧੂਮ-3 ਚ ਆਮਿਰ ਖ਼ਾਨ ਅਤੇ ਕੈਟਰੀਨਾ ਨੇ ਇਕੱਠਿਆਂ ਕੰਮ ਕੀਤਾ ਸੀ।

# ਨੂਤਨ ਦੀ ਪੋਤੀ ਨੂੰ ਪੇਸ਼ ਕਰ ਰਹੇ ਸਲਮਾਨ ਖਾਨ



ਸਲਮਾਨ ਖਾਨ ਵਿਚ ਇਕ ਚੰਗਾ ਗੁਣ ਇਹ ਹੈ ਕਿ ਉਹ ਕਲਾਕਾਰਾਂ ਨੂੰ ਮੌਕਾ ਦੇਣ ਵਿਚ ਵਿਸ਼ਵਾਸ ਰੱਖਦਾ ਹੈ। ਸਲਮਾਨ ਨੇ ਹੀ 'ਹੀਰੋ' ਦਾ ਨਿਰਮਾਣ ਕਰ ਕੇ ਸੂਰਜ ਪੰਚੋਲੀ ਤੇ ਅਥੀਆ ਸ਼ੈਟੀ ਨੂੰ ਮੌਕਾ ਦਿੱਤਾ ਸੀ ਤੇ ਹੁਣ ਉਹ 'ਲਵ ਯਾਤਰੀ' (ਪੁਰਾਣਾ ਨਾਂਅ 'ਲਵ ਰਾਤਰੀ') ਰਾਹੀਂ ਆਯੂਸ਼ ਸ਼ਰਮਾ ਤੇ ਵਰੀਨਾ ਹੁਸੈਨ ਨੂੰ ਵੱਡੇ ਪਰਦੇ 'ਤੇ ਲਿਆ ਰਹੇ ਹਨ। ਹੁਣ ਸਲਮਾਨ ਦੀ ਬਦੌਲਤ ਇਕ ਹੋਰ ਨਵੀਂ ਪ੍ਰਤਿਭਾ ਨੂੰ ਮੌਕਾ ਮਿਲ ਰਿਹਾ ਹੈ ਅਤੇ ਇਹ ਹੈ ਸਵਰਗੀ ਅਭਿਨੇਤਰੀ ਨੂਤਨ ਦੀ ਪੋਤੀ ਪ੍ਰਨੂਤਨ। ਉਹ ਮੋਹਨਿਸ਼ ਬਹਿਲ ਦੀ ਬੇਟੀ ਹੈ ਅਤੇ ਸਲਮਾਨ ਦੀ ਪਹਿਲੀ ਹਿਟ ਫ਼ਿਲਮ 'ਮੈਂਨੇ ਪਿਆਰ ਕੀਆ' ਵਿਚ ਮੋਹਨਿਸ਼ ਨਾਂਹਪੱਖੀ ਭੂਮਿਕਾ ਵਿਚ ਸੀ। ਉਸ ਤੋਂ ਬਾਅਦ ਸਲਮਾਨ-ਮੋਹਨਿਸ਼ ਨੇ 'ਬਾਗ਼ੀ', 'ਹਮ ਆਪਕੇ ਹੈਂ ਕੌਨ', 'ਹਮ ਸਾਥ ਸਾਥ ਹੈਂ', 'ਕਹੀਂ ਪਿਆਰ ਨਾ ਹੋ ਜਾਏ', 'ਹੀਰੋਜ਼', 'ਜੈ ਹੋ' ਆਦਿ ਫ਼ਿਲਮਾਂ ਵਿਚ ਇਕੱਠਿਆਂ ਕੰਮ ਕੀਤਾ ਅਤੇ ਹੁਣ ਜਦੋਂ ਬੇਟੀ ਨੇ ਫ਼ਿਲਮਾਂ ਵਿਚ ਆਉਣ ਦੀ ਇੱਛਾ ਪ੍ਰਗਟਾਈ ਤਾਂ ਮੋਹਨਿਸ਼ ਨੇ ਸਲਮਾਨ ਨਾਲ ਸੰਪਰਕ ਕਰ ਕੇ ਆਪਣੀ ਬੇਟੀ ਦੀ ਇੱਛਾ ਬਾਰੇ ਦੱਸਿਆ ਅਤੇ ਸਲਮਾਨ ਉਸ ਨੂੰ ਫ਼ਿਲਮਾਂ ਵਿਚ ਮੌਕਾ ਦੇਣ ਲਈ ਰਾਜ਼ੀ ਹੋ ਗਏ। ਜ਼ਹੀਰ ਇਕਬਾਲ ਉਸ ਦਾ ਹੀਰੋ ਹੋਏਗਾ। ਫ਼ਿਲਮ ਦਾ ਨਿਰਦੇਸ਼ਨ ਨਿਤਿਨ ਕੱਕੜ ਕਰਨਗੇ। ਨਿਤਿਨ ਵੀ ਸਲਮਾਨ ਵਲੋਂ ਮੌਕਾ ਹਾਸਲ ਕਰ ਕੇ ਖ਼ੁਦ ਨੂੰ ਖ਼ੁਸ਼ ਕਿਸਮਤ ਮੰਨ ਰਿਹਾ ਹੈ।


# ਹਰ ਉਮਰ ਦੇ ਲੋਕਾਂ ਨੂੰ ਪਸੰਦ ਆ ਰਹੀ ਏ ਫਿਲਮ ਪ੍ਰਾਹੁਣਾ



28 ਸਤੰਬਰ ਨੂੰ ਰਿਲੀਜ਼ ਹੋਈ ਪੰਜਾਬੀ ਫਿਲਮ 'ਪ੍ਰਾਹੁਣਾ' ਦਰਸ਼ਕਾਂ ਦੀ ਕਸੌਟੀ 'ਤੇ ਪੂਰੀ ਤਰ੍ਹਾਂ ਨਾਲ ਖਰੀ ਉਤਰ ਰਹੀ ਹੈ। ਇਸ ਦਾ ਅੰਦਾਜ਼ਾ ਫਿਲਮ ਦੀ ਤੇਜ਼ੀ ਨਾਲ ਵੱਧ ਰਹੀ ਬਾਕਸ ਆਫਿਸ ਕਲੈਕਸ਼ਨ ਤੋਂ ਲਗਾਇਆ ਜਾ ਸਕਦਾ ਹੈ। ਜਾਣਕਾਰੀ ਮੁਤਾਬਕ ਹੁਣ ਤਕ 'ਪ੍ਰਾਹੁਣਾ' ਫਿਲਮ ਨੇ ਭਾਰਤ 'ਚ 7 ਕਰੋੜ ਰੁਪਏ ਤੋਂ ਵੱਧ ਦੀ ਕਮਾਈ ਕਰ ਲਈ ਹੈ। ਇਸ ਫਿਲਮ ਦੀ ਖਾਸ ਗੱਲ ਇਹ ਹੈ ਕਿ ਇਸ ਨੂੰ ਦੇਖਣ ਲਈ ਹਰ ਉਮਰ ਦੇ ਲੋਕ ਸਿਨੇਮਾਘਰਾਂ ਦਾ ਰੁਖ਼ ਕਰ ਰਹੇ ਹਨ। ਕਾਮੇਡੀ ਨਾਲ ਭਰਪੂਰ 'ਪ੍ਰਾਹੁਣਾ' ਇਕ ਪਰਿਵਾਰਕ ਫਿਲਮ ਹੈ। ਫਿਲਮ 'ਚ ਕੁਲਵਿੰਦਰ ਬਿੱਲਾ, ਵਾਮਿਕਾ ਗਾਬੀ, ਕਰਮਜੀਤ ਅਨਮੋਲ, ਹਾਰਬੀ ਸੰਘਾ ਤੇ ਸਰਦਾਰ ਸੋਹੀ ਮੁੱਖ ਭੂਮਿਕਾ 'ਚ ਹਨ। ਫਿਲਮ ਦੇ ਡਾਇਲਾਗਸ ਤੇ ਕਹਾਣੀ ਨੂੰ ਵੀ ਖ਼ੂਬ ਸਰਾਹਿਆ ਜਾ ਰਿਹਾ ਹੈ, ਜਦਕਿ ਫਿਲਮ ਦੇ ਗੀਤ ਪਹਿਲਾਂ ਹੀ ਲੋਕਾਂ ਦੀ ਜ਼ੁਬਾਨ 'ਤੇ ਹਨ। ਫਿਲਮ ਨੂੰ ਮੋਹਿਤ ਬਨਵੈਤ ਤੇ ਅੰਮ੍ਰਿਤ ਰਾਜ ਚੱਢਾ ਨੇ ਸਾਂਝੇ ਤੌਰ 'ਤੇ ਡਾਇਰੈਕਟ ਕੀਤਾ ਹੈ ਤੇ ਇਸ ਨੂੰ ਮੋਹਿਤ ਬਨਵੈਤ ਤੇ ਮਨੀ ਧਾਲੀਵਾਲ ਵਲੋਂ ਪ੍ਰੋਡਿਊਸ ਕੀਤਾ ਗਿਆ ਹੈ। ਫਿਲਮ ਦੀ ਕਹਾਣੀ ਸੁਖਰਾਜ ਸਿੰਘ, ਟਾਟਾ ਬੈਨੀਪਾਲ ਤੇ ਅਮਨ ਸਿੱਧੂ ਨੇ ਲਿਖਿਆ ਹੈ, ਜਦਕਿ ਇਸ ਦਾ ਸਕ੍ਰੀਨਪਲੇਅ ਸੁਖਰਾਜ ਸਿੰਘ ਦਾ ਹੈ। ਫਿਲਮ ਦੇ ਗੀਤ ਧਰਮਬੀਰ ਭੰਗੂ, ਦੀਪ ਕੰਡਿਆਰਾ ਤੇ ਰਿੱਕੀ ਖਾਨ ਨੇ ਲਿਖੇ ਹਨ, ਜਦਕਿ ਸੰਗੀਤ ਮਿਸਟਰ ਵੋਵ, ਮਿਊਜ਼ਿਕ ਨਸ਼ਾ ਤੇ ਦਿ ਬੌਸ ਨੇ ਤਿਆਰ ਕੀਤਾ ਹੈ। ਫਿਲਮ ਦੀ ਸਟਾਰਕਾਸਟ 'ਚ ਅਨੀਤਾ ਮੀਤ, ਮਲਕੀਤ ਰੌਣੀ, ਨਿਰਮਲ ਰਿਸ਼ੀ, ਰੁਪਿੰਦਰ ਰੁਪੀ, ਗੁਰਪ੍ਰੀਤ ਭੰਗੂ, ਪ੍ਰਕਾਸ਼ ਗਧੂ, ਰਾਜ ਧਾਲੀਵਾਲ, ਅਕਸ਼ਿਤਾ ਸ਼ਰਮਾ ਤੇ ਨਵਦੀਪ ਕਲੇਰ ਵੀ ਸ਼ਾਮਲ ਹਨ।



# 'ਕਰੇਜ਼ੀ ਹਮ' ਵਿੱਚ ਆਵੇਗਾ ਅਦਿਤਿਆ



ਅਦਿਤਿਆ ਦਾ ਵਕਤ ਖ਼ਰਾਬ ਚਲ ਰਿਹਾ ਹੈ। 'ਓ ਕੇ ਜਾਨੂੰ' ਤਾਂ ਆਈ ਪਰ ਖਾਸ ਲਾਭ ਉਸ ਨੂੰ ਮਿਲਿਆ ਹੀ ਨਹੀਂ। ਹੁਣ ਉਹ ਮੰਮੀ ਕੋਲੋਂ ਤੋਹਫ਼ੇ 'ਚ ਮਿਲੀ ਪਿਆਨੋ ਵਜਾ ਕੇ ਫਲਾਪ ਫ਼ਿਲਮਾਂ ਦੇ ਦੁੱਖ ਹਲਕੇ ਕਰ ਰਿਹਾ ਹੈ। ਸੰਗੀਤ ਦਾ ਸ਼ੌਕ ਅਭਿਨੈ 'ਤੇ ਹਾਵੀ ਹੋ ਰਿਹਾ ਹੈ। ਗਿਟਾਰ ਵਾਦਕ ਉਹ ਪਹਿਲਾਂ ਹੀ ਵਧੀਆ ਹੈ ਤੇ ਹੁਣ ਪਿਆਨੋ ਮਾਸਟਰ ਵੀ ਬਣ ਜਾਏਗਾ। 'ਕਰੇਜ਼ੀ ਹਮ', 'ਸ਼ਿੱਦਤ' ਫ਼ਿਲਮਾਂ ਤਾਂ ਉਸ ਕੋਲ ਹਨ ਪਰ ਹੁਣ ਉਸ ਨੂੰ ਲੱਗ ਰਿਹਾ ਹੈ ਕਿ ਸੰਗੀਤ ਜ਼ਰੀਏ ਹੀ ਕਾਮਯਾਬੀ ਉਸ ਨੂੰ ਮਿਲ ਸਕਦੀ ਹੈ। ਹੁਣ 'ਕਰੇਜ਼ੀ ਹਮ' ਤੇ 'ਸ਼ਿੱਦਤ' ਦੇਰ ਬਾਅਦ ਆਉਣੀਆਂ ਹਨ, ਇਸ ਲਈ ਸੰਗੀਤ ਵੱਲ ਕੇਂਦਰਿਤ ਹੈ। ਅਦਿਤਿਆ ਨੇ ਆਪਣੇ-ਆਪ ਨੂੰ ਮਾਨਸਿਕ ਤੌਰ 'ਤੇ ਤੰਦਰੁਸਤ ਰੱਖਣ ਦਾ ਫਾਰਮੂਲਾ ਅਪਣਾਇਆ ਹੈ... ਤੇ ਹਾਂ ਭੱਟ ਪਰਿਵਾਰ ਨੇ ਅਦਿਤਿਆ ਰਾਏ ਨੂੰ ਖ਼ੁਸ਼ਖ਼ਬਰੀ ਦੇ ਕੇ ਸੰਤੁਸ਼ਟ ਕੀਤਾ ਹੈ। 20 ਸਾਲ ਬਾਅਦ ਫਿਰ ਮਹੇਸ਼ ਭੱਟ ਫ਼ਿਲਮ ਨਿਰਦੇਸ਼ਤ ਕਰਨ ਜਾ ਰਹੇ ਹਨ। 'ਸੜਕ-2' ਤੇ ਹੀਰੋ ਅਦਿਤਿਆ ਨੂੰ ਆਲੀਆ ਦੇ ਨਾਲ ਲਿਆ ਹੈ। 'ਸੜਕ-2' ਮਿਲਣ ਦੀ ਖ਼ੁਸ਼ੀ 'ਚ ਪਿਆਨੋ ਦਾ ਸੰਗੀਤ ਹੋਰ ਮਿੱਠਾ ਅਦਿਤਿਆ ਨੂੰ ਲੱਗਣ ਲੱਗ ਪਿਆ ਹੈ। ਅਦਿਤਿਆ ਨੂੰ ਮਹਿਸੂਸ ਹੋ ਗਿਆ ਹੈ ਕਿ ਸੰਗੀਤ ਨੇ ਦਿੱਤੀ ਮਾਨਸਿਕ ਸ਼ਕਤੀ ਤੇ ਇਸ ਮਾਨਸਿਕ ਸ਼ਕਤੀ ਦੌਰਾਨ ਭੱਟ ਪਰਿਵਾਰ ਦੀ ਫ਼ਿਲਮ ਦਾ ਮਿਲਣਾ, ਉਸ ਨੂੰ ਹਰ ਪੱਖ ਤੋਂ ਰਾਹਤ ਦੇ ਰਿਹਾ ਹੈ। ਫਰਹਾਨ ਅਖ਼ਤਰ ਨਾਲ ਸੁਲਾਹ-ਸਫਾਈ, ਸ਼ਰਧਾ ਕਪੂਰ ਦਾ ਖਿਆਲ ਪਰ੍ਹਾਂ ਰੱਖ, ਕੈਟਰੀਨਾ ਤੋਂ ਕਸਰਤਾਂ ਸਿਖ ਹੁਣ 'ਸ਼ਿੱਦਤ' ਨਾਲ 'ਸੜਕ-2' 'ਤੇ ਦੌੜਨ ਲਈ ਤਿਆਰ ਅਦਿਤਿਆ ਰਾਏ ਕਪੂਰ, ਸੰਗੀਤ ਮਾਹਿਰ ਬਣ ਕਹੇਗਾ 'ਕਰੇਜ਼ੀ ਹੈਂ ਹਮ'।

# ਬਰਗਾੜੀ ਇਨਸਾਫ਼ ਮੋਰਚਾ-ਅੱਖੀਂ ਡਿੱਠਾ ਬਿਰਤਾਂਤ





ਕੌਮਾਂ, ਧਰਮਾਂ, ਮੁਲਕਾਂ ਅਤੇ ਸਮਾਜਾਂ ਦੇ ਇਤਿਹਾਸ ਵਿਚ ਕੁਝ ਘਟਨਾਵਾਂ ਜਾਂ ਹਾਦਸੇ ਇਸ ਤਰਾਂ ਦੇ ਵਾਪਰ ਜਾਂਦੇ ਹਨ ਜਿਹੜੇ ਸੰਬੰਧਿਤ ਕੌਮ ਜਾਂ ਸਮਾਜ ਦੇ ਜ਼ਿਹਨ ਵਿਚ ਧੁਰ ਅੰਦਾਰ ਤੱਕ ਪੁੜੇ ਜਾਂਦੇ ਹਨ ਅਤੇ ਜਿਨ੍ਹਾਂ ਦਾ ਦਰਦ ਸਮੇਂ ਦੇ ਬੀਤਣ ਨਾਲ ਮੁੱਕਦਾ ਜਾਂ ਘਟਦਾ ਨਹੀਂ ਸਗੋਂ ਉਨ੍ਹਾਂ ਦੀ ਸ਼ਿੱਦਤ ਹੋਰ ਤੀਬਰਤਾ ਨਾਲ ਵਧਦੀ ਚਲੇ ਜਾਂਦੀ ਹੈ। ਨਿੱਕੇ ਸਾਹਿਬਜ਼ਾਦਿਆਂ ਦੀ ਬੇਮਿਸਾਲ ਸ਼ਹਾਦਤ ਨੇ ਮਾਧੋ ਦਾਸ ਬੈਰਾਗੀ ਨੂੰ ਗੁਰਬਖ਼ਸ਼ ਸਿੰਘ ਉਰਫ਼ ਬੰਦਾ ਸਿੰਘ ਬਹਾਦਰ ਬਣਾ ਕੇ ਜ਼ਾਲਮਾਂ ਦੇ ਸੰਘਾਰ ਲਈ ਪੰਜਾਬ ਭੇਜਿਆ ਤੇ ਗੁਰੂ ਮਾਰੀ ਸਰਹਿੰਦ ਤੋਂ ਫ਼ਤਹਿਗੜ੍ਹ ਸਾਹਿਬ ਸਿਰਜੇ ਗਏ। ਅਬਦਾਲੀਆਂ ਤੇ ਮੱਸੇ ਰੰਘੜਾਂ ਦੀਆਂ ਕਾਲੀਆਂ ਕਰਤੂਤਾਂ ਨੂੰ ਮੇਟਣ ਲਈ ਸਿੰਘ ਸੂਰਮੇ ਕਦੇ ਵੀ ਪਿੱਛੇ ਨਹੀਂ ਹਟੇ। ਸ੍ਰੀ ਆਦਿ ਗ੍ਰੰਥ ਦੀ ਸਿਰਜਣਾ ਤੇ ਸਥਾਪਤੀ ਕਾਰਨ ਹੀ ਪੰਜਵੇਂ ਨਾਨਕ ਨੂੰ ਸ਼ਹੀਦ ਕੀਤਾ ਗਿਆ ਅਤੇ ਕਈ ਸੌ ਸਾਲ ਸਿੱਖ ਯੋਧਿਆਂ ਦੇ ਸਿਰਾਂ ਦਾ ਟਕਾ ਟਕਾ ਮੁੱਲ ਪੈਂਦਾ ਰਿਹਾ। ਜਦੋਂ ਮੁਗਲ ਕਾਲ ਵਿਚ ਪੱਤਾ ਪੱਤਾ ਇਨ੍ਹਾਂ ਦਾ ਵੈਰੀ ਰਿਹਾ ਉਦੋਂ ਵੀ ਗੁਰੂ ਦੇ ਦੁਲਾਰਿਆ ਦਾ ਹੌਸਲਾ ਕਦੇ ਨਹੀਂ ਡੋਲਿਆ। ਸ਼ਬਦ-ਗੁਰੂ ਦਾ ਅਦਬ-ਅਦਾਬ, ਸ਼ਾਨ-ਮਾਣ ਅਤੇ ਮਾਣ ਮਰਯਾਦਾ ਸਦੀਆਂ ਉਸੇ ਤਰ੍ਹਾਂ ਬਣੀ ਰਹੀ ਪਰੰਤੂ 1984 ਦਾ 'ਸਾਕਾ ਨੀਲਾ ਤਾਰਾ' ਸਾਡੇ ਆਜ਼ਾਦ ਮੁਲਕ ਵਿਚ (ਜਿਸਦੀ ਖ਼ਾਤਰ ਅਸੀ ਦੋ ਪ੍ਰਤਿਸ਼ਤ ਹੁੰਦਿਆਂ ਵੀ ਅੱਸੀ ਫੀ ਸਦੀ ਕੁਰਬਾਨੀਆਂ ਦਿੱਤੀਆਂ ਸਨ) ਸਾਡੇ ਮੱਕੇ (ਸ੍ਰੀ ਹਰਿਮੰਦਰ ਸਾਹਿਬ ਸਮੂਹ) 'ਤੇ ਇਕ ਅਜਿਹਾ ਯੋਜਨਾਬੱਧ ਹਮਲਾ ਸੀ ਜਿਸਨੇ ਸਿੱਖ ਕੌਮ ਨੂੰ ਧੁਰ ਅੰਦਰ ਤੱਕ ਝੰਜੋੜ ਦਿੱਤਾ। ਤੋਪਾਂ, ਟੈਂਕਾਂ, ਗਰਨੇਡਾਂ, ਫ਼ੌਜੀ ਕਮਾਂਡਰਾਂ



ਅਤੇ ਖ਼ਤਰਨਾਕ ਤੋਂ ਖ਼ਤਰਨਾਕ ਹਥਿਆਰਾਂ ਨਾਲ ਸਾਡੇ ਸਭ ਤੋਂ ਪਾਕੀਜ਼ ਸਥਾਨ 'ਤੇ ਕੀਤੇ ਗਏ ਇਸ ਭਿਆਨਕ ਹਮਲੇ ਨੇ ਬਾਹਰਲੀ ਸਾਰੀ ਦੁਨੀਆ ਨੂੰ ਵੀ ਹੈਰਾਨ ਕਰ ਦਿੱਤਾ। ਕਰਨ ਵਾਲਿਆਂ ਨੇ ਦਰਅਸਲ ਆਪਣੀ ਮੌਤ ਦੇ ਵਾਰੰਟਾਂ 'ਤੇ ਦਸਤਖ਼ਤ ਕਰ ਦਿੱਤੇ ਸਨ ਕਿਉਂਕਿ 'ਨੂਰ ਦੇ ਘਰ' (ਹਰਿਮੰਦਰ) ਤੇ ਚੜ੍ਹ ਕੇ ਆਈਆਂ ਫ਼ੌਜਾਂ ਕੀ ਇਸੇ ਦੇਸ਼ ਦੀਆਂ ਸਨ ਜਿਸ ਲਈ ਅਸੀਂ ਸਭ ਕੁਝ ਕੁਰਬਾਨ ਕਰਦੇ ਆਏ ਸਾਂ? ਡਾ. ਹਰਿਭਜਨ ਸਿੰਘ ਨੇ ਉਦੋਂ ਕਿੰਨੇ ਦੁਖਦਾਈ ਵੇਗ ਵਿਚ ਇਹ ਕਵਿਤਾ ਲਿਖੀ:-

**ਫ਼ੌਜਾਂ ਕੌਣ ਦੇਸ਼ ਤੋਂ ਆਈਆਂ?**

ਅਕਸ਼ਰਧਾਮ ਮੰਦਰ 'ਤੇ ਅਤਿਵਾਦੀ ਹਮਲਾ ਹੋਇਆ ਸੀ ਤਾਂ ਮੰਦਰ ਨੂੰ ਵਾਲ ਜਿੰਨੀ ਖਰੋਚ ਨਹੀਂ ਸੀ ਆਉਣ ਦਿੱਤੀ ਤੇ ਕਸ਼ਮੀਰ ਦੀਆਂ ਮਸਜਿਦਾਂ ਤੇ ਅਨੇਕ ਵਾਰ ਹਮਲੇ ਹੋਏ ਹਨ, ਕਦੇ ਇਮਾਰਤਾਂ ਦੀ ਸਾੜ-ਫੂਕ ਨਹੀਂ ਕੀਤੀ ਗਈ ਪਰੰਤੂ ਸਿੱਖੀ ਦੇ ਕੇਂਦਰ 'ਤੇ ਇਹ ਸਸ਼ਕਤ ਫ਼ੌਜੀ ਹਮਲਾ ਕਿਸੇ ਬੰਦੇ ਨੂੰ ਨਿਸ਼ਾਨਾ ਬਣਾਉਣ ਦੀ ਬਜਾਇ ਸਿੱਧਾ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਦੇ ਲਾਸਾਨੀ ਧਰਮ ਨੂੰ ਮੇਟਣ ਦੀ ਯੋਜਨਾ ਦਾ ਹਿੱਸਾ ਸੀ ਜਿਹੜਾ ਬਦਲੀ ਹੋਈ ਹਕੂਮਤ ਨੇ ਹੋਰ ਵੀ ਵੱਡੀ ਪੱਧਰ 'ਤੇ ਖ਼ਤਮ ਕਰਨ ਲਈ ਕਮਰਕੱਸੇ ਕੀਤੇ ਹੋਏ ਹਨ। ਅਡਵਾਨੀ ਵਰਗਿਆਂ ਦਾ ਇੰਦਰਾ ਗਾਂਧੀ ਨੂੰ 'ਦੁਰਗਾ' ਕਹਿ ਕੇ ਸ਼ਾਬਾਸੀ ਦੇਣੀ ਅਤੇ ਸ੍ਰੀ ਦਰਬਾਰ ਸਾਹਿਬ ਸਮੂਹ 'ਤੇ ਹਮਲੇ ਨੂੰ ਜਾਇਜ਼ ਠਹਿਰਾਉਣਾ (ਸਵੈ ਜੀਵਨੀ ਵਿਚ) ਇਨ੍ਹਾਂ ਦੀ ਖੋਟੀ ਨੀਅਤ ਦਾ ਜਾਹਰਾ ਪ੍ਰਗਟਾਵਾ ਹੈ। ਚੌਂਤੀ ਸਾਲ ਬੀਤ ਜਾਣ 'ਤੇ ਵੀ ਗੁੰਡਾ ਅਨਸਰ, ਸ਼ਾਤਰ ਅਪਰਾਧੀ ਤੇ ਬਾਰਸੂਖ ਦੁੰਬ ਚੁੱਕ ਦਨਦਨਾਉਂਦੇ ਫਿਰਦੇ ਹਨ ਅਤੇ ਅਭਾਗਣ ਵਿਧਵਾਵਾਂ ਇਨ੍ਹਾਂ ਦਾ ਸਿਆਪਾ ਕਰਨ ਤੋਂ ਇਲਾਵਾ ਕੁਝ ਹੋਰ ਕਰ ਸਕਣੋਂ ਅਸਮਰੱਥ ਹਨ ਕਿਉਂਕਿ ਅਦਾਲਤਾਂ ਸਬੂਤ ਮੰਗਦੀਆਂ ਹਨ ਤੇ ਸਬੂਤ ਲੁੱਚਿਆਂ ਨੇ ਪਹਿਲਾਂ ਹੀ ਮਿਟਾ ਦਿੱਤੇ ਹਨ। ਘੱਟ ਗਿਣਤੀ (2%) ਸਿੱਖ ਕੌਮ ਦੀ ਇੱਥੇ ਕੋਈ ਵੀ ਸੁਣਵਾਈ ਨਹੀਂ ਕਿਉਂਕਿ ਇਸ ਕੌਮ ਦੇ ਲੀਡਰ ਤੇ ਸੰਸਥਾਵਾਂ ਆਪਣੀਆਂ ਕੁਰਸੀਆਂ, ਅਹੁਦਿਆਂ ਅਤੇ ਵੋਟਾਂ ਲਈ ਆਪਣੀ ਜ਼ਮੀਰ ਵੇਚ ਚੁੱਕੇ ਹਨ ਅਤੇ ਦਿੱਲੀ ਦੇ ਹਾਕਮਾਂ ਦੀ ਖ਼ੁਸ਼ਨੂਦੀ ਦੇ ਬਲਬੁੱਤੇ ਸਿੱਖ ਕੌਮ ਨੂੰ ਗੁੰਮਰਾਹ ਹੀ ਨਹੀਂ ਕਰ ਰਹੇ ਸਗੋਂ, ਉਨ੍ਹਾਂ ਦਾ ਘਾਣ ਵੀ ਕਰ ਰਹੇ ਹਨ। ਇਸੇ ਲਈ ਸਾਨੂੰ ਇਨਸਾਫ਼ ਮਿਲਣਾ ਸੰਭਵ ਹੀ ਨਹੀਂ ਰਿਹਾ।

ਬਰਗਾੜੀ ਇਨਸਾਫ਼ ਮੋਰਚਾ ਉਪਰੋਕਤ ਵਿਚਾਰ ਚਰਚਾ ਨਾਲ ਸੌ ਫੀ ਸਦੀ ਸੰਬੰਧਿਤ ਹੈ ਜਿਹੜਾ ਚਾਰ ਮਹੀਨਿਆਂ ਤੋਂ (ਪਹਿਲੀ ਜੂਨ 2018 ਤੋਂ) ਨਿਰੰਤਰ ਚੱਲ ਰਿਹਾ ਹੈ। ਸਾਰਾ ਜ਼ਮਾਨਾ ਸਰਕਾਰੀ ਡਰਾਮੇ ਦੇਖ ਵੀ ਰਿਹਾ ਹੈ ਤੇ ਲਗਦਿਆਂ ਨੂੰ ਗਾਲ੍ਹਾਂ ਵੀ ਕੱਢ ਰਿਹਾ ਹੈ। ਜਾਗਦੀ ਜ਼ਮੀਰ ਵਾਲਾ ਹਰੇਕ ਸਖ਼ਸ਼ ਮਹਿਸੂਸ ਕਰ ਰਿਹਾ ਹੈ ਕਿ ਤਿੰਨ ਸਾਲ ਤੋਂ ਵੱਧ ਸਮਾਂ ਬੀਤਣ 'ਤੇ ਵੀ ਪੰਜਾਬ ਨੂੰ ਹਰ ਪਖੋਂ ਕੰਗਾਲ ਕਰ ਦੇਣ ਵਾਲਿਆਂ ਨੂੰ ਝਰੀਟ ਤੱਕ ਨਹੀਂ ਆਈ। ਡਾਹਢੇ ਦਾ ਸੱਤੀ ਵੀਹੀਂ ਸੌ ਅਨੁਸਾਰ ਮਿਲੀ ਸਰਕਾਰੀ ਭੁਗਤ ਨਾਲ ਇਨਸਾਫ਼ ਉਡੀਕਦੀ ਸੱਚੀ ਸੁੱਚੀ ਸੰਗਤ 'ਬਿਰਖ' ਬਣਦੀ ਜਾ ਰਹੀ ਹੈ। (ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ- ਸੁਰਜੀਤ ਪਾਤਰ) ਉਨ੍ਹਾਂ ਦੇ ਨੇਤਾਵਾਂ ਦਾ ਸਬਰ ਮੁੱਕਦਾ ਜਾ ਰਿਹਾ ਹੈ। ਲੋਕਾਂ 'ਚ ਜੋਸ਼ ਪੈਦਾ ਹੋ ਰਿਹਾ ਹੈ। ਸੰਤੁਲਿਤ ਸੋਚ ਵਾਲੇ ਬਾਦਲੀਲ ਅਤੇ ਸਿੱਖ ਧਰਮ ਦੇ ਸੱਚੇ ਪੈਰੋਕਾਰ ਬਹੁਤ ਗੁੱਸੇ ਵਿਚ ਹਨ ਕਿਉਂਕਿ ਮਸਲਾ ਲਮਕਾਉਣ ਲਈ ਕਮਿਸ਼ਨ ਦਰ ਕਮਿਸ਼ਨ, ਚਲਾਕੀ ਦਰ ਚਲਾਕੀ ਅਤੇ ਅਵਾਮ ਨੂੰ ਮੂਰਖ ਬਣਾਉਣ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ ਚਾਹੇ ਸਰਕਾਰ ਤੱਕੜੀ ਦੀ ਹੈ ਜਾਂ ਹੱਥ-ਪੰਜੇ ਦੀ। ਤੱਕੜੀ 'ਚ ਕਾਣ ਹੈ ਅਤੇ ਹੱਥ-ਪੰਜੇ ਨੇ ਉਂਞ ਹੀ ਜਨ ਸਾਧਾਰਨ ਦਾ ਜਿਉਣਾ ਦੁੱਭਰ ਕਰ ਛੱਡਿਆ ਹੈ। ਤੀਜੀ ਧਿਰ ਨੂੰ ਦਿੱਲੀ ਦਾ ਪਰਛਾਵਾ ਮਾਰ ਗਿਆ ਹੈ ਜਿਹੜੇ ਮੁੜ ਮੁੜ ਕੇ ਸ਼ਾਤਰ ਬਿੱਲੀਆਂ ਵੱਲ ਹੀ ਝਾਕੀ ਜਾ ਰਹੇ ਹਨ ਅਤੇ ਆਪਣਾ ਦਿਮਾਗ ਵਰਤ ਹੀ ਨਹੀਂ ਰਹੇ। ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਂ 'ਤੇ ਸੌਦੇਬਾਜ਼ੀ ਸੰਭਵ ਹੈ? ਹਾਂ, ਹੈ। ਕੀ ਕੁਰਸੀਆਂ ਬਚਾਉਣ ਲਈ ਆਪਣੇ ਇਸ਼ਟ, ਦੀਨ-ਈਮਾਨ ਅਤੇ ਸਿੱਖ ਰਹਿਤ ਮਰਯਾਦਾ ਨਾਲ ਮਜ਼ਾਕ, ਧੋਖਾ ਤੇ ਦਗਾ ਜਾਇਜ਼ ਹੈ? ਹਰਗਿਜ਼ ਨਹੀਂ। ਕੀ ਜਨਤਾ ਨੂੰ ਬੇਵਕੂਫ਼ ਬਣਾਉਣਾ ਸੰਭਵ ਹੈ? ਹਾਂ ਹੈ, ਅਸੀਂ ਬਣਾਏ ਤਾਂ ਜਾ ਰਹੇ ਹਾਂ। ਚਾਰ ਚੁਫ਼ੇਰੇ ਲੀਡਰਾਂ ਦੀਆਂ ਕਾਲੀਆਂ ਕਰਤੂਤਾਂ, ਧੋਖਾਧੜੀ, ਸ਼ਾਤਰਤਾ, ਮੱਕਾਰੀ ਅਤੇ ਹੰਦਾਰ ਦੇਖ ਕੇ ਤ੍ਰਾਹ ਨਿਕਲ ਰਿਹਾ ਹੈ ਤੇ ਵਾਰ ਵਾਰ ਇਕੋ ਟੀਸ ਨਿਕਲਦੀ ਹੈ ਐ ਪੰਜਾਬ! ਤੇਰਾ ਕੋਈ ਨਾ ਬੇਲੀ ਰਾਮ! ਪੰਜਾਬ ਨੂੰ ਤਾਂ ਪਾਸੇ ਰੱਖ ਦਿਓ, ਜ਼ਮਾਨੇਭਰ ਦੇ ਬੇਮਿਸਾਲ ਧਰਮ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵੀ ਕੋਈ ਖ਼ਿਆਲ, ਭੈਅ, ਸਤਿਕਾਰ, ਪਿਆਰ ਅਤੇ ਵਿਚਾਰ ਬਾਕੀ ਨਹੀਂ ਬਚਿਆ।

ਪੰਜਾਬੀ ਅੱਜ ਚੌਰਾਹੇ 'ਤੇ ਹਨ। ਪੰਜਾਬੀ ਅੱਜ ਨੇਤਾ ਰਹਿਤ ਹਨ। ਪੰਜਾਬੀ ਅੱਜ ਦਰਵੇਸ਼ ਸਿਆਸਤਦਾਨਾਂ ਤੋਂ ਵੰਚਿਤ ਹੋ ਗਏ ਹਨ। ਪੰਜਾਬੀ ਅੱਜ ਲੁਟੇਰਿਆਂ ਦੇ ਹੱਥਾਂ ਵਿਚ ਹਨ। ਇਕ ਮੁੱਠ ਹੁੰਦੇ ਤਾਂ ਚੁੱਪ ਚੁਪੀ ਤੇ ਚੰਡੀਗੜ੍ਹ, ਜਿਹੜੀ 328 ਪੰਜਾਬੀ ਪਿੰਡਾਂ ਨੂੰ ਉਜਾੜ ਕੇ ਬਣਾਈ ਗਈ ਰਾਜਧਾਨੀ ਸੀ, ਇਸ ਤੋਂ ਕਦੇ ਨਾਂ ਖੁੱਸਦੀ। ਹੁਣ ਤਾਂ ਨੋਟੀਫਿਕੇਸ਼ਨ ਵੀ ਪਹੁੰਚ ਗਿਆ ਹੈ ਕਿ ਇਹ ਕੇਂਦਰ ਸ਼ਾਸਤ ਇਲਾਕਾ (ਯੂਨੀਅਨ ਟੈਰੀਟਰੀ) ਹੋਵੇਗਾ। ਜਿਥੋਂ ਮਾਂ-ਬੋਲੀ ਪੰਜਾਬੀ ਨੂੰ ਗਲ ਘੁੱਟ ਕੇ ਪਹਿਲਾਂ ਹੀ ਕਤਲ ਕਰ ਦਿੱਤਾ ਗਿਆ ਸੀ ਤੇ ਹੁਣ ਰਹਿੰਦੀ ਖੂੰਹਦੀ ਉਮੀਦ ਵੀ ਮੁਕਾ ਦਿੱਤੀ ਗਈ ਹੈ। ਇਸ ਨੋਟੀਫਿਕੇਸ਼ਨ ਉਪਰੰਤ। ਫਿਰ ਕਹਿੰਦੇ ਰੈਫਰੈਂਡਮ ਦਾ ਨਾਂ ਕਿਉਂ ਲੈਂਦੇ ਹੋ? ਵੱਖਵਾਦ ਦੀਆਂ ਗੱਲਾ ਕਿਉਂ ਕਰਦੇ ਹੋ? ਜਦੋਂ ਪੰਜਾਬ ਦਾ ਇਸ਼ਟ ਤੱਕ ਰੋਲ ਦਿੱਤਾ ਜਾਵੇ, ਇਸਨੂੰ ਘਸਿਆਰਾ ਬਣਾ ਦਿੱਤਾ ਜਾਵੇ, ਸੋਚੀ ਸਮਝੀ ਮਾਰੂ ਸਕੀਮ ਨਾਲ ਨੌਕਰੀਆਂ, ਰੁਜ਼ਗਾਰ, ਵਪਾਰ, ਕਿੱਤੇ ਤੇ ਉਦਯੋਗ ਸਭ ਕੁਝ ਪੰਜਾਬ ਤੋਂ ਖੋਹ ਲਿਆ ਜਾਵੇ ਤਾਂ ਆਖ਼ਰੀ ਵਾਰ ਇਹਦੀ ਜਵਾਨੀ ਵੀ ਸਾਰੀ ਖੋਹ ਲਈ ਗਈ। ਲੱਖਾਂ ਨੌਜਵਾਨ ਜਹਾਜੀਂ ਜਾ ਚੜ੍ਹਿਆ ਹੈ ਰੌਸ਼ਨ ਭਵਿੱਖ ਦੀ ਭਾਲ ਤੇ ਲਾਲਸਾ ਵਿਚ। ਵਿਦੇਸ਼ਾਂ ਦੀ ਚਾਂਦੀ ਹੈ ਜਿੱਥੇ ਢਾਈ ਢਾਈ ਹਜ਼ਾਰ ਕਰੋੜ ਫ਼ੀਸਾਂ ਪੁੱਜ ਰਹੀਆਂ ਹਨ ਤੇ ਪੰਜਾਬੀ ਬਜ਼ੁਰਗ ਫਰੀਜ਼ਰਾਂ ਵਿਚ ਮਰੇ ਪਏ ਪ੍ਰਵਾਸੀ ਪੁੱਤਰਾਂ ਦੇ ਮੋਢੇ ਉਡੀਕ ਰਹੇ ਹਨ।

ਲਹੂ ਭਿਜੀ ਧਰਤੀ ਬਰਗਾੜੀ ਅਸੀਂ ਆਪਣਾ ਈਮਾਨ ਸਮਝ ਕੇ ਗਏ। 108 ਦਿਨਾਂ ਤੋਂ ਚੱਲ ਰਹੇ 'ਬਰਗਾੜੀ ਇਨਸਾਫ਼ ਮੋਰਚੇ' ਤੇ ਸੰਚਾਲਕਾਂ ਨੂੰ ਅਸੀਂ 16 ਸਤੰਬਰ ਨੂੰ ਆਪਣੀ ਸਮਾਜ ਤੇ ਧਰਮ ਸੇਵੀ ਸੰਸਥਾ ਮਾਈ ਭਾਗੋ ਬ੍ਰਿਗੇਡ ਵਲੋਂ ਭਰਵਾਂ ਸਹਿਯੋਗ ਦੇਣ ਲਈ ਪੁੱਜੇ ਸਾਂ ਕਿਉਂਕਿ ਸਿੱਖ ਸਮਾਜ ਵਿਚ ਜਿਵੇਂ ਦੋਵਾਂ ਘੱਲੂਘਾਰਿਆਂ ਤੇ ਸ੍ਰੀ ਨਨਕਾਣਾ ਸਾਹਿਬ ਤੇ ਜੈਤੋ ਦੇ ਮੋਰਚਿਆਂ ਪ੍ਰਤਿ ਸ਼ਰਧਾ, ਸਤਿਕਾਰ ਤੇ ਉਬਾਲ ਹੈ ਉਸੇ ਤਰਾਂ ਦਾ ਜੋਸ਼ ਅਤੇ ਅਦਬ ਬਰਗਾੜੀ ਮੋਰਚੇ ਲਈ ਵੀ ਹੈ। ਸਾਡੇ ਘੜੰਮ ਚੌਧਰੀਆਂ ਦੀ ਸਿਤਮਜ਼ਰੀਫ਼ੀ ਜਾਣੋਂ ਕਿ ਉਸੇ ਦਿਨ ਫ਼ਰੀਦਕੋਟ ਵਿਖੇ ਕੀਤੀ ਜਾਣ ਵਾਲੀ ਰੈਲੀ ਲਈ ਹਾਈਕੋਰਟ ਨੇ ਸਾਡਾ ਰਾਹ ਹੀ ਬੰਦ ਕਰ ਦਿੱਤਾ ਭਾਵ ਪਟਿਆਲਾ ਤੋਂ ਬਰਨਾਲਾ ਅਤੇ ਬਰਨਾਲੇ ਤੋਂ ਬਾਜਾਖਾਨਾ ਸੜਕ ਸੰਗਤ ਲਈ ਰੋਕਾਂ ਲਾ ਕੇ ਬੰਦ ਕਰ ਦਿੱਤੀ ਗਈ ਤਾਂ ਜੋ ਬਾਦਲਾਂ ਦੀ ਜੈ ਜੈ ਕਾਰ ਹੋਰ ਸੁਹਣੇ ਤਰੀਕੇ ਨਾਲ ਆਯੋਜਿਤ ਕੀਤੀ ਜਾ ਸਕੇ ਅਤੇ ਬਰਗਾੜੀ ਮੋਰਚੇ 'ਚ ਪੁੱਜਣ ਵਾਲੀਆਂ ਸੰਗਤਾਂ ਨੂੰ ਹੈਰਾਨ-ਪਰੇਸ਼ਾਨ ਤੇ ਜ਼ਲੀਲ ਕੀਤਾ ਜਾ ਸਕੇ। ਖੈਰ! ਗੁਰੂ-ਬਖ਼ਸ਼ਿਸ਼ ਅਤੇ ਗੁਰੂ-ਪਿਆਰਿਆਂ ਦੀ ਅਗਵਾਈ ਵਿਚ 30-40 ਕਿਲੋਮੀਟਰ ਵੱਧ ਸਫ਼ਰ ਕਰਕੇ ਬਰਗਾੜੀ ਜਾ ਪੁੱਜੇ। ਪ੍ਰਬੰਧਕ ਵੀਰਾਂ, ਆਯੋਜਕ ਸੱਜਣਾਂ ਅਤੇ ਧੀਰਜਵਾਨ ਸੰਤਾ ਦਾ ਸਬਰ ਸੰਤੋਖ ਅਤੇ ਸਿਦਕ ਸੱਚਮੁੱਚ ਕਾਬਲੇ-ਜ਼ਿਕਰ ਹੈ ਜਿਹੜੇ ਹਰ ਤੱਤੇ ਠੰਢੇ ਵਿਚ ਸ਼ਾਂਤੀ ਅਤੇ ਅਹਿੰਸਾ ਦਾ ਸੁਨੇਹਾ ਦੇ ਰਹੇ ਹਨ।

ਸੰਗਤੀ ਇਕੱਠ!! ਬੱਲੇ ਬੱਲੇ! ਜਿਵੇਂ ਸਾਰਾ ਪੰਜਾਬ ਹੀ ਬਰਗਾੜੀ ਦੀ ਅਨਾਜ ਮੰਡੀ ਵਿਚ ਆ ਸਿਮਟਿਆ ਹੋਵੇ। ਕੜਾਕੇ ਦੀ ਧੁੱਪ ਪਰੰਤੂ ਹਰ ਔਖ ਸੌਖ ਤੋਂ ਬੇਨਿਆਜ ਸ਼ਰਧਾਲੂ ਸਟੇਜ 'ਤੇ ਚੱਲ ਰਹੇ ਕੀਰਤਨ, ਕਥਾ ਪ੍ਰਵਾਹ ਤੇ ਵਿਚਾਰ-ਚਰਚਾ ਆਦਿ ਨੂੰ ਸਿਰ ਸੁੱਟਕੇ ਸੁਣਦੇ ਤੇ ਬਾਬਿਆਂ ਨੂੰ ਨਮਸ਼ਕਾਰ ਕਰਕੇ ਜਿੱਥੇ ਥਾਂ ਲੱਭਦੀ ਜਾ ਬਿਰਾਜਦੇ। ਸ੍ਰ. ਬੀਰ ਦਵਿੰਦਰ ਸਿੰਘ ਸਾਡੇ ਬੈਠਿਆਂ ਹੀ ਪੁੱਜ ਗਏ ਸਨ ਅਤੇ ਉਨ੍ਹਾਂ ਦਾ ਅਨੁਮਾਨ ਸੀ ਕਿ ਸੰਗਤ ਦੀ ਗਿਣਤੀ ਚਾਲੀ ਹਜ਼ਾਰ ਤੋਂ ਉੱਪਰ ਸੀ। ਦੋ ਤਿਨ ਸਟੇਜ ਸਕੱਤਰ ਆਉਣ ਵਾਲੀਆਂ ਸੰਗਤਾਂ ਦੇ ਮੁਖੀਆਂ, ਮੁਹਤਬਰਾਂ, ਦਾਨੀਆਂ, ਲੰਗਰ ਪ੍ਰਬੰਧਕਾਂ ਤੇ ਵਿਸ਼ੇਸ਼ ਬੁਲਾਰਿਆਂ ਦਾ ਖ਼ਾਸ ਜ਼ਿਕਰ ਕਰ ਰਹੇ ਸਨ। ਕਹਿਰਾਂ ਦੀ ਭੀੜ! ਲੋਹੜੇ ਦੀ ਸੰਗਤੀ ਆਮਦ!! ਲੰਗਰ ਲਿਆਉਣ ਵਾਲਿਆਂ ਦਾ ਵੀ ਕੋਈ ਅੰਤ ਸ਼ੁਮਾਰ ਨਹੀਂ ਸੀ। ਮੇਰੀਆਂ ਸ਼ਹਿਰੀ ਸਾਥਣਾਂ ਵਾਰ ਵਾਰ ਇਕੋ ਗੱਲ ਕਹਿ ਰਹੀਆਂ ਸਨ ਕਿ ਧੰਨ ਨੇ ਪਿੰਡ ਤੇ ਧੰਨ ਨੇ ਪਿੰਡਾਂ ਵਿਚ ਰਹਿਣ ਵਾਲੇ ਫਰਿਸ਼ਤੇ ਜਿਹੜੇ ਟਰਾਲੀਆਂ ਭਰ ਭਰ ਕੇ ਅੰਨ ਤੇ ਲੰਗਰ ਭੇਜ ਰਹੇ ਸਨ। ਧੰਨ ਹਨ ਉਹ ਮਾਤਾਵਾਂ ਤੇ ਭੈਣਾਂ ਜਿਹੜੀਆਂ ਹਜ਼ਾਰਾਂ ਸੰਗਤਾਂ ਦਾ ਢਿੱਡ ਭਰਨ ਲਈ ਮੀਂਹ-ਕਣੀ ਤੇ ਗਰਮੀ ਦੀ ਵੀ ਪ੍ਰਵਾਹ ਨਹੀਂ ਕਰ ਰਹੀਆਂ। ਚਾਰ ਚੁਫੇਰੇ ਨੀਲੀਆਂ ਤੇ ਕੇਸਰੀ ਦਸਤਾਰਾਂ ਦਾ ਠਾਠਾਂ ਮਾਰਦਾ ਪ੍ਰਵਾਹ ਸੀ। ਆਪਣੇ ਇਸ਼ਟ ਦੀ ਸ਼ਾਨ ਵਿਚ ਬੋਲਣ ਵਾਲਿਆਂ ਨੂੰ ਸੰਗਤ ਜੈਕਾਰੇ ਮਾਰ ਮਾਰਕੇ ਉਤਸ਼ਾਹਿਤ ਕਰ ਰਹੀ ਸੀ ਅਤੇ ਫਰੀਦਕੋਟ ਵਿਖੇ 'ਪੋਲ ਖੋਲ੍ਹ ਰੈਲੀ' ਦੇ ਆਯੋਜਕਾਂ ਨੂੰ ਰੱਜ ਰੱਜ ਕੇ ਨਿੰਦ ਰਹੀ ਸੀ।

ਵਾਕਈ ਅਜੋਕੀ ਸਿਆਸਤ ਕਿੰਨੇ ਘਟੀਆ ਪੱਧਰ 'ਤੇ ਪੁੱਜ ਚੁੱਕੀ ਹੈ। ਕੁਰਸੀ ਦਾ ਨਸ਼ਾ ਕਿਵੇਂ ਰਾਜਨੀਤਕ ਲੋਕਾਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਹੈ। ਕਿਵੇਂ ਸਾਡੇ ਹਾਕਮਾਂ ਨੇ ਸਾਲਾਂ ਦੇ ਸਾਲ, ਦੋ ਸੌ ਤੋਂ ਵੱਧ ਬੇਅਦਬੀਆਂ ਹੁੰਦੀਆਂ ਤੱਕੀਆਂ। ਦੋਸ਼ੀਆਂ ਨੂੰ ਬਚਾਇਆ। ਬੇਦੋਸ਼ਿਆਂ ਨੂੰ ਗੋਲੀਆਂ ਨਾਲ ਫੁੰਡਿਆ ਅਤੇ ਹੁਣ ਆਪਣੇ ਆਪ ਨੂੰ ਪਾਕਿ-ਦਾਮਨ ਸਿੱਧ ਕਰਨ ਲਈ ਮੌਜੂਦਾ ਸਰਕਾਰ ਨਾਲ ਦੋਸਤਾਨਾ ਮੈਚ (ਰੈਲੀਆਂ ਕਰ ਕੇ) ਵੀ ਖੇਡ ਰਹੇ ਹਨ। 2007 ਤੋਂ ਦਸਮੇਸ਼ ਪਿਤਾ ਦਾ ਸਵਾਂਗ ਰਚਾ ਕੇ, ਸੱਤ ਸਿਤਾਰੇ ਸਾਜ ਕੇ, ਜਾਮ-ਏ-ਇਸਾਂ ਦਾ ਪਾਖੰਡ ਕਰਕੇ ਗੁਰੂ ਪਾਤਿਸ਼ਾਹੀਆਂ ਦੀ ਕੀਤੀ ਕਰਨੀ ਨੂੰ ਖੂਹ ਵਿਚ ਪਾਉਣ ਦੀ ਹਿਮਾਕਤ ਕਰਨ ਵਾਲਾ ਗੁੰਡਾ ਸਾਧ ਆਪਣੀਆਂ ਕਾਲੀਆਂ ਕਰਤੂਤਾਂ ਕਰਕੇ ਕਾਨੂੰਨਨ ਅੱਜ ਸਲਾਖ਼ਾਂ ਦੇ ਪਿੱਛੇ ਬੰਦ ਹੈ ਪਰੰਤੂ ਵਿਧਾਨ ਸਭਾ ਦੀਆਂ ਚੋਣਾਂ ਜਿੱਤਣ ਦੀ ਲਾਲਸਾ ਕਾਰਨ 2015 ਵਿਚ ਜਿਵੇਂ ਵਕਤ ਦੀ ਸਰਕਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਐਲਾਨੇ ਹੁਕਮਨਾਮੇਂ ਨੂੰ ਅੰਦਰਖ਼ਾਤੇ ਮੁੜਵਾ ਕੇ ਝੂਠੇ ਸੌਦੇ ਵਾਲੇ ਸਾਧ ਨਾਲ ਸੌਦੇਬਾਜ਼ੀ ਕੀਤੀ ਤਾਂ ਹਰੇਕ ਨਾਨਕ ਨਾਮ ਲੇਵਾ ਪੰਜਾਬੀ (ਹਿੰਦੂ, ਮੁਸਲਿਮ ਤੇ ਹੋਰ ਸ਼੍ਰੇਣੀਆਂ ਸਮੇਤ) ਵਿਰੋਧ, ਗੁੱਸੇ ਤੇ ਦੁੱਖ ਵਿਚ ਸੜਕਾਂ 'ਤੇ ਆਣ ਪਹੁੰਚਿਆ ਸੀ। ਇਸੇ ਵਿਚੋਂ ਉਪਜਿਆ ਸੀ ਬਰਗਾੜੀ ਤੇ ਬਹਿਬਲ ਕਲਾਂ ਕਾਂਡ! ਜਿਸਨੇ ਜਾਗਦੀ ਜ਼ਮੀਰ ਵਾਲੇ ਹਰ ਇਨਸਾਨ ਨੂੰ ਬਿਹਬਲ ਕੀਤਾ ਹੋਇਆ ਹੈ ਕਿਉਂਕਿ 'ਪੋਥੀ ਪਰਮੇਸ਼ਰ ਕਾ ਥਾਨ ਹੈ' ਅਤੇ 'ਵਾਹੁ ਵਾਹੁ ਬਾਣੀ ਨਿਰੰਕਾਰ ਹੈ'। ਇਸਨੂੰ ਚੋਰੀ ਕਰਕੇ ਗੰਦੀਆਂ ਨਾਲੀਆਂ, ਚੌਰਾਹਿਆਂ ਅਤੇ ਸੜਕਾਂ 'ਤੇ ਰੋਲਣ ਵਾਲੇ ਕੀ ਨਿਰੰਕਾਰ ਦੀ ਸਜ਼ਾ ਤੋਂ ਬਚ ਸਕਣਗੇ? ਇੱਥੇ ਲੋਕ ਵਿਚ, ਹੋਛੇ, ਘਟੀਆ ਤੇ ਬੇਕਾਨੂੰਨੇ ਦਾਅ ਪੇਚ ਵਰਤ ਕੇ ਬਚ ਨਿਕਲਣ ਵਾਲੇ 'ਪ੍ਰਲੋਕ ਦੇ ਡੰਡ' ਤੋਂ ਕਤਈ ਵੀ ਛੁੱਟ ਨਹੀਂ ਸਕਦੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜਿਹੇ ਅਜ਼ੀਮ, ਨਾਯਾਬ, ਅਦੁੱਤੀ, ਬੇਜੋੜ, ਬੇਮਿਸਾਲ, ਅਲੌਕਿਕ, ਸਰਬ ਸਾਂਝੇ, ਸਰਬ ਹਿਤਕਾਰੀ ਅਤੇ ਯੁੱਗੋ ਯੁੱਗ ਅਟੱਲ ਧਾਰਮਿਕ ਗ੍ਰੰਥ ਦੀ ਬੇਅਦਬੀ, ਬੇਹੁਰਮਤੀ ਅਤੇ ਅਣਗੌਲਣਾ ਕਿਸੇ ਵੀ ਵਿਅਕਤੀ ਦਾ ਸਭ ਤੋਂ ਵੱਡਾ ਗੁਨਾਹ ਹੈ ਜਿਸਨੂੰ ਕਤਈ ਵੀ ਮੁਆਫ਼ ਨਹੀਂ ਕੀਤਾ ਜਾ ਸਕਦਾ ਪਰ ਸਾਡੇ ਚਾਪਲੂਸ ਆਗੂ ਚੋਰਾਂ ਯਾਰਾਂ ਨੂੰ ਹੀ ਬਾਦਸ਼ਾਹ ਦਰਵੇਸ਼' ਦੇ ਸੰਬੋਧਨਾਂ ਨਾਲ ਅਸਲ ਬਾਦਸ਼ਾਹ ਦਰਵੇਸ਼ (ਭਾਈ ਨੰਦ ਲਾਲ ਗੋਯਾ ਜੀ ਨੇ ਫ਼ਰਮਾਇਆ ਸੀ: ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ) ਦੇ ਬਰਾਬਰ ਇਹ ਮਤਲਬੀ ਤੇ ਨਖਿੱਧ ਕਿਰਦਾਰ ਵਾਲੇ ਲੋਕ ਮਹਿਸੂਸ ਹੁੰਦੇ ਹਨ। ਵਕਤ ਦੀ ਸਰਕਾਰ ਨਿੱਤ ਨਵੀਨ ਜਾਂਚ ਏਜੰਸੀਆਂ ਦੇ ਗਠਨ ਦੀ ਬਜਾਇ, ਦੋਸੀਆਂ ਤੇ ਅਪਰਾਧੀਆਂ ਨਾਲ ਦੋਸਤਾਨਾ ਮੈਚ ਖੇਡ ਕੇ ਲੋਕਾਂ ਦਾ ਧਿਆਨ ਖਿੰਡਾਉਣ ਤੇ ਭਟਕਾਉਣ ਦੀ ਥਾਂ ਨਿੱਠ ਕੇ ਛੇਤੀ ਤੋਂ ਛੇਤੀ ਨਿਤਾਰਾ ਕਰੇ ਕਿ ਦੋਸ਼ੀ ਧਿਰਾਂ ਦੀਆਂ ਅਦਾਲਤੀ ਪੇਸ਼ੀਆਂ ਮੌਕੇ ਸਰਕਾਰੀ ਵਕੀਲਾਂ ਤੇ ਅਟਾਰਨੀ ਜਨਰਲ ਨੂੰ ਹੀ ਗੈਰ ਹਾਜ਼ਰ ਕਰਵਾ ਕੇ ਐਕਸ ਪਾਰਟੀ ਫੈਸਲੇ ਕਰਵਾਏ। ਇਤਿਹਾਸ ਅਜਿਹੇ ਹਾਕਮਾਂ ਦਾ ਮੂੰਹ ਕਾਲਾ ਕਰੇਗਾ ਤੇ ਰੱਬੀ ਦਰਗਾਹ ਵਿਚਲਾ ਹਸ਼ਰ ਆਪਾਂ ਤਸੱਵਰ ਕਰ ਸਕਦੇ ਹਾਂ। ਬਿਨਾਂ ਸ਼ੱਕ, ਸੁਪਰੀਮ ਕੋਰਟ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜਾਹਰਾ ਜ਼ਹੂਰ ਗੁਰੂ ਸਵੀਕਾਰਦੀ ਹੈ। ਫਿਰ ਅਸੀਂ ਹੀ ਕਿਉਂ ਇਨਕਾਰੀ ਹਾਂ?





AKSHAYA PĀTRA™
*Unlimited food for education*

SPONSORED BY NAVIKA GROUP


The World's Largest NGO-Run Mid-Day Meal Program Serving A Wholesome Lunch to Over 1.7 Million Children in 14,250 Schools Across 12 States in India.

# LONG ISLAND
## 2018 BENEFIT EVENT

**SUNDAY, OCTOBER 7, 2018 • 6:00PM ONWARDS**

**HILTON LONG ISLAND/HUNTINGTON 598 BROAD HOLLOW ROAD | MELVILLE, NEW YORK 11747-5002**

**KEYNOTE SPEAKER**



**SANJEEV KAPOOR**
*'Khana Khazana' Fame*
*Celebrity, Master Chef*



**VANDANA TILAK**
*CEO*
*TAPF, USA*

**AKSHAYA PATRA AIMS TO SERVE 5 BILLION MEALS BY 2020**

**IT TAKES ONLY $20 TO FEED A CHILD FOR ENTIRE SCHOOL YEAR.**

**FOR MORE INFORMATION**
Kushal Sacheti | 212-391-4426
Ashok Sancheti | 201-927-3151
Dr. Raj Bhayani | 718-249-9383
Beena Kothari | 631-988-1280
Mukund Padmanabhan | 631-704-2776

**FOR SPONSORSHIPS PLEASE CONTACT**
**ANKITA NARULA**
781.454.7247 • ankita@apusa.org

**TO REGISTER**
cvent link TBD

www.foodforeducation.org



# COMMERCIAL MORTGAGE FINANCING

**Financing** **$500,000 to $500 Million**

# RAVI CHOPRA


CEO

STI Consultants

C: 917-705-7708

Ravi@stinewyork.com







**SPECIALIZE IN:**

**-HOTELS**

**-CONSTRUCTION LOANS**

**-GAS STATIONS**

**-OFFICE BUILDINGS**

**-MIX USE PROPERTIES**

**-CHURCH LOAN**

**-HARD MONEY LOAN**

**-APARTMENT BUILDINGS**

**-BUSINESS LINE OF CREDIT**

**ALL KINDS OF COMMERCIAL FINANCING DONE OVER USA**

**Offices:**

**43-39 2nd Floor Main Street, Flushing, NY, 11355**

**508 Humboldt Street, Brooklyn, NY, 11222**

**New Jersey**

**Chicago**

